ਪ੍ਰੀਤ ਲੜੀ

Since 1933
Preet Lari Magazine
The Oldest Punjabi Literary Journal

ਅਕਤੂਬਰ 2025 ₹50

92 ਵਾਂ ਸਾਲ
ਅੰਕ 10
ਕੁਲ ਅੰਕ
#935

50 ਸਾਲ ਹੋ ਗਏ!

ਜਗਜੀਤ ਕੌਰ (ਸ਼ਿਵਾਂ)

(1895-1975)

ਨਾਰੀ ਸ਼ਕਤੀ ਦਾ ਚਿਨ੍ਹ -''ਮਾਤਾ ਜੀ''- ਨੂੰ ਯਾਦ ਕਰਦੇ ਹਾਂ, ਜਿਨ੍ਹਾਂ ਹਮੇਸ਼ਾ ਗੁਰਬਖ਼ਸ਼ ਸਿੰਘ ਜੀ ਦੇ ਹੋਰ ਪੜ੍ਹਨ, ਤਰੱਕੀ ਕਰਨ, ਸੁਫ਼ਨੇ ਲੈਣ- ''ਪ੍ਰੀਤ ਨਗਰ'', ''ਪ੍ਰੀਤ ਲੜੀ'', ''ਪ੍ਰੀਤ ਸੈਨਿਕ'', ਰਿਹਾਇਸ਼ੀ ਅਤੇ ਕਾਮਯਾਬ ''ਐਕਟਿਵਿਟੀ ਸਕੂਲ'', ''ਸਾਂਝੀ ਰਸੋਈ'', ਆਦਿ, ਬਨਾਉਣ ਦੇ ਸੁਫ਼ਨਿਆਂ ਦੀ ਪੂਰਤੀ ਦਾ ਮੋਢੇ ਨਾਲ ਮੋਢਾ ਜੋੜ ਸਾਥ ਦਿੱਤਾ ਅਤੇ ਨਿਭਾਇਆ। ਇੱਕ ਵਾਰ ਪਤੀ ਨੂੰ ਜਾਨੋਂ ਮਾਰਨ ਆਏ ਨਿਹੰਗਾਂ ਅੱਗੇ ਡਟ ਕੇ ਖਲੋਅ ਗਏ ਸਨ ਕਿ ਮੈਂ ਖੜਕ ਸਿੰਘ ਦੀ 'ਧੀ' ਹਾਂ, ਪਹਿਲਾਂ ਮੈਨੂੰ ਮਾਰੋ ਫੇਰ ਅੰਦਰ ਲੰਘੋ! ਮਾਤਾ ਜੀ ਦੇ ਗੁਜ਼ਰਨ ਬਾਅਦ ਸ੍ਰ ਗੁਰਬਖ਼ਸ਼ ਸਿੰਘ ਦੀ ਖ਼ਾਸ ਬੇਨਤੀ 'ਤੇ ਸ੍ਰ. ਸੋਭਾ ਸਿੰਘ ਆਰਟਿਸਟ (ਨਵੰਬਰ 1901-ਅਗਸਤ 1986) ਵੱਲੋਂ ਬਣਾਈ ਅਤੇ ਉਨ੍ਹਾਂ ਵੱਲੋਂ ਆਪ ਪ੍ਰੀਤਨਗਰ, ਘਰ, ਲਿਆਂਦੀ ਗਈ ਤਸਵੀਰ- ਓਥੇ ਸੁਸ਼ੋਭਤ, ਰੋਜ਼ ਕਲੀਆਂ ਰੱਖੀਆਂ ਜਾਂਦੀਆਂ ਹਨ।

ਇਨ੍ਹਾਂ ਹੜ੍ਹਾਂ ਬਾਰੇ ਅੰਕੜੇ –ਅਤੇ ਹੜ੍ਹਾਂ ਤੋਂ ਵੀ ਵੱਡੇ ਪਾੜਾਂ ਦਾ ਖ਼ਤਰਾ! ਪੂਨਮ ਸਿੰਘ

ਇਸ ਵਾਰ ਦੇ ਏਨੇ ਵੱਡੇ ਹੜ੍ਹਾਂ ਨੇ ਪੰਜਾਬ ਨੂੰ ਸੁੰਨ ਜਿਹਾ ਕਰ ਕੇ ਰੱਖ ਦਿੱਤਾ ਹੈ। ਅਸ਼ਕੇ ਉਨ੍ਹਾਂ ਦੇ ਜਿਹੜੇ ਸਰੀਰਕ ਤੌਰ ’ਤੇ ਆਪ ਪੁੱਜ ਕੇ ਅਤੇ ਜਾਂ ਪੈਸੇ ਨਾਲ, ਸਭ ਤੋਂ ਪਹਿਲਾਂ ਬਹੁੜ ਕੇ ਮਦਦਗਾਰ ਬਣੇ। ਅੰਮ੍ਰਿਤਸਰ ਦੀ ਡੀ ਸੀ ਬੀਬੀ ਸਾਹਨੀ ਦੀ ਖ਼ਾਸ ਤਾਰੀਫ਼ ਹੋਈ ਹੈ ਜੋ ਨਾਰਾਂ ਦਾ ਮਾਣ ਬਣੀ ਹੈ! ਨਾਲ ਹੀ, ਜਿਨ੍ਹਾਂ ਜਿਨ੍ਹਾਂ ਆਪਣੇ ਫ਼ਰਜ਼ ਤੋਂ ਕੁਤਾਹੀ ਕਰ ਕੇ ਹੜ੍ਹਾਂ ਦਾ ਪ੍ਰਕੋਪ ਵਧਾਇਆ, ਉਨ੍ਹਾਂ ਬਾਰੇ ਜਾਣਕਾਰੀ ਚਾਹੁੰਦੇ ਹਾਂ। ਅਤੇ ਸਜ਼ਾ।

ਅੱਜ 24/9/2025 ਨੂੰ ਪੰਜਾਬ ਦੇ ਇੰਡੱਸਟ੍ਰੀ ਅਤੇ ਐਨਆਰਆਈ ਮੰਤਰੀ ਵੱਲੋਂ ਦਿੱਤੇ ਅੰਕੜਿਆਂ ਮੁਤਾਬਕ- 2300 ਪਿੰਡਾਂ ਉੱਤੇ ਅਸਰ ਹੋਇਆ ਹੈ; 20 ਲੱਖ ਲੋਕਾਂ ਉੱਤੇ। 5 ਲੱਖ ਏਕੜ ਦੀ ਫ਼ਸਲ ਖਰਾਬ ਹੋ ਗਈ ਹੈ। 56 ਲੋਕ ਮਰੇ ਹਨ। 7 ਲੱਖ ਬੇ-ਘਰ ਹੋ ਗਏ ਹਨ। 3200 ਸਕੂਲ, 19 ਕਾਲਜ ਖਤਮ ਹੋ ਗਏ ਹਨ ਜਾਂ ਬੁਰੀ ਤਰ੍ਹਾਂ ਨੁਕਸਾਨੇ ਗਏ ਹਨ। 1400 ਮੈਡੀਕਲ ਸਹੂਲਤ ਦੀਆਂ ਥਾਵਾਂ ਨੁਕਸਾਨੀਆਂ ਗਈਆਂ ਹਨ; 8500 ਕਿਲੋਮੀਟਰ ਸੜਕਾਂ; 2500 ਛੋਟੇ-ਵੱਡੇ ਪੁਲ ਖਤਮ ਹਨ। ਇਸ ਸਭ ਲਈ 14000 ਕਰੋੜ ਰੁਪਏ ਨਾਲ ਭਰਪਾਈ ਹੋਣ ਦਾ ਪਹਿਲਾ ਅੰਦਾਜ਼ਾ ਲਾਇਆ ਗਿਆ ਹੈ। 1600 ਕਰੋੜ ਰੁਪਿਆ ਪ੍ਰਧਾਨ ਮੰਤ੍ਰੀ ਵੱਲੋਂ ਮਿਲਿਆ ਹੈ, ਪੰਜਾਬ ਸਰਕਾਰ ਵੀ ਆਪਣਾ ਖਜ਼ਾਨਾ ਵੇਖ ਰਹੀ ਹੈ। ਮੁੱਖ ਮੰਤ੍ਰੀ, ਪੰਜਾਬ, ਦੀ “ਰੰਗਲਾ ਪੰਜਾਬ ਸੁਸਾਇਟੀ” ਵੱਲੋਂ ਇੰਡੱਸਟ੍ਰੀਅਲਿਸਟਾਂ ਨੂੰ, ਐੱਨਆਰਆਈ ਅਤੇ ਪੰਜਾਬ ਅਤੇ ਹੋਰ ਸਭ ਥਾਵਾਂ ਤੋਂ ਮਦਦ ਲਈ ਗੁਹਾਰ ਲਾਈ ਜਾ ਰਹੀ ਹੈ। ਅਜਿਹੀ ਮਦਦ ਨੂੰ ਆਮਦਨ ਟੈਕਸ ਵਗੈਰਾ ਨਹੀਂ ਲੱਗਣਗੇ। ਇਸ ਮੰਤ੍ਰੀ ਵੱਲੋਂ ਆਪਣੀ ਇੱਕ ਟ੍ਰੱਸਟ ਵੱਲੋਂ 50 ਲੱਖ ਦਿੱਤੇ ਜਾ ਰਹੇ ਹਨ ਅਤੇ ਲੁਧਿਆਣੇ ਦੇ ਵੱਡੇ ਕਾਰੋਬਾਰੀਆਂ ਵੱਲੋਂ 1-1 ਕਰੋੜ, 50-50 ਲੱਖ, ਆਦਿ, ਰਕਮਾਂ ਐਲਾਨੀਆਂ ਗਈਆਂ। ਪੰਜਾਬ ਨੂੰ ਫੇਰ ਤੋਂ ਰੰਗਲਾ ਅਤੇ ਬਿਹਤਰ ਬਨਾਉਣ ਦੀ ਪ੍ਰੇਰਣਾ ਦਿੱਤੀ ਗਈ ਹੈ।

ਇਨ੍ਹਾਂ ਹੜ੍ਹਾਂ ਵਿਚ ਜਿੱਥੇ ਦਿਲ ਦਹਿਲਾਉਣ ਵਾਲੇ ਹਾਲ ਦਿਸੇ ਓਥੇ ਅਤਿ ਦੀ ਨਿੱਜੀ ਬਹਾਦਰੀ ਅਤੇ ਭਾਈਚਾਰਕ ਸਾਂਝਾਂ ਵੀ ਦਿਸੀਆਂ, ਜਿਨ੍ਹਾਂ ਨਾਲ ਕਿ ਦਿਲ ਨੂੰ ਢਾਰਸ ਦੇਣ ਵਾਲੀ, ਸਮਾਜ ਵਿਚ ਕਾਇਮ-ਦਾਇਮ ਮਨੁੱਖਤਾ ਦੇ ਦਰਸ਼ਨ ਹੋਏ। ਇੱਥੋਂ ਤੱਕ ਕਿ ਪੰਜਾਬ ਵਿਚ ਕੰਮ ਕਰ ਕੇ ਜੀਵਨੀ ਕਮਾਅ ਰਹੇ ਗ਼ੈਰ ਪੰਜਾਬੀ ਮਜ਼ਦੂਰਾਂ, ਆਦਿ, ਨੇ ਵੀ ਵਧ ਚੜ੍ਹ ਕੇ ਹਿੱਸਾ ਪਾਇਆ ਹੈ। ਅਸੀਂ ਵੀ ਆਪਣੇ ਵੱਲੋਂ ਅਪੀਲ ਕਰਦੇ ਹਾਂ ਕਿ ਸੰਕਟ ਦੇ ਮੂੰਹ ਵਿਚ ਆ ਗਏ ਲੋਕਾਂ ਦੀ ਵੱਧ ਤੋਂ ਵੱਧ ਮਦਦ ਕੀਤੀ ਜਾਏ। (ਭੇਜੀ ਜਾ ਰਹੀ ਮਦਦ ਦੀ ਯੋਗ ਵਰਤੋਂ ਇੱਕ ਬਹੁਤ ਵੱਡੀ ਜ਼ਿੰਮੇਵਾਰੀ ਹੈ।)

ਇੰਡੋਨੇਸ਼ੀਆ, ਜਿੱਥੇ ਅੱਜ 87% ਅਤੇ ਦੁਨੀਆ ਦੀ ਸਭ ਤੋਂ ਵੱਧ ਮੁਸਲਮਾਨ ਅਬਾਦੀ ਹੈ -ਓਥੇ ਈਸਾਈ, ਬੋਧੀ, ਹਿੰਦੂ ਅਤੇ ਕਨਫ਼ੂਸ਼ੀਅਸੀ ਰਿਵਾਜਾਂ ਅਤੇ ਮਨੌਤਾਂ ਲਈ ਵੀ ਪੂਰੀ ਕਦਰ ਹੈ- ਇਸਦੇ ਰਾਸ਼ਟਰਪਤੀ ਦੇ ਯੂਐਨ ਵਿਚ ਹੁਣੇ ਦਿੱਤਾ ਭਾਸ਼ਣ ਚਰਚਾ ਵਿਚ ਹੈ: ਕਿ, ਇਜ਼ਰਾਇਲ ਦੀ ਸੁਰੱਖਿਆ ਕੁੰਜੀ-ਵਾਲਾ ਨੁਕਤਾ ਹੈ, ਸਾਰੀ ਦੁਨੀਆ ਨੂੰ ਦਹਿਸ਼ਤਗਰਦੀ ਤੋਂ ਖਤਰਾ ਹੈ। ਉਹ ਵੀ ਆਪਣੇ 20,000 ਫ਼ੌਜੀ ਅਮਨ ਲਈ ਭੇਜਣ ਨੂੰ ਤਿਆਰ ਹਨ। ਉਨ੍ਹਾਂ ਆਪਣਾ ਭਾਸ਼ਣ “ਅੱਸਲਾਮਵਾਲੇਕਮ” ਤੋਂ ਸ਼ੁਰੂ ਕੀਤਾ ਅਤੇ “ਸ਼ੈਲੋਮ! ...ਓਮ ਸ਼ਾਂਤੀ! ਸ਼ਾਂਤੀ ਸ਼ਾਂਤੀ ਓਮ!” ਨਾਲ ਮੁਕਾਇਆ।

ਅੱਜ ਅਸੀਂ ਉਨ੍ਹਾਂ “ਪਾੜਾਂ” ਬਾਰੇ ਵੀ ਗੱਲ ਕਰਨੀ ਚਾਹੁੰਦੇ ਹਾਂ ਜੋ ਦੇਸ਼-ਦੁਸ਼ਮਣਾਂ ਵੱਲੋਂ ਸਾਡੇ ਸਮਾਜ ਵਿਚ ਜ਼ਬਰਦਸਤੀ ਪਾਏ ਜਾ ਰਹੇ ਹਨ! ਰੌਲ਼ੇ, ਜੋ ਸਮਾਜਕ ਮੀਡੀਏ ’ਤੇ ਹੋ-ਹੱਲਾ ਕਰ ਕਰ ਕੇ ਪੁਆਏ ਜਾ ਰਹੇ ਹਨ। ਸਭ ਤੋਂ ਵੱਡਾ ਰੌਲ਼ਾ ਤਾਂ ਉਹ ਪਾਇਆ ਜਾ ਰਿਹਾ ਹੈ, ਜਿਸ ਬਾਰੇ ਹੁਣੇ ਜਿਹੇ ਆਈ ਇੱਕ ਕਿਸੇ ਚੈਨਲ ਦੀ ਵੀਡੀਓ ਮੁਲਾਕਾਤ ਤੋਂ ਸਾਫ਼-ਸਬੂਤ ਪਤਾ ਲੱਗਾ ਹੈ - ਇੱਕ ਜਣਾ ਹੱਡਬੀਤੀ ਦੱਸ ਰਿਹਾ ਸੀ ਕਿ, “ਸਾਨੂੰ ਕਿਹਾ ਜਾਂਦਾ ਸੀ, ਸਾਨੂੰ ਇਸਦੇ ਬਦਲੇ ਪੈਸਾ ਮਿਲਦਾ ਹੈ ਕਿ ਬੱਸ ਅਸੀਂ ਬੱਸ ਇਹੋ ਰੌਲਾ ਪਾਈ ਜਾਣਾ ਹੈ ਕਿ ਪੰਜਾਬ ਦੇ ਜਿਹੜੇ ਵੀ ਮਸਲੇ ਹਨ- ਅਸਲੀ ਜਾਂ ਘੜੇ ਹੋਏ- ਉਹ ਭਾਰਤ ਵਿਚ ਨਹੀਂ ਖ਼ਾਲਿਸਤਾਨ ਵਿਚ ਹੱਲ ਹੋਣੇ ਹਨ! ਬੱਸ ਇਹੀ ਤੋਤਾ-ਰਟ ਲਾਈ ਜਾਣੀ ਹੈ”।

ਕਿਉਂਕਿ, ਇਸੇ “ਰੌਲ਼ੇ ਜਿਹੇ” ਦੀ ਕੋਈ ਤਿਆਰ ਬਰ ਤਿਆਰ ਨੀਂਹ ਉੱਤੇ, ਦੁਸ਼ਮਣ, “ਵੱਡਾ ਕੁਝ ਕਰਨ ਲਈ” ਜਾਂ ਉਂਝ ਹੀ ਵਾਹਵਾ ਤਰੱਕੀ ਦੇ ਰਾਹ ਪਏ ਦੇਸ਼ ਨੂੰ ਡੋਲਦਾ ਅਤੇ ਪੈਰਾਂ ’ਤੇ ਨਾ ਰਹਿਣ ਦੇਣ ਲਈ, ਜਿੰਨੀ ਲੋੜ ਹੋਈ ਓਨਾ ਰਾਹ ਬਣਾਅ ਲਏਗਾ। ਦੁਸ਼ਮਣ ਦੇਸ਼ਾਂ ਦਾ ਲਾਣਾ?

ਗੱਲ ਸਿਰਫ਼ “ਪੰਜਾਬ ਭਾਰਤ ਨਹੀਂ ਹੈ” ਵਾਲੀ ਥੀਮ ਨੂੰ ਚੱਲਦਾ ਰੱਖਣ ਦੀ ਹੈ। ਅਸਲ ਵਿਚ ਤਾਂ ਇਹ ਅਮਰੀਕਾ-ਕਨੇਡਾ ਵਰਗੇ ਦੇਸ਼ਾਂ ਦੇ ਕੁਝ ਲੁਕੇ ਬੈਠੇ ਰਹਿੰਦੇ ਸੈੱਲ ਹੁੰਦੇ ਹਨ, ਜੋ ਜੂੰਆਂ ਵਾਂਗ ਹਨੇਰੇ ਵਿਚ ਤੁਰ ਪੈਂਦੇ ਹਨ। ਕਿ ਜਦੋਂ ਵੀ ਭਾਰਤ ਨੂੰ ਠੱਲ੍ਹ ਪਾਉਣੀ ਹੋਏ, ਇਸਨੂੰ “ਬੰਗਲਾਦੇਸ਼”, “ਨੇਪਾਲ” ਬਣਾਅ ਸਕਣ ਦੀ ਰਾਹ ਵਿਖਾਈ ਜਾ ਸਕੇ, ਧਮਕੀ ਦਿੱਤੀ ਜਾ ਸਕੇ।

ਗੱਲ ਭਾਵੇਂ ਪ੍ਰਧਾਨ ਮੰਤ੍ਰੀ ਵੱਲੋਂ ਦਿੱਤੀ ਰਕਮ ਦੇ ਵੱਧ-ਘੱਟ ਹੋਣ ਦੀ ਹੋਏ! ....ਭਾਵੇਂ ਸਮਾਜਕ ਮੀਡੀਏ ਉੱਤੇ ਪੰਜਾਬ ਵਿਚ ਵੀ ਵਧ ਰਹੇ ਨੰਗੇਜ਼ ਕਰਕੇ ਹੋਏ ਮੁਟਿਆਰਾਂ ਦੇ ਕਤਲਾਂ ਦੀ- ਜੋ ਉਂਝ ਤਾਂ ਲੋੜ-ਵਿਖਾਉਂਦੇ ਹਜ਼ਾਰਾਂ ਮਰਦਾਂ ਨੂੰ ਵਰਚਾਉਂਦੀਆਂ, ਆਪਣੇ ਲੋੜਵੰਦ ਟੱਬਰ ਲਈ “ਕਮਾਈ” ਕਰਦੀਆਂ ਸਨ ਪਰ - ਮਰਦਾਂ ਨੂੰ ਕੋਈ “ਸਜ਼ਾ” ਨਹੀਂ, ਇਹ ਮਾਰ ਦਿੱਤੀਆਂ ਗਈਆਂ।

ਗੱਲ ਭਾਵੇਂ “ਭੱਈਏ ਭਜਾਉਣ” ਦੀ ਹੋਏ, ਉਹ ਪੂਰਬੀਏ ਜੋ ਕਦੋਂ ਦੇ ਪੰਜਾਬ ਆ ਰਹੇ ਹਨ ਅਤੇ ਸਮਾਜ ਦਾ ਹਿੱਸਾ ਬਣੇ ਹੋਏ, ਉਹ ਸਾਰੇ ਕੰਮ ਕਰਦੇ ਆਏ ਹਨ ਜਿਹੜੇ ਪੰਜਾਬੀ ਕਰ ਕੇ ਖ਼ੁਸ਼ ਨਹੀਂ ਸਨ। ਉਨ੍ਹਾਂ ਦੀ ਮਿਹਨਤ ਅਤੇ ਹਲੀਮੀ ਤੋਂ ਕੁਝ ਸਿੱਖੀਏ ਵੀ। ਬੇਸ਼ੱਕ, ਹੁਣੇ ਕਿਸੇ ਪੂਰਬੀਏ ਵੱਲੋਂ ਬਾਲ ਨਾਲ ਕੀਤੇ ਅਤਿ-ਵਹਿਸ਼ੀ ਕੁਕਰਮ ਦੀ ਸਖ਼ਤ ਨਿੰਦਿਆ ਕਰਦੇ ਹਾਂ- ਨਾਲ ਹੀ ਪੁਲਸ ਤਫ਼ਤੀਸ਼ ਤੋਂ ਬਾਅਦ ਹੀ ਕਾਮੇ ਰੱਖਣ ਦੀ ਤਾਕੀਦ ਕਰਦੇ ਹਾਂ।

ਮੁੱਖ ਸਫ਼ੇ ਦੀ ਤਸਵੀਰ ਬਾਰੇ ਹੋਰ - ਇੰਡੋਨੇਸ਼ੀਆ ਦੇ ਗੀਲੀ ਟਾਪੂ ਦੇ ਕੱਛੂ ਜੋ ਸਮੁੰਦਰ ਵਿਚ ਦਰਸ਼ਕਾਂ ਦੇ ਐਨ ਕੋਲ ਆ ਜਾਂਦੇ ਹਨ। ਇਹ ਸਮੁੰਦਰੀ ਘਾਅ ਚਰਦੇ ਰਹਿੰਦੇ ਹਨ। ਲੋਕਾਂ ਦਾ ਮੰਨਣਾ ਹੈ ਕਿ ਜਦੋਂ ਤੱਕ ਇਹ ਸਮੁੰਦਰ ਕੰਢੇ ਆਪਣੇ ਟਿਕਾਣਿਆਂ ਵਿਚ ਆਉਂਦੇ ਰਹਿਣਗੇ, ਟਾਪੂ ਨੂੰ ਕੋਈ ਖਤਰਾ ਨਹੀਂ ਹੈ। ਪੁਰਾਤਨ ਬੋਧੀ-ਹਿੰਦੂ ਵਿਸ਼ਵਾਸਾਂ ਮੁਤਾਬਕ ਕੱਛੂ ਨੂੰ ਧਰਤੀ ਦੀ ਹੋਂਦ ਨਾਲ ਮੁੱਢ ਤੋਂ ਜੁੜਿਆ ਮੰਨਦੇ ਹਨ। ਕੱਛੂ, ਡਾਇਨਾਸੌਰਾਂ ਤੋਂ ਵੀ ਪਹਿਲੋਂ ਦੇ ਤੁਰੇ ਆ ਰਹੇ ਹਨ! - ਫੋਟੋਗ੍ਰਾਫ਼ਰ ਦਾ ਨੋਟ।

THE OLDEST
LITERARY
PUNJABI MAGAZINE
IN THE WORLD

ਅੰਕ # 10
ਕੁਲ ਅੰਕ 935
ਅਕਤੂਬਰ 2025
ਸਾਲ 92ਵਾਂ

ਬਾਨੀ
ਗੁਰਬਖ਼ਸ਼ ਸਿੰਘ,
ਨਵਤੇਜ ਸਿੰਘ

ਬਾਨੀ ਪ੍ਰਧਾਨ
ਪ੍ਰੀਤਲੜੀ ਟ੍ਰਸਟ
ਪੀ.ਐਚ.ਵੈਸ਼ਨਵ

ਪ੍ਰੀਤ ਲੜੀ ਨੌਜਵਾਨ ਸੰਪਾਦਕ ਸੁਮੀਤ ਸਿੰਘ ਦੀ ਯਾਦ ਵਿਚ ਅਤੇ ਸ੍ਰੀ ਪੀ ਐੱਚ ਵੈਸ਼ਨਵ (IAS) ਮਰਹੂਮ ਦੇ ਅਨੂਠੇ ਉਤਸ਼ਾਹ ਦੇਣ ਸਦਕਾ ਜ਼ਿੰਦਾ ਹੈ।

ਸੰਪਾਦਕਾ
ਪੂਨਮ ਸਿੰਘ
ਸੰਚਾਲਕ
ਰੱਤੀ ਕੰਤ ਸਿੰਘ
Art Direction/
Design
ਸਮੀਆ ਸਿੰਘ
ਰਚਨਾਤਮਕ ਸਹਿਯੋਗ
ਰਤਿਕਾ ਸਿੰਘ

ਛਾਪਕ-ਪ੍ਰਕਾਸ਼ਕ ਰੱਤੀ ਕੰਤ ਸਿੰਘ ਨੇ ਪ੍ਰੀਤ ਲੜੀ ਟ੍ਰਸਟ ਲਈ ਪ੍ਰਿੰਟਵੈਲ, 146 ਫ਼ੋਕਲ ਪੌਇੰਟ ਅਮ੍ਰਿਤਸਰ ਤੋਂ ਛਪਵਾਅ ਪ੍ਰੀਤਨਗਰ ਜ਼ਿਲ੍ਹਾ ਅਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।

PREET LARI IS AN INDEPENDENT, NON-PROFIT PUBLICATION. WE RELY ON THE SUPPORT OF OUR READERS AND PATRONS. TO ENQUIRE ABOUT WAYS YOU CAN COLLABORATE AND SUPPORT PREET LARI, PLEASE CONTACT PREETLARHI@GMAIL.COM

₹ 50	ਮੁੱਲ
₹ 600	ਸਾਲਾਨਾ ਚੰਦਾ
₹ 25,000	ਜੀਵਨ ਸਾਥ (ਭਾਰਤ)
₹ 4,000	ਵਿਦੇਸ਼ ਸਲਾਨਾ
₹ 8,000	ਵਿਦੇਸ਼ ਸੰਸਥਾਵਾਂ ਸਲਾਨਾ

https://preetlari.in
Preet Lari's Blog

@preetlarimagazine on Instagram

facebook.com/groups/preetlari

email: preetlarhi@gmail.com

youtube: @preetlaripreetnagar

PUBLISHED BY:
PREET LARI TRUST
PREET NAGAR,
DISTT. AMRITSAR
PUNJAB 143 109

FOR BANK TRANSFER,
OUR BANK ACCOUNT :
"Preet Lari Trust";
PNB (134810)
6379002100000349
IFSC: PUNB0134810
SWIFT: PUNBINBBAHB
FOR UPI/GOOGLEPAY
9876263725

CONTACT:
PREET LARI,
VILLAGE PREET NAGAR
(DISTT AMRITSAR) PUNJAB,
INDIA 143 109

2. PREET LARI,
81, 10 A,
CHANDIGARH 160 011

PUBLISHER
+91 98762 63725

EDITOR
+9173476 42206

"ਸਰਬੱਤ ਦਾ ਭਲਾ ਚੈਰੀਟੇਬਲ ਟ੍ਰੱਸਟ ਦੁਆਰਾ ਮਿਲੇ ਵਿਤੀ ਸਹਿਯੋਗ ਸਦਕਾ ਪ੍ਰੀਤ ਲੜੀ ਰਸਾਲਾ ਸਾਹਿਤਕ ਜਗਤ ਵਿੱਚ ਹੋਰ ਬੁਲੰਦੀਆਂ ਛੂਹੇਗਾ ਅਤੇ ਸ. ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਜੀ ਦੇ ਸਮੇਂ ਵਾਲੀ ਮਹਿਕ ਨਾਲ ਸਾਹਿਤਕ ਜਗਤ ਮੁੜ ਮਹਿਕ ਉਠੇਗਾ। ਇਹ ਸਾਡਾ ਭਰੋਸਾ ਵੀ ਹੈ ਅਤੇ ਦਾਅਵਾ ਵੀ।"



ਸ੍ਰੀ ਰਾਮ ਅਰਸ਼, ਪੰਜਾਬ ਦੇ ਸਤਿਕਾਰੇ ਬਜ਼ੁਰਗ ਨਾਮਵਰ ਕਵੀ, ਦੇ ਤੁਰ ਜਾਣ ਦਾ ਉਨ੍ਹਾਂ ਦੇ ਪਰਿਵਾਰ ਅਤੇ ਪਾਠਕਾਂ, ਮਿੱਤਰਾਂ ਨਾਲ ਅਫ਼ਸੋਸ ਸਾਂਝਾ ਕਰਦੇ ਹਾਂ- ਪ੍ਰੀਤਲੜੀ।

ਸੰਪਾਦਕਾ, ਪ੍ਰੀਤ ਲੜੀ

ਸ ਸੰਪਾਦਕੀ
ਭ ਭਖਦਾ
ਕਿ ਕਵਿਤਾ
ਨਾ ਨਾਟਕ

ਕ ਕਹਾਣੀ
ਯ ਯਾਦ
ਜ ਜਾਣਕਾਰੀ
ਹ ਹਾਸ ਰਸ

ਦ ਦਾਰ ਜੀ ਨੂੰ ਯਾਦ ਕਰਦਿਆਂ
ਨ ਨਵੀਂ ਕਿਤਾਬ
ਲ ਲੜੀਵਾਰ
ਮੁ ਮੁਲਾਕਾਤ

ਬ ਬਾਲਾਂ ਲਈ
ਹੁੰ ਹੁੰਗਾਰੇ
E English Matter

ਮੁੱਖ ਸਫ਼ਾ: ਇੰਡੋਨੇਸ਼ੀਆ ਤਸਵੀਰ- ਸਮੀਆ ਸਿੰਘ

03 ਸ ਇਨ੍ਹਾਂ ਹੜ੍ਹਾਂ ਬਾਰੇ ਅੰਕੜੇ-ਅਤੇ ਹੜ੍ਹਾਂ ਤੋਂ...... ਪੂਨਮ ਸਿੰਘ
37 ਦ ਤਿੰਨ ਸਿਖਿਆਦਾਇਕ ਸ਼ਖ਼ਸੀਅਤਾਂ-1
– 1925-26 ਗੁਰਬਖ਼ਸ਼ ਸਿੰਘ
06 ਕਿ ਭਾਈ ਜੈਤਾ (ਮਦਨ ਵੀਰਾ); ਡਰ ਗਿਆ ਪਾਣੀ! (ਬਾਲਮ)
29 ਯ ਕਜ਼ਾਕ, ਕਜ਼ਾਕ ਦੇ ਮੂੰਹੋਂ ਸੁਰਜੀਤ ਸਿੰਘ ਜਰਮਨੀ (ਡਾ.)

07 ਕ ਦਿਲ ਦੀਵਾ ਬਾਨੂ ਮੁਸ਼ਤਾਕ
15 ਕ ਚੋਰ – 100ਵਾਂ ਜਨਮ ਦਿਨ ਨਵਤੇਜ ਸਿੰਘ
17 ਕ ਬੇਸ਼ਰਮ (ਹਿੰਦੀ ਤੋਂ) ਡਾ.ਪੂਰਨ ਸਿੰਘ
18 ਕ ਲੋਹੇ ਦੀ ਪੇਟੀ ਅਵਤਾਰ ਸਿੰਘ ਸੰਘਾ

21 ਕ ਐਨਕ ਪਿੱਛੋਂ ਝਾਕਦੀਆਂ ਅੱਖਾਂ ਅਨੀਤਾ ਰਸ਼ਮੀ
24 ਕ ਦੋ ਹੰਝੂ (ਰੂਸੀ ਕਹਾਣੀ) ਈਵਾਨ ਤੁਰਗਨੇਵ
14 ਕਿ ਉਡਾਣ ਪਾਲ ਕੌਰ (ਡਾ.)
26 ਕਿ ਦੀਵਾ ਜੋ ਬਣਿਆ ਮਸ਼ਾਲ- ਪਰਮਿੰਦਰ ਕੌਰ, ਮੁੱਲਾਂਪੁਰ ਦਾਖਾ
ਸੀ ਬਾਬਾ ਨਜਮੀ!

29 ਕਿ ਲਹਿਰਾਂ ਦਾ ਕਾਂਬਾ ਅੰਜਨਾ ਅਨਿਲ
36 ਕਿ ਤੇਰੇ ਖ਼ਿਆਲ.... ਪਰਵਿੰਦਰ ਸਿੰਘ ਕਲਸੀ
44 ਕਿ ਹਰੀ ਪੱਤਝੜ ਅੰਜਨਾ ਮੇਨਨ

25-28 ਨਿੱਕਿਆਂ ਦੀ ਨੁੱਕਰ

13 ਯ ਹੜ੍ਹਾਂ ਅਤੇ ਹੱਦਾਂ ਬਾਰੇ ਕਹਾਣੀਆਂ.. ਤਰਸੇਮ ਬਸ਼ਰ
30 ਯ ਕਾਮਰੇਡ ਬਾਪੂ ਜ਼ਿੰਦਾਬਾਦ ਸੁਰਜੀਤ ਭਗਤ
31 ਜ ਕਸ਼ਮੀਰ ਵਾਦੀ ਵਿੱਚ ਪੰਜਾਬੀ ਬੋਲੀ ਦੀ ਮੌਜੂਦਾ ਹਾਲਤ
ਰਿਪਨਜੋਤ ਕੌਰ ਸੋਨੀ ਬੱਗਾ (ਪ੍ਰਿੰ.)
36 ਯ ਆਪਣੇ ਬੰਦੇ ਰਵਿੰਦਰ ਫਫੜੇ
40 ਜ ਪਾਠ ਪੁਸਤਕ ਦੇ ਪੰਨਿਆਂ ਤੋਂ ਪਰੇ ਅਧਿਆਪਕ ਦੀ ਭੂਮਿਕਾ
ਵਿਜੈ ਗਰਗ

43 ਜ ਡਾ. ਰਾਜਿੰਦਰ ਭਾਰੁਡ (IAS) ਦੇ ਮੂੰਹੋਂ ਪਰਮਜੀਤ ਚੁੰਬਰ
34 ਲ ਉਹ ਜਿਊਂਦੀ ਏ -24 ਅੰਗ੍ਰੇਜ਼ੀ ਕਿਤਾਬ (2018)
(ਇਮਰੋਜ਼ ਨਾਲ ਅੰਮ੍ਰਿਤਾ, ਪਿਆਰ ਬਾਰੇ ਗੱਲਾਂ) ਡਾ. ਉਮਾ ਤ੍ਰਿਲੋਕ
33 ਲ ਰੇਡੀਓ ਦੀਆਂ ਯਾਦਾਂ -20 ਦੇਵਿੰਦਰ ਮਹਿੰਦਰੂ
41 ਜ ਪਾਕਿਸਤਾਨੀ ਜਨਰਲ ਮੁਨੀਰ ਦੇ ਵਾਹਿਯਾਤ ਬਿਆਨ
ਬਲਰਾਜ ਸਿੰਘ ਸਿੱਧੂ, ਆਈਜੀ (ਰਿ.)
45 ਲ ਚਿੱਟਾ ਕਾਂ – ਸੋਫ਼ੀ ਦਾ ਸੰਸਾਰ – ਯੌਸਤੀਨ ਗਾਰਦਰ

47 E As Partition reshaped borders ....erased
patronage sustained classical music in Pakistan
Malini Nair
50 E Poem "Ancestry" by Fred 'aMotte
51 E DISOM- School of Servant Leadership, India

ਭਾਈ ਜੈਤਾ

ਮਦਨ ਵੀਰਾ

ਚਾਂਦਨੀ ਦੇ ਲਹੂ ਭਿੱਜੇ ਚੌਂਕ ਵਿੱਚੋਂ
ਸਤਿਗੁਰਾਂ ਦੇ ਸੀਸ ਵੱਟੇ
ਆਪਣੇ ਪਿਉ ਦਾ ਸੀਸ ਧਰ ਕੇ
ਪਾਤਸ਼ਾਹ ਨੂੰ ਯਾਦ ਕਰ ਕੇ
ਗੁਰੂ ਅੱਗੇ ਫ਼ਰਿਆਦ ਕਰ
ਅਰਦਾਸ ਕਰ ਕੇ
ਜਾਬਰਾਂ ਦੀਆਂ ਚੌਂਕੀਆਂ ਤੇ ਨਾਕਿਆਂ ਨੂੰ
ਲਹੂ ਪੀਣੀ ਸਲਤਨਤ ਦੇ ਰਾਖਿਆਂ ਨੂੰ
ਦੇ ਝਕਾਨੀ
ਬਾਜ਼ ਵਰਗੀ ਨਜ਼ਰ ਤਿੱਖੀ
ਤੇ ਪੈਰਾਂ ਵਿੱਚ
ਅੱਥਰੇ ਦਰਿਆਵਾਂ ਦੇ ਹਾਣ ਦੀ ਰਵਾਨੀ
ਤੁਰ ਪਿਆ ਅਨੰਦਪੁਰ ਨੂੰ।

ਝੋਲੀ ਦੇ ਵਿੱਚ ਸਤਿਗੁਰਾਂ ਦਾ ਸੀਸ ਸੀ
ਸਿਰ ਉੱਤੇ ਹੱਥ ਸੀ ਅਸੀਸ ਸੀ
ਹਿੱਕ ਦੇ ਵਿੱਚ ਖ਼ੌਲ ਰਿਹਾ ਦਰਦ ਸੀ
ਇੱਕ ਲਹਿਰ ਸੀ
ਸੂਲ਼ ਬਣ ਕੇ ਮੌਲ਼ ਰਹੀ
ਨੱਪੀ ਹੋਈ ਪੀੜ ਸੀ ਕਸੀਸ ਸੀ ।
ਪੁੱਜ ਕੇ ਦਸਮੇਸ਼ ਸਾਹਵੇਂ
ਲਾਵੇ ਵਾਂਗਰ ਫੁੱਟਿਆ

ਸਤਿਗੁਰਾਂ ਨੇ ਸ਼ਾਂਤ ਕੀਤਾ ਕਲਾ ਵਰਤੀ
ਬੇਟਾ ਕਹਿ ਹਿੱਕ ਨਾਲ ਲਾਇਆ
ਥਾਪੀ ਦੇ ਕੇ ਘੁੱਟਿਆ
ਜਨਮਾਂ ਦੀ ਮੈਲ਼ ਧੋਤੀ ਪਾਪ ਕੱਟੇ
ਲਹਿ ਗਿਆ ਮੱਥਿਓਂ ਕਲੰਕ ਜਾਤ ਦਾ।

ਨਿਮਾਣਿਆਂ ਨੂੰ ਓਟ ਬਖ਼ਸ਼ੀ
ਨਿਤਾਣਿਆਂ ਨੂੰ ਮਾਣ ਦਿੱਤਾ ਤਾਣ ਦਿੱਤਾ
ਸਿਰ ਚੁੱਕ ਕੇ ਜਿਉਣ ਦਾ ਬਲ ਦਿੱਤਾ
ਸਬੱਬ ਤੇ ਸਨਮਾਨ ਦਿੱਤਾ।

ਸਤਿਗੁਰਾਂ ਨੇ
ਆਪਣੇ ਦਿਲ ਵਾਂਗ ਖੋਲ੍ਹੇ
ਸਾਰੇ ਮਜ਼੍ਹਬਾਂ ਨਸਲਾਂ ਲਈ
ਗੁਰੂ ਘਰ ਦੇ ਦਰ ਚਾਰੇ
ਸੰਗਤ ਤੇ ਪੰਗਤ ਵਿੱਚ ਸੋਭਦੇ ਨੇ
ਰਾਜੇ ਤੇ ਰੰਕ ਸਾਰੇ।

ਜੇ ਅੱਜ ਕੋਈ ਰੰਗਰੇਟੇ ਦੇ ਵਾਰਸਾਂ ਦੀ
ਗੁਰੂ ਦੇ ਦਰਬਾਰ ਖੜ੍ਹ ਕੇ
ਬਾਣੀ ਪੜ੍ਹ ਕੇ ਜਾਤ ਪੁੱਛੇ
ਕੌੜਾ ਬੋਲੇ ਔਕਾਤ ਪੁੱਛੇ
ਤਾਂ ਪੁੱਛਣਾ ਬਣਦਾ ਜਰੂਰੀ
ਪਾਤਸ਼ਾਹ ਦੀ ਹਜ਼ੂਰੀ
ਨਵੇਂ ਬਣੇ ਅੱਜ ਦੇ ਮਸੰਦ ਨੂੰ

ਦੁਸ਼ਟ ਰੂਹ ਪਾਪੀ ਨੂੰ
ਉਸ ਗੰਦ ਨੂੰ
ਕਿ ਸਾਹਿਬਾਂ ਦੇ ਬਚਨਾਂ ਦੀ
ਆਦੇਸ਼ਾਂ ਦੀ ਉਪਦੇਸ਼ਾਂ ਦੀ
ਭਾਈ ਜੇ ਤੈਨੂੰ ਸਾਰ ਨਹੀਂ
ਬਾਣੀ ਦੀ ਸਮਝ ਤੇ ਰਮਜ਼ 'ਤੇ
ਇਤਬਾਰ ਨਹੀਂ
ਹੰਕਾਰੀਆ! ਤੂੰ ਸਿੱਖਿਆ ਕੀ
ਸਿੱਖ ਕਾਹਦਾ?

ਗੁਰੂ ਦੇ ਬੇਟਿਆਂ –
ਸਿੱਖਾਂ ਦੇ ਨਾਲ
ਜੇ ਤੈਨੂੰ ਕੋਈ ਤੇਹ ਨਹੀਂ
ਪਿਆਰ ਨਹੀਂ ……

H. No. 82, Shalimar Nagar, Jodhamal Road, Hoshiarpur 146 001 94176-83769 whatsapp- 94178-26296

ਡਰ ਗਿਆ ਪਾਣੀ!

ਹਜ਼ਾਰਾਂ ਮੀਲ ਦੂਰੀ ਤਕ ਹੈ ਏਦਾਂ ਵਰ੍ਹ ਗਿਆ ਪਾਣੀ।
ਮੈਂ ਕੀ ਦੱਸਾਂ ਕੀ ਨਾ ਦੱਸਾਂ ਤੇ ਕੀ-ਕੀ ਕਰ ਗਿਆ ਪਾਣੀ।
ਸਮਰਪਣ ਪਿਆਰ ਸੇਵਾ ਭਾਵ ਤੇ ਸਤਿਕਾਰ ਏਦਾਂ ਸੀ,
ਮਨੁਖ ਦੇ ਸਬਰ ਤੇ ਸੰਤੋਖ ਕੋਲੋਂ ਡਰ ਗਿਆ ਪਾਣੀ।
ਜਦੋਂ ਕੁਦਰਤ ਨੇ ਅਪਣਾ ਰੂਪ ਦੱਸਿਆ ਕਹਿਰ ਦੇ ਅੰਦਰ,
ਉਮੀਦਾਂ ਦੀ ਬੁਲੰਦੀ ਤੋਂ ਵੀ ਉੱਪਰ ਭਰ ਗਿਆ ਪਾਣੀ।
ਬੜੇ ਹੀ ਜੋਸ਼ ਵਿਚ ਆ ਕੇ ਫ਼ਨਾ ਘਰ-ਬਾਰ ਕਰ ਦਿੱਤੇ,
ਤੇ ਅਪਣੀ ਆਈ ਉਤੇ ਆ ਕੇ ਆਪੇ ਮਰ ਗਿਆ ਪਾਣੀ।
ਸਿਖਾਵੇ ਸਬਕ ਹੱਦਾਂ ਬੰਨਿਆਂ ਦੀ ਰਾਹਨੁਮਾਈ ਨੂੰ,
ਇਧਰ ਵੀ ਭਰ ਗਿਆ ਪਾਣੀ ਉਧਰ ਵੀ ਭਰ ਗਿਆ ਪਾਣੀ।
ਕਿਸੇ ਦੇ ਰਿਸ਼ਤਿਆਂ ਅੰਦਰ ਕਦੀ ਵੀ ਦਖ਼ਲ ਨਾ ਦੇਵੋ,
ਜਨੂੰ ਦੀ ਚਰਮ ਸੀਮਾਂ ਤੋਂ ਵੀ ਉਪਰ ਤਰ ਗਿਆ ਪਾਣੀ।
ਧਰਤ ਦੀ ਹੋਂਦ ਅੱਗੇ ਇਸ ਦੀ ਬਸ ਏਨੀਂ ਕੁ ਜੁੱਅਰਤ ਸੀ,
ਜ਼ਮਾਨਾ ਜਿੱਤ ਕੇ ਆਖ਼ਿਰਕਾਰ ਨੂੰ ਫਿਰ ਹਰ ਗਿਆ ਪਾਣੀ।
ਮਗਰ ਫਿਰ ਵੀ ਜ਼ਮਾਨੇ ਨੂੰ ਬਦਨ 'ਚੋਂ ਰੌਸ਼ਨੀ ਦੇਵੇ,
ਹਜ਼ਾਰਾਂ ਰੋਕਾਂ ਟੋਕਾਂ ਵਿਚ ਮੁਸੀਬਤ ਜਰ ਗਿਆ ਪਾਣੀ।
ਅਨੇਕਾਂ ਡੰਗ ਮਾਰੇ ਨੇ ਕੋਈ ਮਰਿਆ ਕੋਈ ਜਰਿਆ,
ਖੜੱਪੇ ਸੱਪ ਵਾਂਗੂੰ ਸ਼ੂਕਦਾ ਜਿੱਧਰ ਗਿਆ ਪਾਣੀ।
ਧਰਤ ਉਤੇ ਕਈ ਰਾਵਣ ਤੇ ਹਰਨਾਕਸ਼ ਵੀ ਆਏ ਨੇ,
ਹੜ੍ਹਾਂ ਦਾ ਰੂਪ ਲੈ ਕੇ ਫਿਰ ਕੁਪੱਤਾ ਮਰ ਗਿਆ ਪਾਣੀ।
ਜੇ ਅਪਣੇ ਵਾਸ਼ਪਣ ਦੇ ਅਸਰ ਕਰਕੇ ਲੀਨ ਹੋਇਆ ਹੈ,
ਬਣਾਅ ਕੇ ਪਾਣੀਆਂ 'ਚੋਂ ਹੋਂਦ ਅਪਣੇ ਘਰ ਗਿਆ ਪਾਣੀ।
ਵਹਾਊ ਦੀ ਕਦੀ ਅਪਣੀ ਉਹ ਆਦਤ ਬਦਲ ਨਾ ਸਕਿਆ,
ਜਿਧਰ ਤੋਂ ਰੋਕਿਆ ਉਸ ਨੂੰ, ਉਧਰ ਅਕਸਰ ਗਿਆ ਪਾਣੀ।
ਗੁਰੂ ਬਣਿਆ ਪਿਤਾ ਬਣਿਆ ਜਾਂ ਬਣਿਆ ਹੋਂਦ ਜੀਵਨ ਦੀ,
ਹਲੀਮੀ ਸਹਿਜ ਸੰਜਮ ਵਿਚ ਜਿਹਦੇ ਵੀ ਦਰ ਗਿਆ ਪਾਣੀ।
ਕਿਸੇ ਪਾਬੰਦੀ ਦੀ 'ਬਾਲਮ' ਕੋਈ ਮਰਿਆਦਾ ਨਈਂ ਹੁੰਦੀ,
ਤੁੜਾ ਕੇ ਪੈਰਾਂ ਦੀ ਜ਼ੰਜੀਰ ਫਿਰ ਸਰ-ਸਰ ਗਿਆ ਪਾਣੀ।

ਬਲਵਿੰਦਰ ਬਾਲਮ

ਓਂਕਾਰ ਨਗਰ ਗੁਰਦਾਸਪੁਰ ਪੰਜਾਬ 98156-25409

ਦਿਲ ਦੀਵਾ / ਬਾਨੂ ਮੁਸ਼ਤਾਕ

ਅਨੁਵਾਦ: ਪੂਨਮ ਸਿੰਘ

ਮਹਿਰੂਨ ਨੇ ਅੱਧਾ ਬੰਦ ਦਰਵਾਜ਼ਾ ਮਸਾਂ ਅੰਦਰ ਵੱਲ ਨੂੰ ਧੱਕਿਆ ਹੀ ਸੀ, ਅਜੇ ਇੱਕ ਪੈਰ ਹੀ ਅੰਦਰ ਧਰਿਆ ਸੀ, ਕਿ ਉਸਦੇ ਅੱਬਾ, ਜੋ ਬੈਠਕ ਵਿਚ ਦੀਵਾਨ 'ਤੇ ਲੇਟੇ ਸਨ, ਅਤੇ ਉਸਦਾ ਸਭ ਤੋਂ ਵੱਡਾ ਭਰਾ, ਜੋ ਨੀਵੀਂ ਅਵਾਜ਼ ਵਿਚ ਉਨ੍ਹਾਂ ਨਾਲ ਕੋਈ ਗੱਲ ਕਰ ਰਿਹਾ ਸੀ, ਦੋਹਾਂ ਗੱਲ ਬੰਦ ਕਰ ਦਿੱਤੀ ਅਤੇ ਉਸ ਵੱਲ ਤੱਕਿਆ। ਓਦੋਂ ਹੀ ਉਸਦੀ ਭਤੀਜੀ ਰਾਬੀਆ ਅੰਦਰੋਂ ਭੱਜੀ ਭੱਜੀ ਆਈ ਅਤੇ ਐਲਾਨ ਕੀਤਾ, "ਮਹਿਰੂਨ ਫੂਫੂ ਆ ਗਏ- ਮਹਿਰੂਨ ਫੂਫੂ ਆ ਗਏ,' ਅਮਾਨ, ਉਸਦਾ ਦੂਜੇ ਨੰਬਰ 'ਤੇ ਭਰਾ ਅਤੇ ਰਾਬੀਆ ਦਾ ਪਿਓ, ਆਪਣੇ ਕਮਰੇ ਵਿੱਚੋਂ ਬਾਹਰ ਆਇਆ, ਥੋਡੀ 'ਤੇ ਸ਼ੇਵਿੰਗ ਵਾਲੇ ਸਾਬਣ ਦੀ ਝੱਗ, ਹੱਥ ਵਿਚ ਅਜੇ ਵੀ ਬੁਰਸ਼, ਅਤੇ ਬੈਠਕ ਵਿਚ ਖਲੋਤਾ ਉਸ ਨੂੰ ਤੱਕੀ ਗਿਆ ਜਿਵੇਂ ਉਸਨੂੰ ਆਪਣੀਆਂ ਅੱਖਾਂ 'ਤੇ ਯਕੀਨ ਨਾ ਆ ਰਿਹਾ ਹੋਏ। ਉਸਦੀ ਆਪਣੀ ਸਭ ਤੋਂ ਵੱਡੀ, ਅਥੀਜੇ, ਜਿਹੜੀ ਬੱਚਿਆਂ ਨੂੰ ਗਾਉਂਦੀ-ਜਿਹੀ ਅਵਾਜ਼ ਵਿਚ ਕੁਰਆਨ ਪੜ੍ਹਾਅ ਰਹੀ ਸੀ, ਟਿਕਟਿਕੀ ਲਾ ਕੇ ਉਸ ਨੂੰ ਤੱਕਣ ਬਾਹਰ ਬੈਠਕ ਵਿਚ ਆਈ, ਆਪਣੇ ਸਿਰ 'ਤੇ ਕੀਤੇ ਸਾੜ੍ਹੀ ਦੇ ਪੱਲੇ ਵੱਲੋਂ ਲਾਪਰਵਾਹ ਹੋਈ ਹੋਈ। ਮਾਂ, ਆਪਣੇ ਪਤਲੇ ਹੱਥਾਂ ਵਿਚ ਦੁਆ ਦੀ ਮੋਤੀਆਂ ਵਾਲੀ ਤਸਬੀਹ ਫੜੀ, ਭਮੱਤਰੀ ਹੋਈ ਖੜ੍ਹੀ ਸੀ, ਜਿਵੇਂ ਪੁੱਛ ਰਹੀ ਹੋਏ, "ਸੱਚੀਂ? ਇਹ ਸੱਚ ਐ?" ਉਸਦੀਆਂ ਨਿੱਕੀਆਂ ਭੈਣਾਂ, ਰੇਹਾਨਾ ਅਤੇ ਸਬੀਹਾ, ਬੈਠਕ ਦੇ ਦਰਵਾਜ਼ੇ ਪਿੱਛਿਓਂ ਲੁਕ ਕੇ ਜਿਹੇ ਝਾਕ ਰਹੀਆਂ ਸਨ, ਭਾਵੇਂ ਰਸੋਈ 'ਚ ਜਿਹੜੀਆਂ ਚਪਾਤੀਆਂ ਉਹ ਬਣਾਅ ਰਹੀਆਂ ਸਨ ਉਹ ਤਵੇ 'ਤੇ ਸੜ ਰਹੀਆਂ ਸਨ। ਅਜੇ ਸ਼ੁਕਰ ਸੀ ਕਿ ਉਸਦਾ ਛੋਟਾ ਭਰਾ ਆਰਿਫ਼ ਘਰ ਨਹੀਂ ਸੀ।

ਸਾਰਾ ਘਰ ਪਲ ਭਰ ਲਈ ਖਲੋਅ ਗਿਆ। ਉਸ ਨੂੰ ਬੜਾ ਅਜੀਬ ਜਿਹਾ ਲੱਗਾ। ਉਹ ਅੰਮਾਂ, ਜਿਸ ਉਸ ਨੂੰ ਨੌਂ ਮਹੀਨੇ ਆਪਣੇ ਢਿੱਡ ਵਿਚ ਰੱਖਿਆ ਅਤੇ ਪਾਲ ਪੋਸ ਕੇ ਵੱਡਾ ਕੀਤਾ ਉਹ ਏਨਾ ਨਾ ਕਹਿ ਸਕੀ 'ਆ ਗਈ। ਅੰਦਰ ਆ, ਮੇਰੀ ਲਾਡੋ।' ਅਤੇ ਉਸਦਾ ਅੱਬਾ, ਜਿਸ ਨਿਹਾਲ ਹੋ ਹੋ ਜਾਣਾ ਜਦੋਂ ਉਹ ਨਿੱਕੀ ਜਿਹੀ ਕੁੜੀ ਉਨ੍ਹਾਂ ਦੀ ਚੌੜੀ ਛਾਤੀ 'ਤੇ ਕੁੱਦਦੀ ਸੀ, ਜੀਅ ਆਇਆਂ ਆਖਦੀ ਨਿੱਕੀ ਜਿਹੀ ਮੁਸਕਾਨ ਵੀ ਨਹੀਂ ਸੀ ਉਸ ਦੇ ਚਿਹਰੇ 'ਤੇ; ਨਾ ਉਸਦੇ ਸਭ ਤੋਂ ਵੱਡੇ ਭਰਾ ਦੇ ਹੀ, ਜੋ ਉਸਨੂੰ ਫ਼ਖ਼ਰ ਨਾਲ 'ਮੇਰੀ ਪਰੀ, ਮੇਰਾ ਫ਼ਰਿਸ਼ਤਾ' ਸੱਦਦਾ ਹੁੰਦਾ ਸੀ, ਨਾ ਅਮਾਨ ਨੇ ਹੀ, ਜਿਸ ਜ਼ੋਰ ਪਾਇਆ ਸੀ ਕਿ ਉਸਨੂੰ ਕਾਲਜ ਭੇਜਣਾ ਹੀ ਭੇਜਣਾ ਹੈ, ਉਸ ਨੂੰ ਖੁਸ਼ੀ ਨਾਲ ਬੁਲਾਇਆ। ਉਨ੍ਹਾਂ ਦੀਆਂ ਘਰਦੀਆਂ ਉਸ ਵੱਲ ਇਓਂ ਅੱਖਾਂ ਟੱਡੀ ਵੇਖ ਰਹੀਆਂ ਸਨ ਜਿਵੇਂ ਕਿਸੇ ਹੋਰ ਧਰਤੀ ਤੋਂ ਆਈ ਹੋਵੇ।

ਮਹਿਰੂਨ ਦੇ ਦਿਲ ਨੂੰ ਡੋਬੂ ਪੈ ਗਿਆ। ਇਹ ਤਾਂ ਜਦੋਂ ਉਸਦੀਆਂ ਬਾਹਾਂ ਵਿਚ ਉਸ ਵੱਲੋਂ ਚੁੱਕੀ ਉਸਦੀ ਨੌਂ ਮਹੀਨੇ ਦੀ ਬਾਲੜੀ ਜ਼ੋਰ ਦੀ ਚੀਕੀ ਕਿ ਸਾਰੇ ਆਪਣੀ ਬੇਸੁਧੀ ਵਿਚੋਂ ਨਿੱਕਲੇ। ਉਸਦੇ ਸਭ ਤੋਂ ਵੱਡੇ ਭਰਾ ਨੇ ਪੁੱਛਿਆ, "ਇਨਾਇਤ ਕਿੱਥੇ ਹੈ?"

ਉਸ ਸਿਰ ਝੁਕਾਅ ਲਿਆ ਜਿਵੇਂ ਉਸ ਕੋਈ ਜੁਰਮ ਕੀਤਾ ਹੋਏ ਤੇ ਜੁਆਬ ਦਿੱਤਾ,

'ਉਹ ਸ਼ਹਿਰ 'ਚ ਨਹੀਂ।'

'ਫੇਰ ਤੂੰ ਕਿਸ ਨਾਲ ਆਈ?'

'ਇਕੱਲੀ ਆਈ।'

'ਇਕੱਲੀ?' ਉਸ ਦੇ ਦਹਿਲੀਜ਼ 'ਤੇ

ਉਹ ਅੰਮਾਂ, ਜਿਸ ਉਸ ਨੂੰ ਨੌਂ ਮਹੀਨੇ ਆਪਣੇ ਢਿੱਡ ਵਿਚ ਰੱਖਿਆ ਅਤੇ ਪਾਲ ਪੋਸ ਕੇ ਵੱਡਾ ਕੀਤਾ ਉਹ ਏਨਾ ਨਾ ਕਹਿ ਸਕੀ 'ਆ ਗਈ। ਅੰਦਰ ਆ, ਮੇਰੀ ਲਾਡੋ।' ਅਤੇ ਉਸਦਾ ਅੱਬਾ, ਜਿਸ ਨਿਹਾਲ ਹੋ ਹੋ ਜਾਣਾ ਜਦੋਂ ਨਿੱਕੀ ਜਿਹੀ ਕੁੜੀ ਉਨ੍ਹਾਂ ਦੀ ਚੌੜੀ ਛਾਤੀ 'ਤੇ ਕੁੱਦਦੀ ਸੀ, ਨਿੱਕੀ ਜਿਹੀ ਮੁਸਕਾਨ ਵੀ ਜੀਅ ਆਇਆਂ ਆਖਣ ਨੂੰ ਨਹੀਂ ਸੀ ਉਸ ਦੇ ਚਿਹਰੇ 'ਤੇ; ਨਾ ਉਸਦੇ ਸਭ ਤੋਂ ਵੱਡੇ ਭਰਾ ਦੇ ਹੀ, ਜੋ ਉਸਨੂੰ ਫ਼ਖ਼ਰ ਨਾਲ 'ਮੇਰੀ ਪਰੀ, ਮੇਰਾ ਫ਼ਰਿਸ਼ਤਾ' ਸੱਦਦਾ ਹੁੰਦਾ ਸੀ।

ਖੜ੍ਹੀ ਖੜ੍ਹੀ ਦੇ ਦੁਆਲੇ ਇੱਕ ਸਾਂਝੀ ਅਵਾਜ਼ ਉਠੀ।

'ਫ਼ਰੂਕ, ਇਸਨੂੰ ਅੰਦਰ ਲੈ ਜਾ'। ਵੱਡੇ ਭਰਾ ਵੱਲੋਂ ਇਹ ਹਿਦਾਇਤ ਹੋ ਜਾਣ 'ਤੇ, ਮਹਿਰੂਨ ਅੰਦਰ ਤੁਰੀ ਆਈ, ਉਸਦੇ ਕਦਮ ਉਸਨੂੰ ਭਾਰੇ ਭਾਰੇ ਅਤੇ ਹਿੱਲੇ ਹਿੱਲੇ ਲੱਗ ਰਹੇ ਸਨ। ਇਓਂ ਸੀ ਜਿਵੇਂ ਕੋਈ ਅਦਾਲਤ ਲੱਗੀ ਹੋਏ। ਉਸਦੀ ਬਾਲੜੀ ਚੀਕਣ ਲੱਗੀ, ਅਤੇ,

ਦਿਲ ਦੀਵਾ

ਬਿਨਾ ਆਪਣਾ ਬੁਰਕਾ ਲਾਹੇ, ਉਸ ਨਕਾਬ ਉਤਾਂਹ ਚੁੱਕਿਆ, ਕੁਝ ਪਾਸਾ ਬਣਾਅ ਆਪਣੇ ਅੱਬਾ ਦੇ ਬਿਸਤਰ 'ਤੇ ਬੈਠੀ, ਅਤੇ ਬਾਲੜੀ ਦੇ ਮੂੰਹ ਵਿਚ ਆਪਣੀ ਛਾਤੀ ਦਿੱਤੀ। ਉਸ ਮੂੰਹ ਨਹੀਂ ਸੀ ਧੋਤਾ। ਬਾਲੜੀ ਦੁੱਧ ਚੂੰਘ ਰਹੀ ਸੀ ਅਤੇ ਉਸਦੇ ਪੇਟ ਵਿਚ ਜਲੂਣ ਹੋਣ ਲੱਗੀ ਸੀ। ਉਹ ਨਿਰਣੇ ਕਾਲਜੇ ਸੀ। ਬਿਨ ਉਸ ਦੀ ਮਾਂ ਦੇ, ਹੋਰ ਕੋਈ ਤੀਵੀਂ ਇਸ ਮੁਲਾਕਾਤ ਵਿਚ ਸ਼ਾਮਿਲ ਨਹੀਂ ਸੀ ਹੋ ਸਕਦੀ।

'ਮਿਹਰ, ਤੂੰ ਘਰ ਕਿਸੇ ਨੂੰ ਦੱਸ ਕੇ ਇੱਥੇ ਆਈ ਹੈਂ?'

'ਨਹੀਂ।'

'ਕਿਉਂ? ਕਿਉਂ ਨਹੀਂ ਦੱਸਿਆ ਚੱਲਣੋਂ ਪਹਿਲਾਂ? ਲੱਗਦੈ ਤੂੰ ਸਾਡਾ ਨਾਂ ਖਰਾਬ ਕਰਨ ਦੀ ਧਾਰ ਲਈ ਹੈ।'

'ਕਿਸਨੂੰ ਦੱਸਦੀ? ਹੈ ਕੌਣ ਓਥੇ? ਹਫ਼ਤਾ ਹੋ ਗਿਐ ਉਸ ਨੂੰ ਘਰ ਆਇਆਂ- ਉਸ ਮੈਨੂੰ ਦੱਸਿਆ ਤੱਕ ਨਹੀਂ ਕਿ ਕਿੱਥੇ ਚੱਲਿਆਂ। ਮੈਂ ਤੁਹਾਨੂੰ ਲਿਖਿਆ ਸੀ, ਪਰ ਤੁਸੀਂ ਜੁਆਬ ਨਹੀਂ ਦਿੱਤਾ, ਤੁਹਾਨੂੰ ਕੋਈ ਫ਼ਿਕਰ ਨਹੀਂ ਸੀ ਕਿ ਮੈਂ ਜਿਊਂਦੀ ਹਾਂ ਕਿ ਮਰ ਗਈ ਹਾਂ।'

'ਤੂੰ ਲਿਖਿਆ ਕਿ ਤੇਰਾ ਸ਼ੌਹਰ ਕਿਸੇ ਨਰਸ ਨਾਲ ਭੱਜ ਗਿਐ। ਤੇ ਤੂੰ ਚਾਹੁੰਦੀ ਹੈਂ ਕਿ ਅਸੀਂ ਇਹ ਮੰਨ ਲਈਏ?'

'ਜੇ ਤੁਹਾਨੂੰ ਯਕੀਨ ਨਹੀਂ ਸੀ, ਤਾਂ ਤੁਹਾਨੂੰ ਆ ਕੇ ਪਤਾ ਕਰਨਾ ਚਾਹੀਦਾ ਸੀ। ਹੈਨ ਲੋਕ ਜਿਨ੍ਹਾਂ ਉਨ੍ਹਾਂ ਨੂੰ ਇਕੱਠਿਆਂ ਵੇਖਿਆ ਐ।''

''ਤੇ ਕੀ ਕਰੀਏ ਉਹਨੂੰ ਆ ਕੇ ਮਿਲਣ ਤੋਂ ਬਾਅਦ? ਮੰਨ ਲੈ ਅਸੀਂ ਉਸਨੂੰ ਇਸ ਬਾਰੇ ਪੁੱਛਦੇ ਹਾਂ, ਤੇ ਉਹ ਕਹਿੰਦਾ ਹੈ, ਹਾਂ, ਇਹ ਸੱਚ ਹੈ- ਫੇਰ ਅਸੀਂ ਕੀ ਕਰ ਸਕਦੇ ਹਾਂ? ਕੀ ਮਸਜਿਦ ਨੂੰ ਅਰਜ਼ੀ ਲਾਈਏ? ਉਹ ਆਖੇਗਾ, ਮੇਰੇ ਤੋਂ ਗਲਤੀ ਹੋ ਗਈ ਹੈ, ਮੈਂ ਉਸ ਨੂੰ ਮੁਸਲਮਾਨ ਬਣਾਅ ਕੇ ਉਸ ਨਾਲ ਨਿਕਾਹ ਕਰ ਲਵਾਂਗਾ। ਫੇਰ ਉਹ ਤੇਰੀ ਸੌਕਣ ਬਣ ਜਾਏਗੀ। ਤੇ ਮੰਨ ਲੈ ਅਸੀਂ ਉਸਨੂੰ ਕੁਝ ਹੋਰ ਝਿੜਕਾਂ ਮਾਰਦੇ ਹਾਂ। ਕੀ ਕਰ ਸਕਦੇ ਹਾਂ ਅਸੀਂ ਜੇ ਉਹ ਆਖੇ- 'ਮੈਨੂੰ ਇਹ ਮਹਿਰੂਨ ਨਾਂ ਦੀ ਜਨਾਨੀ ਨਹੀਂ ਚਾਹੀਦੀ, ਮੈਂ ਇਸ ਨੂੰ ਤਲਾਕ ਦੇ ਦਿਆਂਗਾ'?'

ਹੁਣ ਤੱਕ, ਮਹਿਰੂਨ ਦਾ ਰੋਣਾ ਉਸ ਦੇ ਵੱਸੋਂ ਬਾਹਰ ਹੋ ਗਿਆ ਸੀ। ਆਪਣੀ ਬਾਲੜੀ ਨੂੰ ਦੂਜੀ ਛਾਤੀ ਵੱਲ ਕਰ ਅਤੇ ਦੁੱਧ ਦੇਂਦੀ ਦੇਂਦੀ, ਉਸ ਆਪਣੇ ਬੁਰਕੇ ਹੇਠੋਂ ਸਾੜ੍ਹੀ ਦਾ ਆਪਣਾ ਸਿਰ ਦਾ ਪੱਲਾ ਖਿੱਚ ਕੱਢਿਆ ਅਤੇ ਆਪਣੀਆਂ ਅੱਖਾਂ, ਨੱਕ ਪੂੰਝੇ। ਪਲ ਭਰ ਟਿਕਟਿਕਾਅ ਰਿਹਾ।

'ਇਸਦਾ ਮਤਲਬ ਤੁਸੀਂ ਸਾਰੇ ਕੁਝ ਵੀ ਨਹੀਂ ਕਰ ਸਕੋਗੇ, ਹੈ ਨਾ?' ਕੋਈ ਨਾ ਉੱਚਰਿਆ। ਉਸ ਆਪਣੀ ਗੱਲ ਜਾਰੀ ਰੱਖੀ, 'ਮੈਂ ਤੁਹਾਡੇ ਪੈਰੀਂ ਪਈ ਸੀ, ਕਿ ਮੈਂ ਵਿਆਹ ਨਹੀਂ ਕਰਾਉਣਾ। ਤੁਸੀਂ ਸੁਣੀ ਸੀ? ਤੁਹਾਥੋਂ ਭੀਖ ਮੰਗੀ ਸੀ ਕਿ ਮੇਰੀ ਪੜ੍ਹਾਈ ਨਾ ਬੰਦ ਕਰਾਓ। ਤੁਹਾਡੇ ਵਿਚੋਂ ਕਿਸੇ ਮੇਰੀ ਨਹੀਂ ਸੀ ਸੁਣੀ। ਮੇਰੀਆਂ ਕਈ ਸਹੇਲੀਆਂ ਦਾ ਤਾਂ ਅਜੇ ਵਿਆਹ ਵੀ ਨਹੀਂ ਹੋਇਐ, ਤੇ ਮੈਂ ਬੁੱਢੀ ਵੀ ਹੋ ਗਈ ਆਂ। ਪੰਜ ਪੰਜ ਬੱਚੇ ਚੁੱਕੀ ਫਿਰਦੀ ਆਂ। ਪਿਓ ਲੂਰ ਲੂਰ ਕਰਦਾ ਫਿਰਦੈ, ਤੇ ਮੇਰੀ ਕੋਈ ਜ਼ਿੰਦਗੀ ਹੀ ਨਹੀਂ। ਜੇ ਇੱਕ ਆਦਮੀ ਏਨਾ ਹਰਾਮ ਕਰ ਰਿਹਾ, ਤੁਹਾਡੇ ਵਿਚੋਂ ਕੋਈ ਵੀ ਨਹੀਂ ਉਸ ਨੂੰ ਪੁੱਛਣ ਵਾਲਾ ਕਿ ਤੂੰ ਇਹ ਕਿਉਂ ਕਰਦਾ ਐਂ?'

'ਬਹੁਤ ਹੋ ਗਈ, ਮਿਹਰ, ਬੱਸ ਕਰ।' ਉਸਦੀ ਮਾਂ ਨੇ ਅੱਖਾਂ ਮੀਟ ਲਈਆਂ ਅਤੇ ਆਪਣਾ ਸਿਰ ਮਾਰਿਆ।

'ਹਾਂ, ਅੰਮਾ, ਮੇਰੀ ਵੀ ਬੱਸ ਹੋ ਗਈ ਐ। ਪਹਿਲਾਂ ਲੋਕਾਂ ਕਾਨਾਫੂਸੀ ਸ਼ੁਰੂ ਕੀਤੀ, ਅਤੇ ਜਿਨ੍ਹਾਂ ਜਿਨ੍ਹਾਂ ਉਨ੍ਹਾਂ ਨੂੰ 'ਕੱਠਿਆਂ ਵੇਖਿਆ, ਸਿਨਮੇ ਜਾਂਦਿਆਂ ਜਾਂ ਹੋਟਲਾਂ 'ਚ, ਉਨ੍ਹਾਂ ਉਨ੍ਹਾਂ ਮੈਨੂੰ ਸਿੱਧਾ ਆ ਕੇ ਦੱਸਿਆ। ਤੇ ਫੇਰ ਉਹ ਏਨਾ ਦਲੇਰ ਹੋ ਗਿਆ ਕਿ ਉਸਦੇ ਘਰ ਜਾਣ ਲੱਗਾ। ਤੇ ਜਦੋਂ ਸਾਰਿਆਂ ਉਸ ਨੂੰ ਝਿੜਕਿਆ, ਉਹ ਬੰਗਲੂਰੂ ਚਲੇ ਗਿਆ, ਹਜ਼ਾਰਾਂ ਰੁਪਏ ਖਰਚ ਦਿੱਤੇ, ਤੇ ਉਸਦੀ ਟ੍ਰਾਂਸਫ਼ਰ ਕਰਾਅ ਦਿੱਤੀ। ਹੁਣ ਪਿਛਲੇ ਅੱਠ ਦਿਨਾਂ ਤੋਂ ਉਹ ਉਸੇ ਨਾਲ ਰਹਿ ਰਿਹਾ ਐ। ਪਰ ਹੋਰ ਕਿੰਨੇ ਦਿਨ ਮੈਂ ਇਹ ਬਰਦਾਸ਼ਤ ਕਰ ਸਕਦੀ ਆਂ? ਮੈਂ ਜਿਊਂਦੀ ਕਿਸ ਤਰ੍ਹਾਂ ਬਚਾਂਗੀ?'

'ਸਬਰ ਕਰ, ਮੇਰੀਏ ਧੀਏ। ਤੈਨੂੰ ਓਸ ਨੂੰ ਪਿਆਰ ਨਾਲ ਸਹੀ ਰਸਤੇ ਲਿਆਉਣਾ ਚਾਹੀਦਾ ਹੈ।'

'ਅੰਮਾਂ, ਮੇਰੇ ਦਿਲ ਨਾਂ ਦੀ ਕੋਈ ਸ਼ੈਅ ਨਹੀਂ ਲੱਗੀ? ਮੈਨੂੰ ਕੁਝ ਮਹਿਸੂਸ ਨਹੀਂ ਹੁੰਦਾ? ਉਹ ਏਸ ਤਰ੍ਹਾਂ ਨਿੱਕਲ ਗਿਐ ਤਾਂ ਮੈਂ ਉਸਦੀ ਸ਼ੌਹਰ ਵਾਂਗ ਇੱਜ਼ਤ ਨਹੀਂ ਕਰ ਸਕਦੀ। ਮੇਰੇ ਸਰੀਰ ਵਿਚ ਘਿਣ ਭਰ ਜਾਂਦੀ ਹੈ ਜਦੋਂ ਉਸ ਨੂੰ ਵੇਖਦੀ ਆਂ। ਪਿਆਰ ਤਾਂ ਬੜੀ ਦੂਰ ਦੀ ਗੱਲ ਐ। ਉਹਦੇ ਮੈਨੂੰ ਤਲਾਕ ਦੇਣ ਦੀ ਗੱਲ ਨਹੀਂ ਇਹ- ਸਗੋਂ ਮੈਂ ਲਊਂਗੀ ਉਸ ਤੋਂ। ਓਸ ਘਰ ਵਾਪਸ ਨਹੀਂ ਜਾਣਾ ਮੈਂ।'

'ਕੀ ਕਹਿ ਰਹੀ ਹੈਂ ਤੂੰ, ਮਿਹਰ? ਇਹ ਤਾਂ ਬਹੁਤ ਵਧ ਕੇ ਆਖ ਰਹੀ ਹੈਂ। ਉਹ ਮਰਦ ਹੈ, ਤੇ ਉਸ ਨੇ ਚਿੱਕੜ 'ਚ ਪੈਰ ਧਰ ਦਿੱਤਾ ਹੈ, ਪਰ ਧੋਅ ਛੱਡੇਗਾ ਜਿੱਥੇ ਪਾਣੀ ਮਿਲਿਆ ਤੇ ਫੇਰ ਮੁੜ ਆਏਗਾ ਅੰਦਰ। ਐਸਾ ਕੋਈ ਦਾਗ਼ ਨਹੀਂ ਜਿਹੜਾ ਉਸ ਨਾਲ ਚੰਬੜਿਆ ਰਹੇਗਾ।'

ਇਸ ਤੋਂ ਪਹਿਲਾਂ ਕਿ ਉਹ ਕੋਈ ਜਵਾਬ ਦਿੰਦੀ, ਅਮਾਨ ਵਿਚ ਆ ਵੜਿਆ। 'ਵੇਖੋ ਤਾਂ ਸਹੀ ਕਿਵੇਂ ਸਾਡੇ ਸਾਰਿਆਂ ਅੱਗੇ ਕੀ ਕੀ ਆਖ ਰਹੀ ਐ। ਏਸੇ ਤਰ੍ਹਾਂ ਉਸ ਨਾਲ ਬੋਲੀ ਹੋਏਗੀ। ਤੇ ਏਸੇ ਲਈ ਉਹ ਗੁੱਸੇ ਹੋ ਕੇ ਚਲੇ ਗਿਆ ਹੋਣਾ ਐ।' ਉਹ ਰਤਾ ਰੁਕਿਆ ਅਤੇ ਉਸ ਆਪਣੀ ਸੁਰ ਨੀਵੀਂ ਕੀਤੀ।

'ਜੇ ਏਸ ਘਰ ਦੀਆਂ ਨੂੰਹਾਂ ਇਹੋ ਜਿਹੀਆਂ ਚੀਜ਼ਾਂ ਸਿੱਖਣਗੀਆਂ, ਤਾਂ ਬੱਸ ਸਰ ਗਿਆ, ਹੈ ਨਾ?' ਮਹਿਰੂਨ ਦੀ ਉਦਾਸੀ ਝੱਟ ਗੁੱਸੇ

ਬਾਨੂ ਮੁਸ਼ਤਾਕ

ਵਿਚ ਤਬਦੀਲ ਹੋ ਗਈ ਅਤੇ ਫੇਰ ਨਿਰਾਸ਼ਾ ਵਿਚ।

'ਤੁਸੀਂ ਦਲੀਲ ਬਹੁਤ ਚੰਗੀ ਦੇ ਲੈਂਦੇ ਹੋ, ਅੱਨਾ (ਵੀਰ), ਰੱਬ ਤੁਹਾਨੂੰ ਰਾਜ਼ੀ ਰੱਖੇ। ਇਹ ਸੱਚ ਹੈ: ਮੈਂ ਹੀ ਬੁਰੀ ਹਾਂ। ਮੈਨੂੰ ਪਤਾ ਲੱਗ ਗਿਐ ਮੈਂ ਕਿਹੜੀ ਗੱਲੇ ਮਾੜੀ ਹਾਂ। ਮੈਂ ਬੁਰਕੇ ਤੋਂ ਬਿਨਾ ਬਾਹਰ ਜੋ ਨਹੀਂ ਨਿੱਕਲਦੀ। ਉਹਨੇ ਮੈਨੂੰ ਕਿਹਾ ਕਿ ਇਸ ਨੂੰ ਪਰ੍ਹੇ ਸੁੱਟਾਂ, ਤੇ ਧੁੰਨੀ ਤੋਂ ਹੇਠਾਂ ਸਾੜ੍ਹੀ ਬੰਨ੍ਹਾਂ ਤੇ ਉਸਦਾ ਹੱਥ ਫੜ ਆਕੜ ਆਕੜ ਤੁਰਾਂ। ਪਰ ਤੁਸੀਂ ਮੈਨੂੰ ਬੁਰਕੇ ਨਾਲ ਕੱਜਿਐ ਤੇ ਮੈਨੂੰ ਇਸ ਤਰ੍ਹਾਂ ਪਾਲਿਐ ਪਈ ਮੇਰੀ ਸਾੜ੍ਹੀ ਦਾ ਪੱਲਾ ਵੀ ਸਿਰੋਂ ਨਾ ਖਿਸਕੇ, ਹੈ ਕਿ ਨਹੀਂ? ਹੁਣ, ਮੈਂ ਇਹ ਲਾਹੁੰਦੀ ਹਾਂ ਤਾਂ ਆਪਣਾ ਆਪ ਨੰਗਾ ਲੱਗਦੈ। ਤੁਸੀਂ ਮੈਨੂੰ ਅੱਲ੍ਹਾ ਦੇ ਖ਼ੌਫ਼ ਨਾਲ ਭਰਿਐ। ਮੈਂ ਉਸ ਦਾ ਆਖਾ ਨਹੀਂ ਮੰਨਿਆ, ਤੇ ਹੁਣ ਉਸ ਕਿਸੇ ਹੋਰ ਨੂੰ ਕਰ ਲਿਐ ਜੋ ਉਸਦੇ ਇਸ਼ਾਰਿਆਂ 'ਤੇ ਨੱਚੇ। ਤੇ ਹੁਣ ਤੁਹਾਨੂੰ ਸਾਰਿਆਂ ਨੂੰ ਇਹ ਵੱਢ ਵੱਢ ਖਾਈ ਜਾਂਦੈ ਕਿ ਕਿਤੇ ਮੈਂ ਤੁਹਾਡੇ 'ਤੇ ਬੋਝ ਨਾ ਬਣ ਜਾਵਾਂ- ਏਸੇ ਲਈ ਤੁਸੀਂ ਮੈਨੂੰ ਕਹਿੰਦੇ ਹੋ ਕਿ ਜਰੀ ਜਾ ਸਭ ਕੁਝ। ਪਰ ਹੁਣ ਇਹ ਇਹ ਨਹੀਂਹੋ ਸਕਣਾ। ਓਸ ਜਿਊਂਦੀ ਨਰਕ 'ਚ ਸੜਨ ਨਾਲੋਂ, ਮੈਂ ਆਪਣੇ ਬੱਚੇ ਲਿਜਾਅ ਕੇ ਤੇ ਕਿਤੇ ਕੁਲੀ ਦਾ ਕੰਮ ਕਰ ਲਵਾਂਗੀ। ਮੈਂ ਤੁਹਾਡੇ ਸਾਰਿਆਂ 'ਤੇ ਬੋਝ ਨਹੀਂ ਬਣਾਂਗੀ- ਬਿਲਕੁਲ ਨਹੀਂ ਬਣਾਂਗੀ।'

'ਕੀ ਵੇਲ ਉੱਤੇ ਬੋਝ ਹੁੰਦਾ ਹੈ ਉਸਦਾ ਫਲ, ਮਿਹਰ? ਫ਼ਾਲਤੂ ਨਾ ਬੋਲ,' ਉਸਦੀ ਮਾਂ ਨੇ ਉਜਰ ਕੀਤਾ।

'ਅਮਾਂ, ਇਸ ਨੂੰ ਅੰਦਰ ਲਿਜਾਅ ਕੇ ਇਸਨੂੰ ਕੁਝ ਖਾਣ ਨੂੰ ਦੇ,' ਉਸ ਦੇ ਵੱਡੇ ਭਰਾ ਨੇ ਗੰਭੀਰ ਸੁਰ ਵਿਚ ਕਿਹਾ। 'ਦਸ ਮਿੰਟਾਂ ਵਿਚ ਅਸੀਂ ਚਿਕਮਗਲੂਰ ਲਈ ਨਿੱਕਲ ਪੈਣੈ। ਜੇ ਬੱਸ ਹੋਈ ਤਾਂ ਬੱਸ ਫੜਾਂਗੇ। ਨਹੀਂ ਤਾਂ ਟੈਕਸੀ ਕਰਾਂਗੇ। ਅਸੀਂ ਵੀ ਇਸ ਦੇ ਇਸ਼ਾਰਿਆਂ 'ਤੇ ਨਹੀਂ ਨੱਚ ਸਕਦੇ।'

'ਮੈਂ ਤੁਹਾਡੇ ਘਰ ਦਾ ਇਕ ਬੂੰਦ ਪਾਣੀ ਵੀ ਨਹੀਂ ਪੀਣਾ। ਨਾ ਮੈਂ ਚਿਕਮਗਲੂਰ ਜਾਣੈਂ। ਜੇ ਤੁਸੀਂ ਮੈਨੂੰ ਓਥੇ ਜਬਰਦਸਤੀ ਲੈ ਗਏ, ਮੈਂ ਤੁਹਾਨੂੰ ਦੱਸ ਦੇਂਦੀ ਹਾਂ ਕਿ ਮੈਂ ਆਪਣੇ ਆਪ ਨੂੰ ਅੱਗ ਲਾ ਲੈਣੀ ਐ।'

'ਇਹ ਤਾਂ ਹੱਦ ਹੋ ਗਈ, ਮਿਹਰ। ਜਿਨ੍ਹਾਂ ਮਰਨਾ ਹੁੰਦੈ, ਉਹ ਇਸ ਬਾਰੇ ਗੱਲਾਂ ਨਹੀਂ ਕਰਦੇ ਫਿਰਦੇ ਹੁੰਦੇ। ਪਰ ਜੇ ਤੈਨੂੰ ਇਸ ਟੱਬਰ ਦੀ ਇੱਜ਼ਤ ਦਾ ਜ਼ਰਾ ਵੀ ਖ਼ਿਆਲ ਹੁੰਦਾ ਤਾਂ ਤੂੰ ਇੱਥੇ ਆਉਣੋਂ ਪਹਿਲੋਂ ਇਹ ਕਰ ਲੈਣਾ ਸੀ। ਜਿਸ ਘਰ ਡੋਲੀ ਜਾਂਦੀ ਐ ਓਸੇ ਘਰੋਂ ਤੇਰਾ ਡੋਲਾ ਨਿੱਕਲਣਾ ਚਾਹੀਦਾ ਹੈ। ਇਹ ਹੁੰਦੀ ਐ ਚੰਗੀ ਜ਼ਨਾਨੀ ਦੀ ਜ਼ਿੰਦਗੀ। ਤੇਰੀ ਧੀ ਹਾਈ ਸਕੂਲ ਵਿਚ ਪੜ੍ਹਦੀ ਐ; ਤੇਰੀਆਂ ਦੋ ਨਿੱਕੀਆਂ ਭੈਣਾਂ ਨੇ ਸ਼ਾਦੀ ਦੀ ਉਮਰ ਦੀਆਂ। ਇੱਕ ਗਲਤ ਕਦਮ ਪੁੱਟਿਆ ਨਹੀਂ ਕਿ ਤੂੰ ਉਨ੍ਹਾਂ ਦੇ ਭਵਿੱਖ ਦੇ ਰਾਹ ਵਿਚ ਆਈ ਨਹੀਂ। ਤੂੰ ਚਾਹੁੰਦੀ ਹੈਂ ਕਿ ਅਸੀਂ ਤੇਰੀਆਂ ਬਚਕਾਨੀਆਂ ਗੱਲਾਂ ਨੂੰ ਸੁਣੀਏ, ਤੇ ਜਾ ਕੇ ਤੇ ਤੇਰੇ ਸ਼ੌਹਰ ਨਾਲ ਲੜੀਏ, ਪਰ ਅਸੀਂ ਵੀ ਬੀਵੀ ਬੱਚਿਆਂ ਵਾਲੇ ਹਾਂ। ਇਸ ਲਈ ਅੰਦਰ ਜਾ ਤੇ ਕੁਝ ਖਾ ਲੈ।'

ਉਹ ਥੋੜ੍ਹਾ ਜਿਹਾ ਆਪਣੇ ਭਰਾ ਵੱਲ ਮੁੜਿਆ, ਤੇ ਫੇਰ ਮੁੜ ਉਸਦਾ ਸਾਹਮਣਾ ਕੀਤਾ। 'ਅਮਾਨ, ਜਾ ਭੱਜ ਕੇ ਟੈਕਸੀ ਲਿਆ। ਤੇ ਤੂੰ, ਮਿਹਰ, ਜੇ ਤੇਰੇ ਬੱਚਿਆਂ ਜਾਂ ਗੁਆਂਢੀਆਂ ਪੁੱਛਿਆ, ਇਹੀ ਕਹੀਂ ਕਿ ਤੂੰ ਬੱਚੀ ਨੂੰ ਹਸਪਤਾਲ ਲੈ ਕੇ ਗਈ ਸੀ, ਜਾਂ ਇਹੋ ਜਿਹਾ ਕੁਝ। ਕਿੰਨੇ ਵਜੇ ਚੱਲੀ ਸੀ ਇੱਥੇ ਆਉਣ ਲਈ?'

ਉਹ ਬੋਲੀ ਨਾ।

'ਹੁਣ ਸਾਢੇ ਨੌਂ ਵੱਜੇ ਨੇ,' ਅਮਾਨ ਬੋਲਿਆ। 'ਇਹ ਨੌਂ ਵਜੇ ਆਈ ਸੀ। ਸਵੇਰੇ ਛੇ ਵਜੇ ਚੱਲੀ ਹੋਣੀ ਐ। ਏਸੇ ਵੇਲੇ ਨਿਕਲ ਪਈਏ, ਤਾਂ ਸਾਢੇ ਬਾਰਾਂ ਤੱਕ ਪੁੱਜ ਜਾਵਾਂਗੇ।'

ਮਹਿਰੂਨ ਜਿੱਥੇ ਬੈਠੀ ਸੀ ਓਥੋਂ ਨਾ ਹਿੱਲੀ। ਉਸਦੀ ਮਾਂ ਅਤੇ ਉਸਦੀਆਂ

ਬਾਨੂ ਮੁਸ਼ਤਾਕ- ਆਪਣੀ ਕੰਨੜ ਵਿਚ ਲਿਖੀ ਅਤੇ ਦੀਪਾ ਭਾਸ਼ਤੀ ਵੱਲੋਂ ਅੰਗ੍ਰੇਜ਼ੀ ਵਿਚ ਅਨੁਵਾਦਤ "ਹਾਰਟ ਲੈਂਪ" ਲਈ ਲੇਖਕਾ ਅਤੇ ਅਨੁਵਾਦਕਾ ਨੂੰ ਇਸ ਸਾਲ ਦਾ "ਬੁਕਰ" ਇਨਾਮ ਮਿਲਿਆ- ਪਹਿਲੀ ਵਾਰ ਕਹਾਣੀਆਂ ਦੀ ਕਿਤਾਬ ਨੂੰ। ਲੇਖਕਾ, ਐਕਟਿਵਿਸਟ, ਅਤੇ ਵਕੀਲ - ਬੰਦਯਾ ਸਾਹਿਤ ਅੰਦੋਲਣ ਵਿਚੋਂ ਉੱਭਰੀ, ਸਮਾਜਕ ਅਤੇ ਆਰਥਕ ਨਾ-ਬਰਾਬਰੀਆਂ ਨੂੰ ਚੁਣੌਤੀ ਦਿੰਦੇ। ਨਾਰੀ-ਹੱਕਾਂ ਲਈ ਅਵਾਜ਼ ਚੁੱਕੀ, ਖ਼ਾਸਕਰ ਮੁਸਲਮਾਨ ਨਾਰਾਂ ਲਈ। ਇਹ ਕਿਤਾਬ ਮੁਸਲਮਾਨ ਨਾਰਾਂ ਦੀ ਅਜੋਕੀ ਹਾਲਤ ਦਾ ਅਕਸ ਪੇਸ਼ ਕਰਦੀ ਹੈ।

ਭੈਣਾਂ ਉਸਨੂੰ ਵਾਰੀ ਵਾਰੀ ਤਰਲਾ ਕਰ ਹਟੀਆਂ ਕਿ ਕੁਝ ਖਾ ਲਏ, ਪਰ ਉਸ ਇੱਕ ਬੁਰਕੀ ਵੀ ਅਤੇ ਇੱਕ ਬੂੰਦ ਵੀ ਪਾਣੀ ਦਾ ਆਪਣੇ ਮੂੰਹ ਵਿਚ ਨਾ ਪਾਇਆ। ਜਦੋਂ ਟੈਕਸੀ ਆਈ, ਉਹ ਕਿਸੇ ਨਾਲ ਨਾ ਬੋਲੀ। ਬਾਹਰ ਆ, ਬੱਚੀ ਕੱਸ ਕੇ ਛਾਤੀ ਨਾਲ ਲਾਈ ਹੋਈ ਅਤੇ ਦੋਏ ਭਰਾ ਨਾਲ ਖਲੋਤੇ, ਉਸ ਜਾਣ ਲੱਗਿਆਂ ਕਿਸੇ ਨੂੰ ਨਾ ਕੁਆਇਆ। ਬੱਸ ਅਖੀਰਲੇ ਕਦਮ ਪੁੱਟ ਰਹੀ ਸੀ ਤਾਂ ਇੱਕ ਵਾਰ ਮੁੜ ਕੇ ਉਸ ਘਰ ਨੂੰ ਵੇਖਿਆ ਜਿੱਥੇ ਉਹ ਜੰਮੀ ਪਲੀ ਸੀ। ਉਸਦੀਆਂ ਅੱਖਾਂ ਅੱਥਰੂਆਂ ਨਾਲ ਭਰ ਆਈਆਂ। ਉਸਦੇ ਅੱਬਾ ਛਾਤੀ ਫੜੀ ਖੜ੍ਹੇ ਸਨ, ਖੰਘਦੇ। ਉਸਦੀ ਮਾਂ ਡੁਸਕਦੀ, ਆਪਣੀ ਧੀ ਵੱਲ ਮੁੜੀ, ਫੇਰ ਆਪਣੇ ਸ਼ੌਹਰ ਵੱਲ, ਉਸਨੂੰ

ਦਿਲ ਦੀਵਾ

ਲਿਟਾਉਂਦੀ, ਪੱਖੀ ਝੱਲਦੀ, ਪਾਣੀ ਦਾ ਛੱਟਾ ਉਸ ਉੱਤੇ ਮਾਰਦੀ, ਅਤੇ ਆਪਣੇ ਆਪ ਨੂੰ ਕਹਿੰਦੀ, 'ਯਾ ਰਬ, ਜੇ ਮੈਂ ਸਾਰੀ ਜ਼ਿੰਦਗੀ ਕੋਈ ਵੀ ਥੋੜ੍ਹਾ ਜਿਹਾ ਪੁੰਨ ਕਮਾਇਐ, ਕੋਈ ਗੁਣ, ਕੋਈ ਵੀ ਚੰਗਿਆਈ, ਤਾਂ ਮੇਰੀ ਧੀ ਦੀ ਜ਼ਿੰਦਗੀ ਨੂੰ ਰੁਖ਼ ਸਿਰ ਕਰ ਦੇ।'
ਅਮਾਨ ਨੇ ਕੁਝ ਬੁੜ ਬੁੜ ਕਰਦੇ ਨੇ ਕਾਰ ਦਾ ਬੂਹਾ ਖੋਲ੍ਹਿਆ, ਅੱਖਾਂ ਅੱਖਾਂ ਨਾਲ ਮਿਹਰ ਨੂੰ ਇਸ਼ਾਰਾ ਕੀਤਾ ਕਿ ਉਹ ਅੰਦਰ ਬਹਿ ਜਾਏ। ਉਹ, ਕਦੇ ਕਦੇ, ਸ਼ੇਖ਼ੀ ਮਾਰਦੀ ਹੁੰਦੀ ਸੀ ਕਿ ਉਸਦੇ ਵੱਡੇ ਭਰਾ ਬੜੀ ਚੀਜ਼ ਹਨ। ਜਦੋਂ ਵੀ ਉਸ ਇਨਾਇਤ ਨਾਲ ਗੁੱਸੇ ਹੋਣਾ, ਉਸ ਕਹਿਣਾ, 'ਮੇਰੇ ਵੀਰ ਬੱਬਰ ਸ਼ੇਰ ਵਾਂਗ ਖੜ੍ਹੇ ਨੇ, ਤੇ ਜੇ ਤੂੰ ਏਸੇ ਤਰ੍ਹਾਂ ਕਰਦਾ ਰਿਹਾ, ਇੱਕ ਦਿਨ ਉਨ੍ਹਾਂ ਤੈਨੂੰ ਵੱਢ ਕੇ ਤੇਰੇ ਟੁਕੜੇ ਕਰ ਕੇ ਸੁੱਟ ਦੇਣੇ ਨੇ, ਹਸ਼ਰਾ-ਗੁੰਡਿਆ!' ਪਰ ਇਹ ਮਾਣ ਪੂਰੀ ਤਰ੍ਹਾਂ ਟੁੱਟ ਚੁੱਕਾ ਸੀ। ਉਸਦੇ ਭਰਾ ਦੇ ਆਖੇ ਲਫ਼ਜ਼ ਉਸਦੇ ਕੰਨਾਂ ਵਿਚ ਵੱਜ ਰਹੇ ਸਨ- 'ਜੇ ਤੈਨੂੰ ਸਾਡੇ ਟੱਬਰ ਦੀ ਇੱਜ਼ਤ ਦਾ ਖ਼ਿਆਲ ਹੁੰਦਾ, ਤੂੰ ਆਪਣੇ ਆਪ ਨੂੰ ਅੱਗ ਲਾ ਕੇ ਮਰ ਜਾਂਦੀ। ਇੱਥੇ ਨਾ ਆਉਂਦੀ ਤੂੰ।''
ਕਾਰ ਵਿਚ ਵੜਨ ਲੱਗੀ ਨੇ ਮੁੜ ਕੇ ਆਪਣੇ ਘਰ ਨੂੰ ਨਾ ਵੇਖਿਆ- ਨਾ ਆਪਣੀ ਮਾਂ ਨੂੰ, ਜਿਹੜੀ ਉਸ ਨੂੰ ਪਤਾ ਸੀ ਕਿਸੇ ਖਿੜਕੀ ਵਿਚੋਂ ਝਾਤੀ ਮਾਰ ਰਹੀ ਹੋਏਗੀ, ਨਾ ਆਪਣੀਆਂ ਭੈਣਾਂ ਨੂੰ ਜਿਹੜੀਆਂ ਕਿਸੇ ਪੜਦੇ ਪਿੱਛੋਂ ਝਾਕੀ ਜਾ ਰਹੀਆਂ ਹੋਣਗੀਆਂ, ਨਾ ਹੀ ਆਪਣੀਆਂ ਭਾਬੀਆਂ ਨੂੰ, ਜਿਹੜੀਆਂ ਉਂਝ ਵੀ ਅੰਦਰ ਆਪਣੇ ਕੰਮੀਂ ਕਾਰੀਂ ਰੁੱਝੀਆਂ ਹੋਣਗੀਆਂ। ਪਰ ਉਸਦੇ ਹਿਜਾਬ ਹੇਠੋਂ ਉਸਦੇ ਹੰਝੂ ਪਰਲ ਪਰਲ ਵਹਿ ਰਹੇ ਸਨ। ਉਹ ਬੈਠੀ ਆਪਣੇ ਬੁੱਲ੍ਹ ਟੁੱਕੀ ਜਾ ਰਹੀ ਸੀ, ਅਤੇ ਹਲਕ ਵਿਚੋਂ ਨਿੱਕੇ ਨਿੱਕੇ ਡਸਕੋਰੇ ਲੰਘਾਉਂਦੀ।
ਕਾਰ ਤੇਜ਼ੀ ਨਾਲ ਭੱਜੀ ਜਾ ਰਹੀ ਸੀ। ਕੋਈ ਨਾ ਬੋਲਿਆ। ਅਮਾਨ ਅਗਲੀ ਸੀਟ 'ਤੇ ਬੈਠਾ ਸੀ, ਮੁਹੱਲੇ ਦੇ ਹੀ ਡ੍ਰਾਈਵਰ ਦੇ ਨਾਲ ਵਾਲੀ 'ਤੇ। ਕੀ ਟੱਬਰ ਦੇ ਰਾਜ਼ਾਂ ਬਾਰੇ ਉਸ ਸਾਹਮਣੇ ਗੱਲ ਕੀਤੀ ਜਾ ਸਕਦੀ ਸੀ? ਉਨ੍ਹਾਂ ਦਾ ਸਫ਼ਰ ਚੁੱਪੀ ਵਿਚ ਚੱਲੀ ਗਿਆ। ਉਹ ਸੋਲ੍ਹਾਂ ਸਾਲਾਂ ਤੋਂ ਇਨਾਇਤ ਦੀਆਂ ਇਸ਼ਕ ਅਤੇ ਹਵਸ ਦੀਆਂ ਖੇਡਾਂ ਲਈ ਪਾਸਾ ਬਣੀ ਹੋਈ ਸੀ। ਅਤੇ ਸੋਲ੍ਹਾਂ ਸਾਲਾਂ ਬਾਅਦ, ਉਸ ਨੇ ਹੁਣ ਉਸਦੇ ਤ੍ਰੀਮਤਪੁਣੇ ਦੀ ਬੇਇੱਜ਼ਤੀ ਕਰ ਦਿੱਤੀ ਸੀ। 'ਤੂੰ ਲੋਥ ਵਾਂਗ ਪਈ ਰਹਿੰਦੀ ਹੈਂ। ਕੀ ਖ਼ੁਸ਼ੀ ਮਿਲੀ ਮੈਨੂੰ ਤੇਰੇ ਤੋਂ", ਉਸ ਮਿਹਣਾ ਮਾਰਿਆ ਸੀ। 'ਕੀ ਨਹੀਂ ਦਿੱਤਾ ਮੈਂ ਤੈਨੂੰ - ਪਹਿਨਣ, ਖਾਣ ਨੂੰ? ਕੌਣ ਰੋਕੇਗਾ ਮੈਨੂੰ? ਮੈਂ ਓਸ ਤੀਵੀਂ ਨਾਲ ਹਾਂ ਜੋ ਮੈਨੂੰ ਖ਼ੁਸ਼ੀ ਦਿੰਦੀ ਹੈ।'
ਉਸ ਨੂੰ ਦ੍ਰਿਖ਼ਤਾਂ ਜਾਂ ਨਜ਼ਾਰਿਆਂ ਜਾਂ ਸੜਕ ਦਾ ਧਿਆਨ ਨਹੀਂ ਸੀ। ਇਹ ਤਾਂ ਜਦੋਂ ਕਾਰ ਇੱਕੋਦਮ ਅਚਾਨਕ ਰੁਕੀ ਤੇ ਉਸ ਬਿਨ ਦਿਲਚਸਪੀ ਬਾਹਰ ਤੱਕਿਆ ਕਿ ਉਸਨੂੰ ਉਹ ਘਰ ਦਿਸਿਆ ਜੋ ਕਹਿੰਦੇ ਸੀ ਕਿ ਉਸਦਾ ਹੈ। ਇੱਕ ਅੱਲੜ੍ਹ ਮੁਰਝਾਏ ਜਿਹੇ ਚਿਹਰੇ ਵਾਲੀ ਕੁੜੀ ਦਰਵਾਜ਼ੇ ਵਿਚੋਂ ਕਾਰ ਵੱਲ ਭੱਜੀ ਆਈ, ਇਹ ਕਹਿੰਦੀ ਕਹਿੰਦੀ, 'ਅੰਮੀ! ਅਖੀਰ ਤੂੰ ਆ ਹੀ ਗਈ ਹੈਂ। ਕਿੰਨਾ ਫ਼ਿਕਰ ਕਰ ਰਹੀ ਸੀ ਮੈਂ।' ਉਸ ਆਪਣੀ ਮਾਂ ਦੀਆਂ ਬਾਹਾਂ ਵਿਚੋਂ ਬਾਲੜੀ ਫੜੀ, ਆਪਣੀ ਛਾਤੀ ਨਾਲ ਲਾਈ ਅਤੇ ਵਾਪਸ ਅੰਦਰ ਭੱਜ ਗਈ।
ਮਹਿਰੂਨ ਹੌਲੀ ਹੌਲੀ ਕਦਮ ਪੁੱਟਦੀ ਆਪਣੇ ਘਰ ਵੜੀ। ਉਹ ਖਾਲੀ ਲੱਗ ਰਿਹਾ ਸੀ। ਬਾਕੀ ਦੇ ਬੱਚੇ ਸਕੂਲ ਗਏ ਸਨ, ਅਤੇ ਉਸਦੀ ਸੋਲ੍ਹਾਂ ਸਾਲਾਂ ਦੀ ਧੀ ਸਲਮਾ, ਜਿਹੜੀ ਆਪਣੀ ਮਾਂ ਦੀ ਤਕਲੀਫ਼ ਨੂੰ ਉਸਦੇ ਨਾਲ ਨਾਲ ਹੀ ਹੰਢਾਅ ਰਹੀ ਸੀ, ਉਹੀ ਅੱਜ ਘਰ ਦੀ ਸਭ ਤੋਂ ਵੱਡੀ ਸੀ। ਸਲਮਾ ਨੇ ਆਪਣੇ ਭੈਣ ਭਰਾ ਪੜ੍ਹਨ ਭੇਜੇ ਸਨ, ਤੇ ਘਬਰਾਈ ਹੋਈ ਆਪਣੀ ਮਾਂ ਦੇ ਮੁੜਨ ਨੂੰ ਉਡੀਕ ਰਹੀ ਸੀ। ਆਪਣੇ ਮਾਮਿਆਂ ਨੂੰ ਉਸਦੇ ਨਾਲ ਆਏ ਵੇਖ, ਉਸ ਰਾਹਤ ਦਾ ਸਾਹ ਲਿਆ ਸੀ। ਆਪਣੇ ਮਾਮਿਆਂ ਨੂੰ ਵੇਖ ਉਸਨੂੰ ਚਾਅ ਚੜ੍ਹ ਗਿਆ ਸੀ। ਇਨ੍ਹਾਂ ਉਸ ਜਨਾਨੀ ਨੂੰ ਵਾਲੋਂ ਫੜ ਨਠਾਅ ਦੇਣਾ ਹੈ, ਉਸ ਸੋਚਿਆ। ਉਹ ਹਿਰਨੀ ਵਾਂਗ ਭੱਜ ਭੱਜ ਆਪਣੇ ਮਾਮਿਆਂ ਲਈ ਕੁਝ ਨਾ ਕੁਝ ਖਾਣ ਨੂੰ ਲਿਆ ਰਹੀ ਸੀ, ਚਾਹ ਧਰ ਰਹੀ। ਮਹਿਰੂਨ ਆਪਣੇ ਕਮਰੇ ਵਿਚ ਲੇਟੀ ਹੋਈ ਸੀ। ਸਲਮਾ ਅੰਦਰ ਆ ਗਈ, ਆਪਣੀ ਮਾਂ ਦੇ ਚਿਹਰੇ ਤੋਂ ਅੱਥਰੂ ਪੂੰਝੇ, ਉਸਨੂੰ ਕੁਝ ਬੁਰਕੀਆਂ ਖੁਆਈਆਂ, ਅਤੇ ਬਚੇ ਹੋਏ ਖਾਣੇ ਦੀ ਪਲੇਟ ਚੁੱਕੀ ਵਾਪਿਸ ਬਾਹਰ ਆ ਰਹੀ ਸੀ ਜਦੋਂ ਉਸ ਨੂੰ ਇੱਕ ਜਾਣੀ ਪਛਾਣੀ ਅਵਾਜ਼ ਆਈ।
ਉਹ ਬੈੱਡਰੂਮ ਵਿਚ ਭੱਜੀ ਹੀ ਗਈ। 'ਅੰਮੀ, ਅੰਮੀ, ਅੱਬਾ ਆ ਗਏ।' ਮਹਿਰੂਨ ਨੇ ਇਓਂ ਵਿਖਾਇਆ ਜਿਵੇਂ ਉਸ ਸੁਣਿਆ ਨਾ ਹੋਏ ਅਤੇ ਜਿਸ ਕੰਬਲ ਨਾਲ ਉਸ ਆਪਣੇ ਆਪ ਨੂੰ ਕੱਜਿਆ ਹੋਇਆ ਸੀ ਉਸ ਵਿਚ ਹੋਰ ਵੀ ਅੰਦਰ ਨੂੰ ਧਸ ਗਈ। ਉਸਦੇ ਸਿਰ ਦੀਆਂ ਨਸਾਂ ਫੜਫੜ ਕਰਨ ਲੱਗ ਪਈਆਂ, ਅਤੇ ਓਧਰ ਸਲਮਾ ਮੁੜ ਬੈਠਕ ਵਿਚ ਚਲੀ ਗਈ। ਉਸਦੇ ਮਾਮੇ ਘਰੋਂ ਬਾਹਰ ਨਿੱਕਲੇ, ਅਤੇ ਸਲਮਾ ਨੂੰ ਮਰਦਾਂ ਦੀ ਗੱਲ ਬਾਤ ਹੁੰਦੀ ਸੁਣ ਰਹੀ ਸੀ। ਬਾਤਚੀਤ ਸੀ, ਹਾਸਾ ਠੱਠਾ, ਦੁਆ ਸਲਾਮ।
'ਓ ਭਾਅ! ਤੁਸੀਂ ਕਿਹੜੇ ਵੇਲੇ ਆਏ?
'ਅਸੀਂ ਹੁਣੇ ਆਏ ਸੀ। ਕਿਵੇਂ ਹੈਂ?'
'ਓਅ, ਮੈਂ ਠੀਕ ਹਾਂ, ਸ਼ੁਕਰ ਐ ਰੱਬ ਦਾ। ਅਤੇ ਤੁਹਾਡੀਆਂ ਸਾਰੀਆਂ ਦੁਆਵਾਂ ਦਾ।'
ਅਮਾਨ ਦੀ ਅਵਾਜ਼: 'ਤੁਸੀਂ ਕਿੱਥੇ ਗਏ ਸੀ, ਇਨਾਇਤ ਭਾਈ?'
'ਨੇੜੇ ਹੀ। ਕੁਝ ਕੰਮ ਸੀ, ਏਧਰ ਓਧਰ ਦਾ- ਪਤਾ ਈ ਐ ਤੁਹਾਨੂੰ। ਆਖਰਕਾਰ, ਜਾਗ ਪਏ ਤਾਂ ਘਰ ਤਾਂ ਨਹੀਂ ਨਾ ਬੈਠੇ ਰਹਿ ਸਕਦੇ। ਸਲਮਾ!' ਉਸ 'ਵਾਜ ਮਾਰੀ। 'ਸਲਮਾ, ਅੰਮੀ ਕਿੱਥੇ ਐ? ਵੇਖੋ ਕੌਣ ਆਇਆ ਐ। ਅੰਮੀ ਨੂੰ ਕਹੋ

ਬਾਹਰ ਆਏ।'
ਅੰਦਰੋਂ ਕੋਈ ਆਵਾਜ਼ ਨਾ ਆਈ।
'ਖੌਰੇ ਕਿੱਥੇ ਐ,' ਇਨਾਇਤ ਨੇ ਕਿਹਾ। 'ਬੱਚੀ ਨਾਲ ਅੰਦਰ ਹੋਣੀ ਐ। ਬੁਲਾਉਂਦਾ ਹਾਂ, ਰੁਕੋ।' ਉਹ ਅੰਦਰ ਆਇਆ ਅਤੇ ਸਲਮਾ ਵਿਖੀ, ਅਤੇ ਉਸਨੂੰ ਨੀਵੀਂ ਅਵਾਜ਼ ਵਿਚ ਪੁੱਛਿਆ: 'ਇਹ ਕਦੋਂ ਆਏ? ਤੇਰੀ ਅੰਮੀ ਕਿੱਥੇ ਐ?' ਸ਼ੱਕ ਦੀ ਡੋਰ ਉਸਦੇ ਦਿਲ ਵਿਚ ਖੁੱਲ੍ਹਣ ਲੱਗ ਪਈ।
'ਮਾਮੇ ਹੁਣੇ ਆਏ ਸਨ। ਅੰਮੀ ਅਜੇ ਸੁੱਤੀ ਪਈ ਹੈ,' ਸਲਮਾ ਨੇ ਹੁਸ਼ਿਆਰੀ ਨਾਲ ਜਵਾਬ ਦਿੱਤਾ। ਇਨਾਇਤ ਦਿਆਂ ਬੁੱਲ੍ਹਾਂ 'ਚੋਂ ਰਾਹਤ ਦਾ ਇੱਕ ਸਾਹ ਭੱਜ ਨਿਕਲਿਆ।
'ਅਜੇ ਵੀ ਨਹੀਂ ਜਾਗੀ? ਕੀ ਹੋਇਐ ਉਸਨੂੰ?' ਉਹ ਬੈੱਡਰੂਮ ਦੇ ਦਰਵਾਜ਼ੇ ਤੱਕ ਆਇਆ। ਮਹਿਰੂਨ ਨੂੰ ਇਕੱਠੀ ਜਿਹੀ ਹੋ ਕੇ ਸੁੱਤੀ ਪਈ ਨੂੰ ਵੇਖ ਉਸਨੂੰ ਘਿਣ ਆਈ। ਉਸਦੀ ਇੱਕੋ ਅਹਿਮੀਅਤ ਇਹ ਸੀ ਕਿ ਉਹ ਉਸਦੇ ਬੱਚਿਆਂ ਦੀ ਮਾਂ ਸੀ। ਹਾਲਾਂਕਿ ਉਹ ਤਾਂ ਚਾਹੁੰਦਾ ਸੀ ਕਿ ਉਸਦੀਆਂ ਲੱਤਾਂ ਕਮਰੇ 'ਚ ਜਾਣ, ਪਰ ਉਹ ਉਸਨੂੰ ਅੰਦਰ ਨਾ ਲੈ ਕੇ ਗਈਆਂ।
ਉਹ ਮਨ ਵਿਚ ਤਸਵੀਰ ਬਣਾਅ ਰਹੀ ਸੀ ਕਿ ਉਹ ਦਰਵਾਜ਼ੇ 'ਤੇ ਕਿਸ ਤਰ੍ਹਾਂ ਨਾਲ ਖਲੋਤਾ ਹੋਏਗਾ। ਉਸਦੇ ਕੱਪੜੇ, ਸਿਗਰਟਾਂ ਦੀ ਬੋਅ, ਉਸਦੇ ਮੁੜ੍ਹਕੇ ਦੀ ਬੋਅ, ਉਮਰ ਵੱਲੋਂ ਵੱਡਾ ਹੋ ਰਿਹਾ ਉਸਦਾ ਸਰੀਰ, ਉਸਦੀਆਂ ਵੱਡੀਆਂ ਵੱਡੀਆਂ ਅੱਖਾਂ। ਉਹ ਆਦਮੀ ਜਿਸ ਉਸਦੀ ਹਰੇਕ ਨਸ ਉੱਤੇ ਆਪਣੀ ਛਾਪ ਛੱਡੀ ਉਸ ਲਈ ਅਜਨਬੀ ਸੀ। ਉਹ ਉਸੇ ਤਰ੍ਹਾਂ ਕੰਬਲ ਆਪਣੇ ਦੁਆਲੇ ਕੱਸ ਕੇ ਵਲ੍ਹੇਟੀ ਪਈ ਰਹੀ, ਉਸਦੀ 'ਵਾਜ ਸੁਣਦੀ।
'ਸਲਮਾ, ਇੱਥੇ ਆ। ਇਹਨੂੰ ਕਹਿ ਇਹ ਸਾਰਾ ਡਰਾਮਾ ਬੰਦ ਕਰੇ। ਕਿ ਜੇ ਇਸਨੇ ਆਪਣੇ ਭਰਾ ਮੈਨੂੰ ਅਕਲ ਦੇਣ ਲਈ ਸੱਦੇ ਹਨ, ਤਾਂ ਇਹ ਆਪਣੇ ਹੀ ਗਲ਼ 'ਚ ਰੱਸਾ ਪਾ ਰਹੀ ਹੈ। ਇੱਕੋ ਸਾਹੇ- ਇੱਕ, ਦੋ, ਤਿੰਨ ਵਾਰੀ- ਮੈਂ ਕਹਿ ਦੇਣੈਂ ਤੇ ਮਾਮਲਾ ਮੁਕਾਅ ਦੇਣੈਂ, ਇਸਨੂੰ ਕਹਿ ਦੇ। ਤੇ ਇਸਨੂੰ ਕਹਿ ਦੇ ਕਿ ਇਸਦੇ ਤਲਾਕ ਤੋਂ ਬਾਅਦ, ਵੇਖ ਲਏ ਜੇ ਇਹ ਆਪਣੇ ਤੋਂ ਛੋਟੀਆਂ ਆਪਣੀਆਂ ਭੈਣਾਂ ਅਤੇ ਆਪਣੀਆਂ ਧੀਆਂ ਨੂੰ ਵਿਆਹ ਲਏਗੀ। ਇਸਨੂੰ ਕਹਿ ਦੇ ਇਹ- ਕਿ ਇਹ ਮਹਿਮਾਨਾਂ ਅੱਗੇ ਆਪਣੇ ਟੱਬਰ ਦੀ ਮਿੱਟੀ ਖਰਾਬ ਕਰ ਰਹੀ ਹੈ। ਕਹਿ ਦੇ, ਆਪਣੀ ਮਾਂ ਨੂੰ। ਆਏ ਤੇ ਆਪਣੇ ਭਰਾਵਾਂ ਨੂੰ ਮਿਲੇ- ਦੱਸੇ ਕਿ ਇਸਨੂੰ ਚਿਕਨ ਚਾਹੀਦਾ ਹੈ ਕਿ ਮਟਨ, ਕਿਉਂਕਿ ਹੁਣ ਤਾਂ ਬਾਰਾਂ ਵੱਜ ਰਹੇ ਨੇ, ਸੋ ਛੇਤੀ ਖਾਣਾ ਬਣਾਉਣਾ ਸ਼ੁਰੂ ਕਰੇ।'
ਸਲਮਾ ਓਥੇ ਹੈ ਈ ਨਹੀਂ ਸੀ, ਪਰ ਉਸ ਜੋ ਜੋ ਕੁਝ ਕਹਿਣਾ ਸੀ, ਕਹਿ ਛੱਡਿਆ, ਖ਼ਿਆਲ ਖਿਆਲ ਵਿਚ ਮੰਨਦਿਆਂ ਕੇ ਕਿ ਉਹ ਹੈ।
ਇਨਾਇਤ ਅਤੇ ਉਸਦੇ ਸਾਲੇ ਇਓਂ ਗੱਲਾਂ ਬਾਤਾਂ ਕਰਦੇ ਰਹੇ ਜਿਵੇਂ ਕੁਝ ਗਲਤ ਹੋਇਆ ਹੀ ਨਾ ਹੋਏ। ਕੌਫ਼ੀ ਦੀਆਂ ਕੀਮਤਾਂ ਬਾਰੇ, ਕਸ਼ਮੀਰ ਦੀਆਂ ਚੋਣਾਂ ਬਾਰੇ, ਗੁਆਂਢ ਵਿਚ ਕਤਲ ਹੋ ਗਏ ਇੱਕ ਬਜ਼ੁਰਗ ਜੋੜੇ ਮੁਤੱਲਕ ਚੱਲ ਰਹੀ ਪੜਤਾਲ ਬਾਰੇ, ਮਹੱਲੇ ਦੀ ਮੁਸਲਮਾਨ ਕੁੜੀ ਬਾਰੇ ਜਿਸ ਇੱਕ ਹਿੰਦੂ ਮੁੰਡੇ ਨਾਲ ਕੋਰਟ ਮੈਰਿਜ ਕਰਾਅ ਲਈ, ਅਤੇ ਹੋਰ ਏਧਰ ਓਧਰ ਦੀਆਂ ਗੱਲਾਂ ਬਾਤਾਂ।

ਓਧਰ ਕੁੱਕਰ ਦੀ ਸ਼ੀਟੀ ਵੱਜੀ ਅਤੇ ਏਧਰ ਗਪਸ਼ਪ ਚੱਲੀ ਗਈ, ਅਤੇ ਮਿੱਕਸੀ ਦੀ ਗਰੜ ਗਰੜ ਹੋਈ, ਅਤੇ ਮਸਾਲੇ ਦੀ ਵਾਹਵਾ ਸਾਰੀ ਖ਼ੁਸ਼ਬੋਅ ਆਈ, ਅਤੇ ਚਿਕਨ ਅੰਦਰ ਲਿਆਂਦਾ ਗਿਆ, ਅਤੇ ਖਾਣਾ ਤਿਆਰ ਸੀ ਕਿਉਂਕਿ ਇਹ ਮਹਿਰੂਨ ਨੇ ਬਣਾਇਆ ਸੀ, ਅਤੇ ਸਲਮਾ ਭੱਜ ਭੱਜ ਉਨ੍ਹਾਂ ਸਾਰਿਆਂ ਨੂੰ ਵਰਤਾਅ ਰਹੀ ਸੀ। ਮਹਿਰੂਨ ਰਸੋਈ ਵਿਚੋਂ ਸਿਰਫ਼ ਇੱਕ ਵਾਰ ਬਾਹਰ ਆਈ, ਸਿਰਫ਼ ਥੋੜ੍ਹਾ ਜਿਹਾ ਚਿਰ।
ਭਾਰੇ ਖਾਣੇ ਤੋਂ ਬਾਅਦ, ਮੂੰਹਾਂ ਵਿਚ ਪਾਨ ਤੁੰਨੀ, ਮਹਿਰੂਨ ਦੇ ਭਰਾ ਜਾਣ ਦੀ ਤਿਆਰੀ ਕਰਨ ਲੱਗੇ। ਜਾਣ ਤੋਂ ਪਹਿਲਾਂ, ਅਮਾਨ ਆਇਆ ਅਤੇ ਰਸੋਈ ਦੇ ਦਰਵਾਜ਼ੇ 'ਤੇ ਖੜ੍ਹਾ ਹੋ ਗਿਆ। 'ਜ਼ਰਾ ਕੁ ਚਲਾਕੀ ਵਰਤ ਅਤੇ ਏਸ ਸਾਰੇ ਕੁਝ ਨੂੰ ਸਾਂਭ,' ਉਸ ਕਿਹਾ। 'ਮੈਂ ਅਗਲੇ ਹਫ਼ਤੇ ਮਿਲਣ ਆਵਾਂਗਾ। ਇਹ ਕੁਝ ਦਿਨ ਏਸੇ ਤਰ੍ਹਾਂ ਦਾ ਵਤੀਰਾ ਕਰੇਗਾ ਤੇ ਫੇਰ ਆਪੇ ਮੁੜ ਆਵੇਗਾ। ਜ਼ਿੰਮੇਵਾਰ ਬਣ। ਵੇਖ ਕਿਨ੍ਹਾਂ ਕਿਨ੍ਹਾਂ ਮੁਸ਼ਕਿਲਾਂ ਦਾ ਕੁਝ ਤੀਵੀਆਂ ਨੂੰ ਸਾਹਮਣਾ ਕਰਨਾ ਪੈਂਦਾ ਐ- ਸ਼ਰਾਬੀ ਸ਼ੌਹਰ, ਕੁੱਟਣ ਵਾਲੀਆਂ ਸੱਸਾਂ, ਰੱਬ ਦਾ ਸ਼ੁਕਰ ਹੈ ਤੇਰੀ ਹਾਲਤ ਚੰਗੀ ਐ। ਇਹ ਥੋੜ੍ਹਾ ਜਿਹਾ ਗ਼ੈਰ-ਜ਼ਿੰਮੇਵਾਰ ਹੈ, ਹੋਰ ਕੁਝ ਨਹੀਂ। ਇਹ ਤਾਂ ਤੂੰ ਹੀ ਇਸ ਸਾਰੀ ਚੀਜ਼ ਨੂੰ ਸਾਵਾਂ ਰੱਖਣਾ ਐ।' ਉਸਦੇ ਭਰਾ ਚਲੇ ਗਏ, ਅਤੇ ਕਾਰ ਦੀ ਅਵਾਜ਼ ਆਉਣੀ ਬੰਦ ਹੋਈ ਨਹੀਂ, ਕਿ ਇਨਾਇਤ ਵੀ ਘਰੋਂ ਉੱਡ ਗਿਆ।

ਸਲਮਾ ਨੇ ਘੁੰਮ ਕੇ ਆਪਣੀ ਮਾਂ ਨੂੰ ਤੱਕਿਆ। ਉਸਦੇ ਮਾਮਿਆਂ ਨਾ ਉਸਨੂੰ ਹੌਂਸਲਾ ਦਿੱਤਾ ਸੀ, ਨਾ ਮਦਦ। ਉਸਦੀ ਮਾਂ ਦੀ ਪੀੜ ਉਸ ਵਿਚ ਵੀ ਥਰ ਥਰ ਕਰਨ ਲੱਗੀ। ਉਸਦੀਆਂ ਅੱਖਾਂ ਭਰ ਆਈਆਂ ਸਨ ਜਦੋਂ ਉਸਦਾ ਅੱਬਾ ਬਾਹਰ ਤੁਰ ਗਿਆ ਸੀ। ਘਰ ਨੇ ਉਦਾਸੀ ਦਾ ਹਿਜਾਬ ਪਹਿਨ ਲਿਆ ਸੀ, ਅਤੇ ਉਸਦੇ ਭੈਣਾਂ ਭਰਾ ਸਕੂਲੋਂ ਵਾਪਸ ਆਏ ਤਾਂ ਉਹ ਵੀ ਉਸ ਨੂੰ ਨਾ ਚੁੱਕ ਸਕੇ। ਹਰੇਕ ਨੂੰ ਆਪਣਾ ਕੋਈ ਕੰਮ ਸੀ, ਆਪਣਾ ਆਪਣਾ ਆਪਣਾ ਬੋਝ।
ਜਦੋਂ ਸ਼ਾਮ ਹਨੇਰੇ ਵੱਲ ਵਧਣ ਨੂੰ ਹੋਈ, ਘਰ ਵਿਚ ਦੀਵੇ ਬਾਲੇ ਗਏ। ਪਰ ਮਹਿਰੂਨ ਦੇ ਦਿਲ ਦਾ ਦੀਵਾ ਬਹੁਤ ਚਿਰ ਪਹਿਲਾਂ ਬੁਝਾਅ ਦਿੱਤਾ ਗਿਆ ਸੀ। ਉਹ ਕਿਸ ਲਈ ਜੀਵੇ? ਫ਼ਾਇਦਾ ਕੀ ਸੀ? ਕੰਧਾਂ, ਛੱਤ, ਪਲੇਟਾਂ, ਕੌਲੀਆਂ, ਸਟੋਵ, ਬਿਸਤਰ, ਭਾਂਡੇ, ਅਗਲੇ ਵਿਹੜੇ ਵਾਲਾ ਗੁਲਾਬ ਦਾ ਬੂਟਾ- ਕੋਈ ਵੀ ਉਸਦੇ ਸੁਆਲਾਂ ਦਾ ਜੁਆਬ

ਦਿਲ ਦੀਵਾ

ਨਾ ਦੇ ਸਕੇ। ਉਸ ਬੇਲਿਸ਼ਕ ਅੱਖਾਂ ਦੀ ਜੋੜੀ ਵੱਲ ਉਸਦਾ ਧਿਆਨ ਨਾ ਗਿਆ ਜਿਹੜੀਆਂ ਉਸ ਦੁਆਲੇ ਮੰਡਰਾਅ ਰਹੀਆਂ ਸਨ, ਪਹਿਰਾ ਦਿੰਦੀਆਂ। ਸਲਮਾ ਆਪਣੀਆਂ ਕਿਤਾਬਾਂ ਵਿਚ ਦਫ਼ਨ ਹੋਣਾ ਚਾਹੁੰਦੀ ਸੀ; ਉਸਨੂੰ ਆਪਣੇ ਸਿਰ 'ਤੇ ਖੜ੍ਹੇ ਐੱਸਐੱਸਐੱਲਸੀ ਇਨਾਮਾਂ ਦੀ ਤਿਆਰੀ ਕਰਦੇ ਹੋਣਾ ਚਾਹੀਦਾ ਸੀ। ਪਰ ਇੱਕ ਬੇਨਾਮ ਜਿਹੀ ਘਬਰਾਹਟ ਕਰਕੇ ਉਹ ਆਪਣੀ ਮਾਂ ਨੂੰ ਆਪਣੀਆਂ ਅੱਖਾਂ ਤੋਂ ਦੂਰ ਨਹੀਂ ਸੀ ਕਰਦੀ ਪਈ।

ਰਾਤ ਦੀ ਚੁੱਪ ਚਾਂ ਵਿਚ, ਮਹਿਰੂਨ ਨੇ ਹਨੇਰੇ ਵਿਚ ਨੂੰ ਟਿਕਟਿਕੀ ਲਾਈ ਹੋਈ ਸੀ। ਇਹ ਉਸਦੀ ਜ਼ਿੰਦਗੀ ਜਿੰਨਾ ਹੀ ਕਾਲਾ ਸੀ। ਬੱਚੇ ਸੁੱਤੇ ਸਨ। ਸਿਰਫ਼ ਸਲਮਾ ਅਜੇ ਵੀ ਜਾਗਦੀ ਸੀ, ਬੈਠਕ ਵਿਚ ਪੜ੍ਹਦੀ, ਅੱਖਾਂ ਉਸਦੀ ਮਾਂ 'ਤੇ ਲੱਗੀਆਂ।

ਮਹਿਰੂਨ ਦੀ ਨੀਂਦ ਗਾਇਬ ਹੋ ਗਈ ਸੀ। ਉਹ ਸੋਚੀਂ ਪਈ ਸੀ: ਕੀ ਖੁਦ ਆਪਣੇ ਘਰ ਉਸਦੀਆਂ ਜੰਗਾਂ ਵਧੇਰੇ ਸੌਖੀਆਂ ਹੁੰਦੀਆਂ ਸਨ? ਇਨਾਇਤ ਨਾਲ ਉਸਦਾ ਨਿਕਾਹ ਉਸਦੇ ਬੀ-ਕੌਮ ਦੇ ਦੂਜੇ ਸਾਲ ਦੇ ਇਮਤਿਹਾਨਾਂ ਤੋਂ ਇੱਕ ਮਹੀਨਾ ਪਹਿਲਾਂ ਹੋਇਆ ਸੀ। ਉਹ ਰੋਈ ਸੀ, ਤਰਲੇ ਕੀਤੇ ਸਨ ਕਿ ਉਨ੍ਹਾਂ ਵਿਚ ਬੈਠ ਲੈਣ ਦਿੱਤਾ ਜਾਏ ਉਸਨੂੰ, ਪਰ ਕਿਸੇ ਨੂੰ ਉਸਦੇ ਤਰਲੇ ਮਿੰਨਤਾਂ ਨਹੀਂ ਸਨ ਸੁਣੇ। ਨਿਕਾਹ ਤੋਂ ਹਫ਼ਤੇ ਕੁ ਬਾਅਦ, ਉਸ ਝਿਜਕਦੀ ਜਿਹੀ ਨੇ ਆਪਣੇ ਸ਼ੌਹਰ ਨਾਲ ਇਸ ਬਾਰੇ ਗੱਲ ਕੀਤੀ ਸੀ। ਉਹ ਹੱਸ ਪਿਆ ਸੀ, ਉਸਨੂੰ 'ਲਵ', 'ਡਾਰਲਿੰਗ', 'ਮੇਰੀ ਮਹਿਰੂਨ' ਸੱਦਿਆ ਸੀ। 'ਜੇ ਤੂੰ ਇੱਥੇ ਨਾ ਹੋਈ', ਉਸ ਕਿਹਾ ਸੀ, 'ਮੈਨੂੰ ਸਾਹ ਕਿਵੇਂ ਆਏਗਾ?'

ਮਹਿਰੂਨ ਨੇ ਮੰਨ ਲਿਆ ਸੀ ਕਿ ਜੇ ਉਹ ਉਸ ਕੋਲ ਨਾ ਹੋਈ, ਸ਼ਾਇਦ ਇਹੋ ਹੋਵੇਗਾ। ਉਹ ਖ਼ੁਸ਼ ਸੀ। ਉਹ ਉਸਦੀ ਹਰ ਇੱਛਾ ਪੂਰੀ ਕਰਦੀ ਸੀ, ਅਤੇ ਉਹੀ ਸੀ ਉਹ ਦੀਵਾ ਜਿਸ ਨਾਲ ਉਸਦਾ ਦਿਲ ਰੌਸ਼ਨ ਸੀ।

ਸਿਰਫ਼ ਜਦੋਂ ਉਸਦੇ ਸੱਸ ਸਹੁਰਾ ਸਾਲ ਕੁ ਪਹਿਲਾਂ ਪੂਰੇ ਹੋ ਗਏ ਕਿ ਮਹਿਰੂਨ ਨੂੰ ਆਪਣਾ ਸ਼ੌਹਰ ਪੂਰੇ ਦਾ ਪੂਰਾ ਮਿਲਿਆ ਸੀ। ਉਸਦੀਆਂ ਨਨਾਣਾਂ ਆਪੋ ਆਪਣੇ ਸ਼ੌਹਰਾਂ ਨਾਲ ਉਨ੍ਹਾਂ ਦੇ ਘਰੀਂ ਜਾ ਚੁੱਕੀਆਂ ਸਨ; ਉਸਦੇ ਦਿਓਰ ਆਪੋ ਆਪਣੇ ਰਾਹ ਟੁਰ ਗਏ ਸਨ। ਇਹ ਪੁਰਾਣਾ ਸੁਫ਼ਨਾ, ਕਿ ਉਸਦਾ ਆਪਣਾ ਕੋਈ ਘਰ ਹੋਏ, ਪੂਰਾ ਹੋ ਗਿਆ ਸੀ। ਪਰ ਹੁਣ ਜਦੋਂ ਹੋ ਗਿਆ ਸੀ, ਉਸਦੇ ਚਿਹਰੇ 'ਤੇ ਝੁਰੜੀਆਂ ਆ ਗਈਆਂ ਸਨ, ਅਤੇ ਉਸਦੇ ਹੱਥਾਂ ਦੀਆਂ ਨਾੜੀਆਂ ਉੱਭਰ ਆਈਆਂ ਸਨ , ਅਤੇ ਉਸਦੀਆਂ ਅੱਖਾਂ ਹੇਠ ਬਰੀਕ ਜਿਹੇ ਪਰਛਾਵੇਂ ਸਨ, ਉਸਦੀਆਂ ਅੱਡੀਆਂ ਵਿਚ ਬਿਆਈਆਂ ਸਨ, ਅਤੇ ਉਸਦੇ ਟੁੱਟੇ ਭੱਜੇ ਉੱਬੜ ਖਾਬੜ ਨੌਂਹਾਂ ਥੱਲੇ ਗੰਦ ਪੱਕੀ ਤਰ੍ਹਾਂ ਵਸ ਗਿਆ ਹੋਇਆ ਸੀ, ਉਸਦੇ ਵਾਲ ਪਤਲੇ ਪੈ ਗਏ ਸਨ – ਅਤੇ ਇਹ ਸੱਭੋ ਕੁਝ ਉਸਦੇ ਧਿਆਨ ਵਿਚ ਨਹੀਂ ਸੀ ਆਇਆ। ਅਤੇ ਸ਼ਾਇਦ ਇਨਾਇਤ ਵੀ ਨਾ ਧਿਆਨ ਕਰਦਾ, ਜੇ ਉਸਦੇ ਅਪੈਂਡਿਕਸ ਦਾ ਅਪਰੇਸ਼ਨ ਨਾ ਹੋਇਆ ਹੁੰਦਾ, ਅਤੇ ਉਹ ਨਰਸ, ਇਕ ਨਿੱਜੀ ਹਸਪਤਾਲ ਵਿਚ ਬਹੁਤਾ ਹੀ ਕੰਮ ਬਹੁਤੀ ਹੀ ਘੱਟ ਤਨਖਾਹ 'ਤੇ ਕਰਦੀ, ਅੱਖਾਂ ਵਿਚ ਹਜ਼ਾਰ ਸੁਫ਼ਨਿਆਂ ਵਾਲੀ, ਤੁਰ ਆਈ ਜਾਂ ਖੌਰੇ ਹਵਾ ਵਿਚ ਤਰਦੀ ਆਈ -ਕੌਣ ਜਾਣੇ- ਆਪਣੇ ਦਮਕਾਂ ਮਾਰਦੇ ਚਿਹਰੇ ਅਤੇ ਸ਼ਹਿਦ ਦੇ ਰੰਗ ਵਾਲੀਆਂ ਅੱਖਾਂ ਨਾਲ ਜਿਹੜੀਆਂ ਜਣੇ ਨੂੰ ਇਓਂ ਅੰਦਰ ਧੂਹ ਲੈਂਦੀਆਂ ਸਨ ਜਿਵੇਂ ਕੋਈ ਭੰਵਰ ਹੋਏ, ਅਤੇ ਜੋ ਆਪਣੇ ਤੀਹਵਿਆਂ ਦੇ ਹੇਠਲੇ ਸਿਰੇ ਨੂੰ ਤਿਲ੍ਹਕੀ ਆ ਰਹੀ ਸੀ, ਅਤੇ ਕੁਝ ਵੀ ਕਰਨ ਨੂੰ ਤਿਆਰ ਸੀ, ਕੁਝ ਵੀ, ਆਪਣਾ ਭਵਿੱਖ ਪੱਕਾ ਕਰਨ ਅਤੇ ਆਪਣੀਆਂ ਹਸਰਤਾਂ ਨੂੰ ਰਜਾਉਣ ਲਈ।

ਇਨਾਇਤ ਨੇ ਉਸਨੂੰ 'ਸਿਸਟਰ' ਆਖ ਨਹੀਂ ਸੀ ਸੱਦਿਆ। ਇਸਦੀ ਬਜਾਇ, ਜਿੰਨੇ ਦਿਨ ਉਹ ਹਸਪਤਾਲ ਰਿਹਾ, ਪਹਿਲੇ ਹੀ ਦਿਨੋਂ ਉਸਨੇ ਉਸਨੂੰ ਉਸਦੇ ਨਾਂ ਨਾਲ ਹੀ ਬੁਲਾਇਆ।

ਅਤੇ ਫੇਰ ਉਸਨੇ ਉਸ ਕੁੱਖ ਦੀ ਹੇਠੀ ਕੀਤੀ ਜਿਸ ਉਸਨੂੰ ਉਸਦੇ ਸਾਰੇ ਬੱਚੇ ਦਿੱਤੇ। ਉਸ ਮਹਿਰੂਨ ਦੀ ਉਸਦੇ ਢਿੱਲੇ ਪੇਟ ਕਰ ਕੇ ਮੀਨਮੇਖ ਕੱਢੀ, ਅਤੇ ਉਸਦੀਆਂ ਡਿੱਗੀਆਂ ਛਾਤੀਆਂ ਕਰਕੇ ਜਿਨ੍ਹਾਂ ਉਸਦੇ ਬੱਚਿਆਂ ਨੂੰ ਰਜਾਇਆ। ਉਸ ਤਾਂ ਉਸਦੀ ਰੂਹ ਨੂੰ ਵੀ ਨੰਗਾ ਮਹਿਸੂਸ ਕਰਾਅ ਦਿੱਤਾ। ਇੱਕ ਦਿਨ ਉਸ ਨੇ ਕਿਹਾ, 'ਤੂੰ ਤਾਂ ਮੇਰੀ ਮਾਂ ਵਰਗੀ ਹੈਂ,' ਅਤੇ ਉਨ੍ਹਾਂ ਲਫ਼ਜ਼ਾਂ ਨਾਲ ਉਸਨੂੰ ਜਿਉਂਦੀ ਨੂੰ ਹੀ ਨਰਕ ਵਿੱਚ ਧੱਕ ਦਿੱਤਾ। ਇਹ ਲਫ਼ਜ਼ ਉੱਚਰਨ ਦੇ ਕੁਝ ਮਹੀਨਿਆਂ ਦੇ ਵਿਚ ਵਿਚ, ਜਿਹੜੀ ਵੀ ਬੁਰਕੀ ਉਸ ਨੇ ਉਸ ਘਰ ਵਿਚ ਖਾਧੀ ਓਹੋ ਗੁਨਾਹ ਜਾਪਣ ਲੱਗੀ। ਆਪਣੇ ਹੀ ਘਰ ਵਿਚ ਅਜਨਬੀ ਹੋਣ ਦਾ ਅਹਿਸਾਸ ਉਸਦਾ ਖਹਿੜਾ ਨਹੀਂ ਸੀ ਛੱਡਦਾ, ਅਤੇ ਬੇਇੱਜ਼ਤੀਆਂ ਦੀ ਅੱਗ ਉਸ ਨੂੰ ਫੂੰਡੀ ਗਈ, ਅਤੇ ਏਸੇ ਲਈ ਉਸ ਆਪਣੇ ਟੱਬਰ ਦੀ ਮਦਦ ਲੱਭੀ ਸੀ।

ਰਾਤ ਹੋਰ ਘਣੀ ਹੁੰਦੀ ਜਾ ਰਹੀ ਸੀ, ਅਤੇ ਮਹਿਰੂਨ ਦੇ ਦਿਲ ਵਿਚ ਖਲਬਲੀ ਪੱਕ ਪੱਕ ਕੇ ਰੋੜਾ ਹੋਈ ਜਾ ਰਹੀ ਸੀ। ਉਸ ਕਦੇ ਆਪਣੇ ਆਪ ਨੂੰ ਏਨੀ ਇਕੱਲੀ ਨਹੀਂ ਸੀ ਜਾਣਿਆ। ਉਹ ਬਿਸਤਰ 'ਤੇ ਉੱਠ ਕੇ ਬੈਠ ਗਈ। ਉਸਦੀ ਪੁੱਛ ਕਰਨ ਵਾਲਾ ਕੋਈ ਨਹੀਂ ਸੀ। ਕੋਈ ਨਹੀਂ ਸੀ ਉਸਨੂੰ ਛੇੜਨ ਵਾਲਾ, ਜੱਫੀ ਪਾਉਣ, ਚੁੰਮਣ ਵਾਲਾ। ਜੋ ਇਹ ਸਭ ਕੁਝ ਕਰਦਾ ਸੀ ਉਹ ਹੁਣ ਕਿਸੇ ਹੋਰ ਦਾ ਸੀ। ਜ਼ਿੰਦਗੀ ਤਾਂ ਜਿਵੇਂ ਮੁੱਕਦੀ ਹੀ ਨਹੀ ਸੀ ਪਈ।

ਅਤੇ ਉਸਦੇ ਪਿੱਛਿਓਂ ਆਈ ਇੱਕ ਉੱਚੀ ਅਵਾਜ਼ ਦਾ ਜਿਵੇਂ ਉਸ 'ਤੇ ਕੋਈ ਅਸਰ ਨਹੀਂ ਸੀ ਹੋਇਆ। ਉਸ ਨੂੰ ਪਤਾ ਸੀ ਕਿ ਇੱਕ ਫ਼੍ਰੇਮ ਵਾਲੀ ਫ਼ੋਟੋ ਜਾ ਪਈ ਹੈ ਅਤੇ ਸ਼ੀਸ਼ਾ ਚੂਰ ਚੂਰ ਹੋ ਗਿਆ ਹੈ, ਅਤੇ ਫ਼੍ਰੇਮ ਟੁਕੜੇ ਟੁਕੜੇ ਹੋ ਗਿਆ ਹੈ, ਅਤੇ ਫ਼ੋਟੋ ਨਿੱਕਲ ਕੇ ਬਾਹਰ ਡਿੱਗੀ ਪਈ ਹੈ, ਪਰ ਇੱਕ ਕੋਈ ਬੇਚੈਨੀ ਉਸਦੇ

ਅੰਦਰ ਘਰ ਕਰ ਗਈ ਸੀ ਅਤੇ ਖਲਾਰੇ ਨੂੰ ਸਾਂਭਣ ਦੀ ਉਸ ਵਿਚ ਕੋਈ ਇੱਛਾ ਨਹੀਂ ਸੀ ਜਾਗੀ। ਉਹ ਹੌਲੀ ਜਿਹੇ ਬਿਸਤਰ ਤੋਂ ਉੱਠੀ। ਉਹ ਬੜਾ ਚਿਰ ਟਿਕਟਿਕੀ ਲਾ ਕੇ ਇਆਣੀ ਨੂੰ ਤੱਕੀ ਗਈ, ਅਤੇ ਫੇਰ ਕਮਰੇ ਵਿੱਚੋਂ ਬਾਹਰ ਤੁਰ ਗਈ। ਉਸਦੇ ਨਿੱਕੇ ਬੱਚੇ ਆਰਾਮ ਨਾਲ ਸੁੱਤੇ ਪਏ ਸਨ।
ਜਦੋਂ ਉਹ ਬੇਅਵਾਜ਼ ਤੁਰਦੀ ਤੁਰਦੀ ਬੈਠਕ ਵਿਚ ਆਈ, ਉਸ ਵੇਖਿਆ ਕਿ ਸਲਮਾ, ਜੋ ਓਥੇ ਬੈਠੀ ਪੜ੍ਹਦੀ ਰਹੀ ਸੀ, ਨੀਂਦ ਦੇ ਵੱਸ ਪੈ ਗਈ ਸੀ, ਉਸਦਾ ਸਿਰ ਮੇਜ਼ 'ਤੇ ਸੀ। ਉਹ ਓਥੇ ਖਲੋਤੀ ਰਹੀ, ਆਪਣੀ ਸੁੱਤੀ ਪਈ ਕੁੜੀ ਦੇ ਨੇੜੇ, ਅਤੇ ਉਸਦਾ ਸਰੀਰ ਅਣਨਿੱਕਲੇ ਅੱਥਰੂਆਂ ਨਾਲ ਹਿੱਲਣ ਲੱਗ ਪਿਆ। ਉਸ ਸੋਚਿਆ ਸੀ ਕਿ ਉਸਦੇ ਸਾਰੇ ਅਹਿਸਾਸ ਮਰ ਚੁੱਕੇ ਸਨ, ਪਰ ਸਲਮਾ ਨੂੰ ਵੇਖ ਜੋ ਉਠਾਅ ਉਸ ਵਿਚ ਉੱਠਿਆ ਉਸ ਕਰਕੇ ਤਾਂ ਉਸ ਦੇ ਦਿਲ ਵਿਚ ਆਇਆ ਕਿ ਉਹ ਓਥੇ ਹੀ ਢੇਰੀ ਹੋ ਜਾਏ। ਉਸ ਆਪਣੀ ਕੁੜੀ ਨੂੰ ਛੋਹਣ ਦੀ ਤੀਬਰ ਇੱਛਾ ਉੱਤੇ ਕਾਬੂ ਪਾਇਆ ਅਤੇ ਉਸਨੂੰ ਕਿਹਾ, ਆਪਣੇ ਦਿਲ ਹੀ ਦਿਲ ਵਿਚ, 'ਤੈਨੂੰ ਇਨ੍ਹਾਂ ਸਾਰੇ ਬੱਚਿਆਂ ਦੀ ਮਾਂ ਬਣਨਾ ਪੈਣੈਂ, ਪਿਆਰੀਏ।'

ਉਸਦੇ ਪੈਰ ਹੌਲੀ ਹੌਲੀ ਉਸਨੂੰ ਅਗਾਂਹ ਲਿਜਾਣ ਲੱਗੇ। ਉਸ ਘਰ ਦਾ ਦਰਵਾਜ਼ਾ ਖੋਲ੍ਹਿਆ ਅਤੇ ਬਾਹਰ ਕਦਮ ਰੱਖਿਆ। ਜਿਹੜੇ ਥੋੜ੍ਹੇ ਜਿਹੇ ਬੂਟੇ ਉਸ ਨੇ ਪਾਲੇ ਸਨ ਉਹ ਇਸ ਤਰ੍ਹਾਂ ਲੱਗਦਾ ਸੀ ਕਿ ਰੋ ਰਹੇ ਹਨ। ਉਹ ਉਸ ਫ਼ੈਸਲੇ ਨਾਲ ਸਹਿਮਤੀ ਵਿਚ ਸਿਰ ਹਿਲਾਉਂਦੇ ਜਾਪਦੇ ਸਨ ਜੋ ਉਸ ਲਿਆ ਸੀ। ਉਹ ਮੁੜ ਅੰਦਰ ਆਈ, ਆਪਣੇ ਪਿੱਛੇ ਦਰਵਾਜ਼ੇ ਨੂੰ ਕੁੰਡੀ ਲਾਈ, ਰਸੋਈ ਵਿਚ ਗਈ, ਮਿੱਟੀ ਦੇ ਤੇਲ ਦੀ ਕੈਨੀ ਚੁੱਕੀ ਅਤੇ ਘਰ ਵਿਚ ਤੁਰੀ ਫਿਰੀ, ਫ਼ੈਸਲਾ ਨਾ ਕਰ ਸਕਦੀ ਪਈ ਕਿ ਕਿੱਥੇ ਉਹ ਇਸ ਨੂੰ ਆਪਣੇ ਆਪ ਉੱਤੇ ਉਲੱਦੇ। ਬੈਠਕ ਵਿਚ ਵਾਪਸ ਆਉਣ ਤੋਂ ਪਹਿਲਾਂ ਉਹ ਇੱਕ ਵਾਰ ਫੇਰ ਆਪਣੇ ਸੁੱਤੇ ਬੱਚਿਆਂ ਨੂੰ ਤੱਕਣ ਲਈ ਰੁਕੀ।
ਉਸ ਸਲਮਾ ਵੱਲ ਨਾ ਤੱਕਿਆ।

ਉਹ ਤੇਜ਼ ਤੇਜ਼ ਤੁਰਦੀ ਰਸੋਈ ਵਿਚ ਗਈ, ਮਾਚਸ ਦੀ ਡੱਬੀ ਚੁੱਕੀ ਅਤੇ, ਇਸਨੂੰ ਆਪਣੇ ਸੱਜੇ ਹੱਥ ਵਿਚ ਘੁੱਟ ਕੇ ਫੜੀ, ਉਸ ਹੌਲੀ ਜਿਹੇ ਘਰ ਦੇ ਦਰਵਾਜ਼ੇ ਦੀ ਕੁੰਡੀ ਖੋਲ੍ਹੀ ਅਤੇ ਇੱਕ ਵਾਰ ਮੁੜ ਅਗਲੇ ਵਿਹੜੇ ਵਿਚ ਆਈ। ਉਸ ਨੇ ਹਨੇਰੇ ਵਿਚ ਟਿਕਟਿਕੀ ਬੰਨ੍ਹੀ ਅਤੇ ਇਸ ਸੋਚ ਨੂੰ ਮੁੜ ਪੱਕਿਆਂ ਕਰ ਕਿ ਉਸਦਾ ਕੋਈ ਨਹੀਂ, ਕਿ ਕਿਸੇ ਨੂੰ ਉਸਦੀ ਲੋੜ ਨਹੀਂ, ਉਸ ਕੈਨੀ ਆਪਣੇ ਉੱਤੇ ਉਲੱਦ ਲਈ। ਉਹ ਆਪਣੇ ਤੋਂ ਬਾਹਰੀ ਕਿਸੇ ਤਾਕਤ ਦੇ ਕਬਜ਼ੇ ਵਿਚ ਸੀ। ਉਸ ਆਲੇ ਦੁਆਲੇ ਵੇਖਿਆ, ਅਤੇ ਉਸ ਨੂੰ ਕੋਈ ਅਵਾਜ਼ ਨਾ ਆਈ, ਅਤੇ ਉਸਨੂੰ ਕੋਈ ਛੋਹ ਮਹਿਸੂਸ ਨਹੀਂ ਸੀ ਹੋ ਰਹੀ, ਉਸਦੀਆਂ ਕੋਈ ਯਾਦਾਂ ਨਹੀਂ ਸਨ ਬਚੀਆਂ, ਕੋਈ ਰਿਸ਼ਤੇ ਉਸਨੂੰ ਵਿੰਨ੍ਹ ਨਹੀਂ ਸੀ ਸਕਦੇ। ਉਹ ਆਪਣੀ ਸੁਚੇਤੀ ਤੋਂ ਅਗਾਂਹ ਸੀ।

ਪਰ ਘਰ ਵਿਚ ਸਭ ਕੁਝ ਵਾਪਰ ਰਿਹਾ ਸੀ, ਜਿੱਥੇ ਇਆਣੀ ਦੀਆਂ ਭੁੱਖ ਨਾਲ ਨਿਕਲੀਆਂ ਚੀਕਾਂ ਕਰਕੇ ਸਲਮਾ ਤ੍ਰਭਕ ਕੇ ਜਾਗ ਪਈ ਸੀ, ਅਤੇ ਜਿਸ ਕਰਕੇ ਉਹ ਭੱਜੀ ਹੀ ਗਈ ਸੀ ਬਾਲੜੀ ਨੂੰ ਆਪਣੀ ਛਾਤੀ ਨਾਲ ਘੁੱਟਣ, ਅਤੇ 'ਅੰਮੀਂ, ਅੰਮੀ' ਚੀਕਦੀ, ਕਮਰਿਓਂ ਬਾਹਰ ਓਥੇ ਜਾ ਪੁੱਜੀ ਜਿੱਥੇ ਉਸਦੇ ਭੈਣਾਂ ਭਰਾ ਸੁੱਤੇ ਸਨ ਅਤੇ ਫੇਰ ਸਾਰਾ ਘਰ ਛਾਣਦੀ, ਮਾਂ ਨੂੰ ਲੱਭਦੀ, ਜਦੋਂ ਉਸ ਖੁੱਲ੍ਹਾ ਬੂਹਾ ਵੇਖਿਆ ਅਤੇ ਭੱਜ ਕੇ ਬਾਹਰ ਵਿਹੜੇ ਵਿਚ ਆਈ, ਅਤੇ, ਓਸ ਧੁੰਦਲੇ ਹਨੇਰੇ ਵਿਚ ਵੀ, ਉਸ ਆਪਣੀ ਮਾਂ ਦਾ ਅਕਾਰ ਡਿੱਠਾ ਅਤੇ ਮਿੱਟੀ ਦੇ ਤੇਲ ਦੀ ਮਹਿਕ ਆਈ। ਬਿਨ ਕੁਝ ਵੀ ਸੋਚੇ ਉਹ ਅੱਗੇ ਵੱਲ ਨੂੰ ਨੱਸ ਪਈ, ਬਾਲੜੀ ਚੁੱਕੀ, ਅਤੇ ਆਪਣੀ ਮਾਂ ਨੂੰ ਕੱਸ ਕੇ ਜੱਫੀ ਪਾ ਲਈ। ਉਸਦੀ ਮਾਂ, ਮਾਚਸ ਹੱਥ ਵਿਚ, ਬਿਨ ਕਿਸੇ ਜਜ਼ਬੇ ਜੱਫੀ ਪਾਉਣ ਵਾਲੀ ਆਪਣੀ ਧੀ ਨੂੰ ਵੇਖ ਰਹੀ ਸੀ, ਜਿਵੇਂ ਉਸਨੂੰ ਤਾਂ ਕਿਸੇ ਹੋਰ ਦੀ ਆਸ ਸੀ। ਸਲਮਾ ਨੇ ਬਾਲੜੀ ਧਰਤੀ 'ਤੇ ਪਾ ਦਿੱਤੀ, ਅਤੇ ਚੀਖ ਕੇ ਬੋਲੀ, ''ਅੰਮੀ! ਅੰਮੀ! ਸਾਨੂੰ ਛੱਡ ਕੇ ਨਾ ਜਾਈਂ!' ਉਸ ਆਪਣੀ ਮਾਂ ਦੀਆਂ ਲੱਤਾਂ ਫੜ ਲਈਆਂ।
ਸਲਮਾ ਹਟਕੋਰੇ ਭਰ ਰਹੀ ਸੀ, ਅਤੇ ਨਿੱਕੀ ਬਾਲੜੀ ਧਰਤੀ 'ਤੇ ਰੋਅ ਰਹੀ ਸੀ। ਮਹਿਰੂਨ ਨੇ ਉਨ੍ਹਾਂ ਵੱਲ ਤੱਕਿਆ, ਅਤੇ ਜੱਦੋਜਹਿਦ ਕੀਤੀ ਉਸ ਅਜੀਬ ਬਲਾਅ ਤੋਂ ਛੁਟਕਾਰਾ ਪਾਉਣ ਲਈ ਜਿਹੜੀ ਉਸਨੂੰ ਵਲ਼ੀ ਬੈਠੀ ਸੀ, ਅਤੇ ਮਾਚਸ ਦੀ ਡੱਬੀ ਉਸਦੇ ਹੱਥੋਂ ਡਿੱਗ ਪਈ। ਸਲਮਾ ਨੇ ਅਜੇ ਵੀ ਆਪਣੀ ਮਾਂ ਦੀਆਂ ਲੱਤਾਂ ਕੱਸ ਕੇ ਫੜੀਆਂ ਹੋਈਆਂ ਸਨ। 'ਅੰਮੀਂ' ਉਹ ਕਹਿ ਰਹੀ ਸੀ, 'ਸਿਰਫ਼ ਏਸੇ ਲਈ ਕਿ ਤੇਰੇ ਤੋਂ ਇੱਕ ਜਣਾ ਖੁਸ ਗਿਐ, ਤੂੰ ਸਾਨੂੰ ਸਾਰਿਆਂ ਨੂੰ ਓਸ ਤੀਵੀਂ ਦੇ ਰਹਿਮੋ ਕਰਮ 'ਤੇ ਸੁੱਟ ਜਾਏਂਗੀ? ਤੂੰ ਅੱਬਾ ਲਈ ਮਰਨ ਨੂੰ ਤਿਆਰ ਐਂ, ਪਰ ਤੂੰ ਸਾਡੇ ਲਈ ਜਿਊਂ ਨਹੀਂ ਸਕਦੀ? ਤੂੰ ਸਾਨੂੰ ਸਾਰਿਆਂ ਨੂੰ ਯਤੀਮ ਕਿਵੇਂ ਕਰ ਸਕਦੀ ਐਂ, ਅੰਮੀਂ? ਸਾਨੂੰ ਤੂੰ ਚਾਹੀਦੀ ਐਂ।' ਪਰ ਉਸਦੇ ਲਫ਼ਜ਼ਾਂ ਨਾਲੋਂ ਵੀ, ਇਹ ਤਾਂ ਸਗੋਂ ਸਲਮਾ ਦੀ ਛੋਹ ਸੀ ਜਿਸ ਉਸ 'ਤੇ ਅਸਰ ਪਾ ਦਿੱਤਾ।
ਉਸ ਘਿੱਗੀ-ਬੱਝੀ ਬੱਚੀ ਗੋਦੀ ਚੁੱਕੀ ਅਤੇ ਸਲਮਾ ਨੂੰ ਆਪਣੀ ਛਾਤੀ ਨਾਲ ਲਾਇਆ, ਅਤੇ, ਇਸ ਅਹਿਸਾਸ ਨਾਲ ਕਿ ਜਿਵੇਂ ਉਸਨੂੰ ਕੋਈ ਵਾਰਸ ਮਿਲ ਗਈ ਹੋਏ, ਕਿਸੇ ਸਹੇਲੀ ਵੱਲੋ ਉਸਨੂੰ ਛੋਹਿਆ ਅਤੇ ਸਮਝਿਆ ਜਾ ਰਿਹਾ ਹੋਏ, ਮਹਿਰੂਨ ਦੀਆਂ ਅੱਖਾਂ ਭਾਰੀਆਂ ਹੋ ਗਈਆਂ, ਅਤੇ ਉਹ ਏਨਾ ਹੀ ਕਹਿ ਸਕੀ, 'ਮੈਨੂੰ ਮਾਫ਼ ਕਰੀਂ, ਮੇਰੀਏ ਲਾਡਲੀਏ,' ਜਦੋਂ ਓਧਰ ਰਾਤ ਦਾ ਹਨੇਰਾ ਛਟਣ ਲੱਗ ਪਿਆ ਸੀ।

(ਕਿਤਾਬ ''ਹਾਰਟ ਲੈਂਪ'' ਤੋਂ)

ਹੜ੍ਹਾਂ ਅਤੇ ਹੱਦਾਂ ਬਾਰੇ ਕਹਾਣੀਆਂ..

ਖ਼ਵਾਜਾ ਅਹਿਮਦ ਅੱਬਾਸ ਦੀ ਇੱਕ ਕਹਾਣੀ ਵਿਚ ਇੱਕ ਨੌਜਵਾਨ ਮੁੰਡਾ ਨਦੀ 'ਚ ਵਹਿ ਜਾਂਦਾ ਹੈ ਅਤੇ ਪਾਕਿਸਤਾਨ 'ਚ ਜ਼ਿੰਦਾ ਪਹੁੰਚ ਜਾਂਦਾ ਹੈ! ਉਸਦੀ ਜ਼ਿੰਦਗੀ ਪੂਰੀ ਬਦਲ ਜਾਂਦੀ ਹੈ।
ਓਧਰ ਰਹਿੰਦਿਆਂ ਉਸਦੇ ਨਵੇਂ ਰਿਸ਼ਤੇ ਬਣ ਜਾਂਦੇ ਹਨ, ਨਵੇਂ ਲੋਕਾਂ ਨਾਲ ਅਪਣੱਤ ਪੈਦਾ ਹੋ ਜਾਂਦੀ ਹੈ ਅਤੇ ਜਦੋਂ ਉਸ ਵਾਪਸ ਆਉਣਾ ਹੁੰਦਾ ਹੈ, ਉਸਦੀ ਰੂਹ ਦੋ ਹਿੱਸਿਆਂ ਵਿੱਚ ਵੰਡੀ ਹੋਈ ਹੈ।
ਰਾਜ ਕਪੂਰ ਨੇ ਇਸ ਕਹਾਣੀ ਨੂੰ ਅਧਾਰ ਬਣਾਅ ਕੇ ਆਪਣੀ ਅਖੀਰੀ ਫ਼ਿਲਮ ਬਣਾਈ ਸੀ- "ਹਿਨਾ"।

ਇਸ ਵਾਰ, ਹੜ੍ਹਾਂ 'ਚ ਬਹੁਤ ਸਾਰੇ ਦੁਧਾਰੂ ਅਤੇ ਪਾਲਤੂ ਪਸ਼ੂ ਹੜ੍ਹ ਕੇ ਪਾਕਿਸਤਾਨ ਪਹੁੰਚ ਗਏ, ਉਨਾਂ ਨੂੰ ਪਾਕਿਸਤਾਨ ਦੇ ਲੋਕਾਂ ਜ਼ਿੰਦਾ ਕੱਢ ਵੀ ਲਿਆ, ਘਰਾਂ ਨੂੰ ਵੀ ਲੈ ਗਏ ਹਨ। ਇੱਕ ਕੁੱਤਾ ਵੀ ਨਾਲ ਗਿਆ ਹੈ! ਇਹ ਵੀਡੀਓ ਦੇਖਦਿਆਂ ਕਈ ਅਜੀਬੋ ਗਰੀਬ ਖ਼ਿਆਲ ਜ਼ਿਹਨ ਵਿੱਚ ਪੈਦਾ ਹੁੰਦੇ ਰਹੇ। ਇਨ੍ਹਾਂ ਬੇਜ਼ੁਬਾਨਾਂ ਦਾ ਵੀ ਬਹੁਤ ਕੁਝ ਬਦਲ ਗਿਆ ਹੋਵੇਗਾ। ਮੱਝਾਂ ਗਾਵਾਂ ਤਾਂ ਸ਼ਾਇਦ ਕੁਝ ਦਿਨਾਂ ਬਾਅਦ ਬਗਾਨੇ ਮਹੌਲ ਨੂੰ ਅਪਨਾਅ ਲੈਣ- ਪਰ ਕੁੱਤੇ ਇਸ ਤਰ੍ਹਾਂ ਨਹੀਂ ਕਰਦੇ; ਉਹ ਸਾਲਾਂ ਤੱਕ ਆਪਣੇ ਮਾਲਕਾਂ, ਆਪਣੇ ਨਾਲ ਰਹਿਣ ਵਾਲਿਆਂ ਨੂੰ ਨਹੀਂ ਭੁੱਲਦੇ ।
ਸਆਦਤ ਹਸਨ ਮੰਟੋ ਦੀ ਕਹਾਣੀ "ਟੋਭਾ ਟੇਕ ਸਿੰਘ" ਵਿੱਚ ਬੜਾ ਦਿਲਚਸਪ ਅਤੇ ਟੁੰਬਵਾਂ ਹਵਾਲਾ ਹੈ। ਵੰਡ ਵੇਲੇ ਪਾਗਲਾਂ ਨੂੰ ਸਮਝਾਇਆ ਜਾਣਾ ਹੈ ਕਿ ਹੁਣ ਪਾਕਿਸਤਾਨ ਬਣ ਗਿਆ ਹੈ, ਹਿੰਦੂ ਅਤੇ ਸਿੱਖ ਪਾਗਲਾਂ ਨੂੰ ਦੂਜੇ ਪਾਸੇ ਭੇਜਿਆ ਜਾਣਾ ਹੈ ਪਰ ਕੋਈ ਉਹਨਾਂ ਵਿੱਚੋਂ ਸਮਝ ਹੀ ਨਹੀਂ ਪਾ ਰਿਹਾ ਕਿ ਕੀ ਹੋਇਆ ਹੈ, ਅਤੇ ਆਖਰ ਕੀ, ਕਿੱਥੇ ਬਣ ਗਿਆ ਹੈ? ਕੀ ਇਸ ਤਰ੍ਹਾਂ ਵੀ ਹੋ ਸਕਦਾ ਹੈ ਕਿ ਮੁਲਕ ਦੇ ਵਿਚਾਲੇ ਲਕੀਰ ਖਿੱਚ ਦਿੱਤੀ ਗਈ ਹੋਵੇ?
ਇਨ੍ਹਾਂ ਜਾਨਵਰਾਂ ਨੂੰ ਵੀ ਸ਼ਾਇਦ ਕਦੇ ਸਮਝ ਨਹੀਂ ਆਏਗਾ ਕਿ ਸ਼ਾਇਦ ਹੁਣ ਉਹ ਵਾਪਸ ਉਸ ਮਹੌਲ 'ਚ ਕਦੇ ਨਹੀਂ ਜਾ ਸਕਣਗੇ। ਉਨ੍ਹਾਂ ਨੂੰ ਨਹੀਂ ਪਤਾ ਲੱਗੇਗਾ ਕਿ ਹੁਣ ਉਹ ਦੂਜੇ ਮੁਲਕ ਵਿੱਚ ਹਨ, ਭਾਵੇਂ ਥੋੜੀ ਜਿਹੀ ਦੂਰੀ ਤੋਂ ਵਹਿੰਦੇ ਹੋਏ ਇਥੇ ਆਏ ਹਨ। ਨਾ ਪਾਣੀ ਨੂੰ ਇਲਮ ਹੈ ਕਿ ਇਹ 'ਦੂਜਾ ਮੁਲਕ' ਹੈ, ਨਾ ਉਹਨਾਂ ਨੂੰ ਹੋਵੇਗਾ!
ਪਸ਼ੂਆਂ ਨੂੰ ਲੋਕਾਂ ਸਾਂਭ ਲਿਆ ਹੋਏਗਾ ਪਰ ਜੇਕਰ ਕੋਈ ਮਨੁੱਖ ਇਸ ਤਰ੍ਹਾਂ ਚਲਾ ਜਾਏਗਾ ਤਾਂ ਉਸ ਨੂੰ ਸਾਂਭਿਆ ਨਹੀਂ ਜਾਵੇਗਾ ... ਮਨੁੱਖ ਨਾਲ ਵਿਹਾਰ ਕੁਝ ਵੱਖਰਾ ਹੋਣਾ ਹੁੰਦਾ ਹੈ!
ਮੰਟੋ ਦੀ ਇੱਕ ਹੋਰ ਕਹਾਣੀ ਯਾਦ ਆ ਗਈ ਹੈ- "ਟੀਟਵਾਲ ਦਾ ਕੁੱਤਾ"! ਪਾਕਿਸਤਾਨ ਅਤੇ ਹਿੰਦੁਸਤਾਨ ਦੀ ਹੱਦ 'ਤੇ ਕੁੱਤਾ ਰਹਿੰਦਾ ਹੈ। ਕੁੱਤਾ ਮਸਤ ਹੈ- ਕਦੇ ਏਧਰ ਦੇ ਫ਼ੌਜੀਆਂ ਤੋਂ ਰੋਟੀ ਖਾ ਲਈ, ਕਦੇ ਦੂਜੇ ਪਾਸੇ ਚਲਾ ਗਿਆ- ਉਹ ਹੱਦ ਨੂੰ ਕੁਝ ਨਹੀਂ ਸਮਝਦਾ! ਉਸ ਨੂੰ ਭੇਤ ਨਹੀਂ ਕਿ ਉਹ ਦੋ ਮੁਲਕਾਂ ਵਿਚ ਰਹਿੰਦਾ ਹੈ ਜਿੱਥੇ ਅਕਸਰ ਫ਼ੌਜੀਆਂ ਦੇ ਮਨਾਂ ਵਿੱਚ ਇੱਕ ਦੂਜੇ ਵਾਸਤੇ ਨਫ਼ਰਤ ਵੱਟ ਖਾਂਦੀ ਰਹਿੰਦੀ ਹੈ ।
ਫਿਰ ਇੱਕ ਦਿਨ ਇੱਕ ਫ਼ੌਜੀ, ਜੋ ਅੱਕਿਆ ਹੋਇਆ ਹੈ, ਮਾਯੂਸ ਹੈ, ਅਤੇ ਕੁੱਤੇ ਤੋਂ ਸੜਦਾ ਹੈ ਕਿ ਉਹ ਕਿਸ ਤਰ੍ਹਾਂ ਮਸਤ ਜੀਵਨ ਜੀਅ ਰਿਹਾ ਹੈ- ਉਸ ਨੂੰ ਗੋਲੀ ਮਾਰ ਦਿੰਦਾ ਹੈ! ਫ਼ੌਜੀ ਨੂੰ ਜਿਵੇਂ ਇਹ ਲੱਗਦਾ ਹੈ ਕਿ ਆਖ਼ਿਰ ਕੋਈ ਇਸ ਤਣਾਅ ਭਰੇ ਮਹੌਲ 'ਚ ਮਸਤ ਕਿਵੇਂ ਹੈ!
ਸਰਹੱਦਾਂ ਦਾ ਸੰਕਲਪ ਵੈਸੇ ਵੀ ਅਜੀਬੋ ਗਰੀਬ ਹੈ ਪਰ ਸ਼ਾਇਦ ਇਹ ਜ਼ਰੂਰੀ ਹੋ ਗਈਆਂ ਹੋਣ। ਅਤੇ ਜਦੋਂ ਅਣਮਨੁੱਖੀ, ਗ਼ੈਰ ਕੁਦਰਤੀ ਸਰਹੱਦੀ ਲਕੀਰ ਖਿੱਚੀ ਗਈ ਹੋਵੇ, ਤਾਂ ਬਹੁਤ ਕੁਝ ਅਜੀਬ ਵਾਪਰਦਾ ਰਹਿੰਦਾ ਹੈ- ਸਦੀਆਂ ਤੱਕ ਵਾਪਰਦਾ ਰਹਿੰਦਾ ਹੈ ।

ਤਰਸੇਮ ਬਸ਼ਰ

ਉਡਾਣ / ਪਾਲ ਕੌਰ (ਡਾ.)

ਪੈਰ, ਲਛਮਣ-ਰੇਖਾ

ਨਾਲ ਸਦਾ ਟਕਰਾਏ ਨੇ!
ਪੈਰ, ਕਦੀ ਰਾਹਾਂ
ਤੇ ਲਛਮਣ-ਰੇਖਾਵਾਂ ਵਿਚਾਲੇ
ਲਮਕ ਕੇ ਰਹਿ ਗਏ ਨੇ-
ਤੇ ਪੈਰ ਮਚਦੀਆਂ ਰੇਖਾਵਾਂ 'ਚ ਸੜਦੇ
ਪਾਰ ਵੀ ਗਏ ਨੇ!

ਅੱਖਾਂ ਲਛਮਣ-ਰੇਖਾ ਤੋਂ ਪਾਰ ਖੜ੍ਹੇ
ਰਾਵਣ ਨੂੰ ਨਹੀਂ ਪਛਾਣਦੀਆਂ-
ਦੋ ਮਰਿਯਾਦਾਵਾਂ 'ਚ ਘਿਰੇ ਪੈਰ
ਇਕ ਮਰਿਯਾਦਾ ਨੂੰ ਰੱਦ ਕਰਦੇ
ਬਾਹਰ ਆ ਜਾਂਦੇ ਨੇ -
ਪਰ ਜਦੋਂ ਮੋਹ ਭੰਗ ਹੁੰਦਾ ਹੈ
ਤਾਂ ਪੈਰ ਫਿਰ ਲਛਮਣ-ਰੇਖਾ ਨੂੰ
ਜਾ ਗਲੇ ਲਾਉਂਦੇ ਨੇ!

ਪਰ ਬੜਾ ਸਾਹ ਘੁਟਦਾ ਹੈ
ਇਸ ਰੇਖਾ ਦੇ ਅੰਦਰ
ਤਨ ਇਸ ਪਾਰ ਹੁੰਦਾ ਹੈ
ਤੇ ਮਨ ਉਸ ਪਾਰ -
ਦਾਅਵਾ ਇਸ ਪਾਰ ਹੁੰਦਾ ਹੈ
ਤੇ ਉਡਾਣ ਉਸ ਪਾਰ -
ਫਿਰ ਕਦੇ ਤਾਂ ਅਸੀਂ
ਪੈਰ ਫੜ ਕੇ ਬਹਿ ਜਾਂਦੇ ਹਾਂ -
ਜੀਣ ਨੂੰ ਬਚਾਉਂਦੇ ਬਚਾਉਂਦੇ
ਰੋਜ਼ ਮਰਦੇ ਹਾਂ-
ਕਦੀ ਵਿਸ਼ਾਲ ਅਸਮਾਨ ਸਾਨੂੰ
'ਵਾਜਾਂ ਮਾਰਦਾ ਹੈ-
ਅਸੀਂ ਮਨ ਨੂੰ ਤਨ ਨਾਲ ਜੋੜਦੇ ਹਾਂ
ਤਾਂ ਸਾਡੇ ਪੈਰਾਂ ਵਿਚੋਂ ਵੀ ਖੰਭ
ਉੱਗ ਆਉਂਦੇ ਨੇ!

ਪਰ ਕਿਸੇ ਦੇ ਮੋਢਿਆਂ 'ਤੇ
ਬਹਿ ਕੇ ਉੱਡਣਾ
ਤੇ ਕਿਸੇ ਦਾ ਹੱਥ ਫੜ ਕੇ
ਬਾਹਰ ਆਉਣਾ
ਤਾਂ ਨਵੇਂ ਪਿੰਜਰੇ ਵੱਲ ਦਾ ਸਫ਼ਰ ਹੈ-
ਪੈਰ ਆਪਣੇ ਹੋਣ, ਖੰਭ ਆਪਣੇ ਹੋਣ
ਤੇ ਪਾਰ ਕਿਸੇ 'ਤੇ ਅੱਖ ਨਾ ਹੋਵੇ-
ਉਡਾਰੀ ਤਦ ਹੀ ਹੁੰਦੀ ਹੈ-
ਮਜ਼ਾ ਉੱਡਣ ਦਾ, ਤਾਂ ਹੀ ਆਉਂਦਾ ਹੈ!

ਫੋਟੋ ਖਿੱਚੀ- ਸੁਖਜੀਵਨ

ਚੋਰ

ਨਵਤੇਜ ਸਿੰਘ

8 ਜਨਵਰੀ 1925 – 12 ਅਗਸਤ 1981

"ਵੀਰਾ ਜੀ-ਉੱਠੋ...ਚੋਰ!"
"ਥੱਲੇ ਮੰਗਲ ਸਿੰਘ ਨੇ ਚੋਰ ਫੜਿਐ!"
ਜੀਤ ਅੱਭੜਵਾਹੇ ਉੱਠ ਪਿਆ, "ਕੀ.. ਕਿੱਥੇ ਚੋਰ?" ਤੇ ਅੱਧਨੀਂਦੇ ਹੱਥਾਂ ਨਾਲ ਮੰਜੀ ਥੱਲਿਓਂ ਐਨਕ ਲੱਭਣ ਲੱਗਾ।
"ਨੀ ਕੁੜੀਓ, ਬੱਤੀ ਤਾਂ ਬਾਲੋ... ਜਲਦੀ," ਜੀਤ ਦੇ ਮਾਤਾ ਜੀ ਦੀ ਵਾਜ ਵਿਚ ਬੜੀ ਘਬਰਾਹਟ ਸੀ। ਵੱਡੇ ਭਰਾ ਜੀ ਨੇ ਕੋਠੇ ਤੋਂ ਥੱਲੇ ਮੰਗਲ ਪਹਿਰੇਦਾਰ ਨੂੰ ਵਾਜ ਮਾਰੀ, "ਮੰਗਲਾ, ਕਾਬੂ ਕੀਤਾ ਹੋਇਆ ਈ ਨਾ?"
"ਆਹੋ," ਮੰਗਲ ਸਿੰਘ ਨੇ ਚੋਰ ਨੂੰ ਮੋਟੀ ਸਾਰੀ ਗਾਲ੍ਹ ਕੱਢ ਕੇ ਕਿਹਾ।

ਬੱਤੀ ਬਲ ਚੁੱਕੀ ਸੀ। ਭਰਾ ਜੀ ਤੇ ਜੀਤ ਥੱਲੇ ਉੱਤਰਨ ਲੱਗੇ।
"ਕਾਕਾ, ਕੋਈ ਲਾਠੀ ਲੈ ਜਾਓ। ਚੋਰ ਦਾ ਕੁਝ ਵਸਾਹ ਨਹੀਂ ਹੁੰਦਾ!" ਤੇ ਨਿੱਕੇ ਤਾਰੀ ਨੂੰ ਸੰਦੂਕਾਂ ਵਾਲੇ ਕਮਰੇ ਵਿਚੋਂ ਲਾਠੀ ਲੱਭਣ ਲਈ ਭੇਜ ਕੇ ਮਾਤਾ ਜੀ ਨੇ ਗੱਲ ਜਾਰੀ ਰੱਖੀ, "ਪਤਾ ਨਹੀਂ, ਅੱਜਕਲ੍ਹ ਚੋਰੀਆਂ ਨੂੰ ਕੀ ਆਖਰ ਆ ਗਈ ਏ। ਤੇਰੀ ਦਿੱਲੀ ਵਾਲੀ ਚਾਚੀ ਦੇ ਘਰ ਦਿਨ ਦੀਵੀਂ ਪਰਸੋਂ ਚੋਰੀ ਹੋ ਗਈ ਸੀ!"
"ਰੋਟੀ ਜੂ ਲੋਕਾਂ ਨੂੰ ਮਿਲਣੀ ਔਖੀ ਹੋ ਗਈ ਏ," ਜੀਤ ਨੇ ਹੌਲੀ ਜਿਹੀ ਆਪਣਾ ਖ਼ਿਆਲ ਦੱਸਿਆ।

ਵੱਡੇ ਭਰਾ ਜੀ ਦੇ ਡੌਲੇ ਫਰਕ ਰਹੇ ਸਨ। ਉਨ੍ਹਾਂ ਦੇ ਅੰਦਰ ਏਸ ਵੇਲੇ ਸ਼ਿਕਾਰੀ ਜਾਗ ਪਿਆ ਸੀ, ਤੇ ਜੀਤ ਨੂੰ ਹੁਣ ਉਹ ਐਨ ਉਸ ਤਰ੍ਹਾਂ ਦੇ ਲੱਗ ਰਹੇ ਸਨ ਜਿਸ ਤਰ੍ਹਾਂ ਦੇ ਉਹ ਸ਼ਿਕਾਰ ਖੇਡਣ ਜਾਣ ਵੇਲੇ ਲੱਗਦੇ ਹੁੰਦੇ ਸਨ।
ਕੁਰੱਖ਼ਤ ਵਾਜ ਵਿਚ ਉਨ੍ਹਾਂ ਕਿਹਾ, "ਓਏ ਤਾਰੀ ਦੇ ਬੱਚੇ—ਲਾਠੀ ਲਿਆ ਮਰ, ਏਨੀ ਦੇਰ ਲਾ ਕੇ ਢੇਰ ਪੂਰੀਆਂ ਪਾਏਂਗਾ!"
"ਜੀਤ ਵੀਰਾ ਜੀ ਤਾਂ ਚਰਜ ਈ ਗੱਲਾਂ ਕਰਦੇ ਨੇ...ਅਖੇ ਰੋਟੀ ਨਹੀਂ ਮਿਲਦੀ," ਜੀਤ ਦੀ ਵਿਚਕਾਰਲੀ ਭੈਣ ਨੇ ਕਿਹਾ, "ਭਲਾ ਚੋਰੀ ਵੀ ਕੋਈ ਤਰੀਕਾ ਏ ਰੋਟੀ ਖਾਣ ਦਾ! ਕੰਮ ਕਰਨ— ਸਾਰੀ ਦਿਹਾੜੀ ਵਿਹਲੇ ਰਹਿੰਦੇ ਨੇ ਤੇ ਰਾਤੀਂ ਧਾੜੇ ਮਾਰਦੇ ਨੇ।" ਵਿਚਕਾਰਲੀ ਭੈਣ ਦਾ ਰੰਗ ਬੱਤੀ ਦੀ ਲੋਅ ਵਿਚ ਬੜਾ ਪੀਲਾ ਲੱਗਦਾ ਪਿਆ ਸੀ, ਉਹ ਕਿੰਨੇ ਦਿਨਾਂ ਤੋਂ ਪਤਲਿਆਂ ਹੋਣ ਲਈ ਵਰਤ ਰੱਖ ਰਹੀ ਸੀ।
ਅਖ਼ੀਰ ਤਾਰੀ ਦੋ ਲਾਠੀਆਂ ਲੱਭ ਈ ਲਿਆਇਆ। ਵੱਡੇ ਭਰਾ ਜੀ ਨੇ ਸੁਖ ਦਾ ਸਾਹ ਲਿਆ, ਤੇ ਜੀਤ ਨੂੰ ਨਾਲ ਲੈ ਕੇ ਦਗੜ-ਦਗੜ ਥੱਲੇ ਉਤਰ ਗਏ।
ਲੰਪ ਦੇ ਚਾਨਣ ਵਿਚ ਚੋਰ ਵਰਾਂਡੇ ਵਿਚ ਸੁੰਗੜਿਆ ਬੈਠਾ ਦਿਸਿਆ, ਕਮਜ਼ੋਰ, ਸੁੱਕਾ ਟਾਂਡਾ ਜਿਹਾ।
"ਲੋਇ ਲੱਗਦੀ ਏ," ਤੇ ਉਹਨੇ ਲੰਪ ਵੱਲੋਂ ਮੂੰਹ ਮੋੜ ਲਿਆ।
"ਕੌਣ ਏਂ— ਤੂੰ?" ਭਰਾ ਜੀ ਨੇ ਕਦੇ ਲਾਠੀ ਤੇ ਕਦੇ ਚੋਰ ਦੇ ਜਿਸਮ ਨੂੰ ਅੰਗਦਿਆਂ ਕਿਹਾ, ਜਿਵੇਂ ਉਹ ਅੱਟਾ-ਸੱਟਾ ਕਰ ਰਹੇ ਸਨ ਕਿ ਕਿੰਨੀਆਂ ਕੁ ਲਾਠੀਆਂ ਖਾ ਸਕੇਗਾ ਇਹ।
ਜੀਤ ਨੇ ਤੱਕਿਆ ਕਲੋਟੇ ਤੇ ਚੋਬਰ ਮੰਗਲ ਸਿੰਘ ਪਹਿਰੇਦਾਰ ਦੇ ਸਾਹਮਣੇ ਚੋਰ ਗੋਰਾ ਤੇ ਮਲੂਕ ਜਿਹਾ ਦਿਸ ਰਿਹਾ ਸੀ, ਪਰ ਉਹਦੀਆਂ ਅੱਖਾਂ...
"ਓਇ ਕੂੰਦਾ ਨਹੀਂ— ਸਰਦਾਰ ਜੀ ਕੀ ਪਏ ਪੁੱਛਦੇ ਆ?" ਮੰਗਲ ਨੇ ਇਕ ਹੋਰ ਗਾਲ੍ਹ ਕੱਢ ਕੇ ਕਿਹਾ, "ਹੁਣ ਕੀ ਮੰਨੇ ਪੈ ਗਈ ਆ— ਕਿਆ ਵਾਹਵਾ ਏਥੇ ਬਰਾਂਡੇ ਕੋਲ ਆ ਕੇ ਮਲਕੜੇ ਹੀ ਬੂਹਾ ਖੋਲ੍ਹਣ ਲੱਗਾ ਸੀ! ਜੇ ਸਰਦਾਰ ਜੀ, ਕਿਤੇ

"ਕੌਣ ਏਂ—ਤੂੰ?" ਭਰਾ ਜੀ ਨੇ ਕਦੇ ਲਾਠੀ ਤੇ ਕਦੇ ਚੋਰ ਦੇ ਜਿਸਮ ਨੂੰ ਅੰਗਦਿਆਂ ਕਿਹਾ, ਜਿਵੇਂ ਉਹ ਅੱਟਾ-ਸੱਟਾ ਕਰ ਰਹੇ ਸਨ ਕਿ ਕਿੰਨੀਆਂ ਕੁ ਲਾਠੀਆਂ ਖਾ ਸਕੇਗਾ ਇਹ।

ਮੈਂ ਦੂਜੇ ਮੁਹੱਲੇ ਦੇ ਗੇੜੇ ਤੇ ਹੁੰਦਾ, ਤਾਂ ਅੱਜ ਭਾਣਾ ਵਰਤ ਜਾਣਾ ਸੀ।"

"ਮੈਂ ਤੇ ਬੂਹੇ ਕੋਲ ਨਹੀਂ ਗਿਆ—ਮੈਂ ਤੇ ਬੂਹੇ ਕੋਲ ਨਹੀਂ ਗਿਆ—ਇਥੋਂ ਤੱਕ ਹੀ ਆਈ ਗਿਆ ਸੀ—ਇਹ ਝੂਠ ਆਖਦੈ ਸਰਦਾਰ ਜੀ!"
"ਹੂੰ—ਨਾਲੇ ਚੋਰ ਨਾਲੇ ਚੱਤਰ," ਭਰਾ ਜੀ ਨੇ ਇਕ ਲਾਠੀ ਵੱਟ ਕੇ ਉਹਦੀ ਪਿੱਠ 'ਤੇ ਮਾਰੀ।
ਕੋਠੇ ਤੋਂ ਬੱਚਿਆਂ ਤੇ ਕੁੜੀਆਂ ਨੇ ਪੁੱਛਿਆ, "ਕੁਝ ਪਤਾ ਲੱਗਾ?"

ਭਰਾ ਜੀ ਨੇ ਉੱਚੀ ਸਾਰੀ ਦੱਸਿਆ, "ਕੋਈ ਪਹਾੜੀਆ ਏ, ਸਹੁਰਾ।" ਤੇ ਫੇਰ, ਉਹਨੂੰ ਪੁੱਛਿਆ, "ਕਿਉਂ ਓਏ, ਕਾਂਗੜੇ ਦਾ ਏਂ?" ਸਿਸਕਦਿਆਂ, ਆਪਣੀ ਪਿੱਠ ਮਲਦਿਆਂ ਉਹਨੇ ਜਵਾਬ ਦਿੱਤਾ, "ਹਾਂ, ਸਰਦਾਰ ਜੀ, ਤਹਿਸੀਲ ਪਾਲਮਪੁਰ, ਪਿੰਡ ਖੋਪਾ।"

ਚੋਰ

"ਮੈਨੂੰ ਕੀ ਚੱਪੜ-ਚੱਪੜ ਦਸਨਾ ਪਿਆ ਏਂ—ਪਤਾ ਤੇ ਅਗਲੇ ਸਾਈਂ ਆਪੇ ਲਾ ਲੈਣਗੇ!"
ਉੱਤੋਂ ਵਾਜ ਆਈ, "ਮਾਤਾ ਜੀ ਕਹਿੰਦੇ ਨੇ ਇਹਨੂੰ ਠਾਣੇ ਲੈ ਜਾਓ।"
"ਚੱਲ ਠਾਣੇ," ਭਰਾ ਜੀ ਨੇ ਉਚੇਚੇ ਰੋਅਬ ਨਾਲ ਕਿਹਾ।
"ਲਈ ਚੱਲੋ ਠਾਣੇ, ਪਰ ਮੈਂ ਚੋਰ ਨਹੀਂ, ਮੈਂ ਚੋਰ ਨਹੀਂ।"
"ਤੇ ਫੇਰ ਤੂੰ ਇੰਝ ਰਾਤ ਵੇਲੇ ਇਥੇ ਕੀ ਲੈਣ ਆਇਆ ਸੈਂ?"
"ਮੈਂ ਚੋਰ ਨਹੀਂ, ਮੈਂ ਆਪੇ ਨਹੀਂ ਆਇਆ, ਆਪੇ ਨਹੀਂ ਆਇਆ, ਮੈਨੂੰ ਕੋਈ ਚੀਜ਼ ਚੁੱਕ ਕੇ ਲਿਆਈ ਏ..."
"ਹੂੰ ਸਾਲਾ ਮੱਕਰ ਕਿੱਡੇ ਖਲਾਰਦਾ ਹੈ," ਭਰਾ ਜੀ ਨੇ ਇਕ ਲਾਠੀ ਉਹਨੂੰ ਫੇਰ ਉਸੇ ਥਾਂ ਮਾਰੀ।
"ਸਰਦਾਰ ਜੀ, ਇੱਥੇ ਨਾ ਮਾਰੋ, ਮੈਨੂੰ ਇੱਥੇ ਅੱਗੇ ਵੀ ਕਿਸੇ ਮਾਰਿਆ ਸੀ। ਇਹ ਵੇਖੋ ਚੱਟੇ!...ਮੈਂ ਆਪੇ ਨਹੀਂ ਆਇਆ, ਮੈਨੂੰ ਕੋਈ ਚੀਜ਼ ਚੁੱਕ ਕੇ ਲਿਆਈ ਏ....ਕੋਈ ਚੀਜ਼ ਚੁੱਕ ਕੇ ਲਿਆਈ ਏ।"
ਜੀਤ ਜਿਹੜਾ ਹਾਲੀ ਤੱਕ ਨਹੀਂ ਸੀ ਬੋਲਿਆ ਤੇ ਬਿੱਟ-ਬਿੱਟ ਉਹਦੀਆਂ ਅੱਖਾਂ ਵੱਲ ਹੀ ਤੱਕ ਰਿਹਾ ਸੀ, ਉਹਨੇ ਵੱਡੇ ਭਰਾ ਨੂੰ ਹੌਲੀ ਜਿਹੀ ਕਿਹਾ, "ਪਤਾ ਤਾਂ ਕਰ ਲਓ—ਐਵੇਂ ਕਿਉਂ ਮਾਰੀ ਜਾਂਦੇ ਓ।" ਤੇ ਫੇਰ ਉਹਨੂੰ, "ਹਾਂ ਕਿਹੋ ਜਿਹੀ ਚੀਜ਼ ਸੀ ਜਿਹੜੀ ਤੈਨੂੰ ਇੱਥੇ ਚੁੱਕ ਲਿਆਈ?"
ਤੇ ਜੀਤ ਨੇ ਤੱਕਿਆ, ਉਹਦੀਆਂ ਅੱਖਾਂ ਜਿਹੜੀਆਂ ਹੁਣ ਤੱਕ ਚੁੱਚੀਆਂ ਹੋਈਆਂ ਸਨ, ਤੇ ਗਿੱਡ ਨਾਲ ਲਿੱਪੀਆਂ ਪਈਆਂ ਸਨ, ਤੇ ਲੰਪ ਦੀ ਲੋਅ ਵਿਚ ਚੰਗੀ ਤਰ੍ਹਾਂ ਖੁੱਲ੍ਹਦੀਆਂ ਨਹੀਂ ਸਨ— ਉਹ ਖੁੱਲ੍ਹਦੀਆਂ ਗਈਆਂ ਤੇ ਇੰਝ ਜਾਪਿਆ ਜਿਵੇਂ ਗਿੱਡ ਹਟ ਰਹੀ ਸੀ।
"ਮੈਨੂੰ ਬੱਤੀਆਂ ਦਿਸੀ ਜਾਨੀਆਂ, ਬੱਤੀਆਂ ਈ ਬੱਤੀਆਂ! ਏਸ ਲੰਪੇ ਦੀ ਲੋਇ ਵਾਂਗ ਚੁੱਭਿਆ ਨਾ ਕਰਿਆ ਕਰਦੀਆਂ, ਕੂਲੀਆਂ-ਕੂਲੀਆਂ— ਤੇ ਮੈਂ ਉਨ੍ਹਾਂ ਦੇ ਮਗਰ ਏਂਚੀ-ਏਂਚੀ ਤੁਰੀ ਪਿਆ..." ਤੇ ਉਹਦੀਆਂ ਅੱਖਾਂ ਤ੍ਰਹਿਏ ਸਹਿਮੇ ਲੇਲੇ ਵਰਗੀਆਂ ਹੋ ਗਈਆਂ, ਜਿਵੇਂ ਆਖ ਰਹੀਆਂ ਸਨ— ਹੈ ਇੰਝ ਈ ਏ, ਪਰ ਤੁਸਾਂ ਮੰਨਣਾ ਨਹੀਂ!
"ਚੱਲ, ਓਇ ਤੈਨੂੰ ਫ਼ਲਾਸਫਰ ਨੂੰ ਚੋਰਾਂ ਦਾ ਕੀ ਪਤਾ!" ਭਰਾ ਜੀ ਨੇ ਜੀਤ ਨੂੰ ਝਿੜਕਿਆ, ਤੇ ਉਡੀਕਦਿਆਂ ਦੀ ਇਤਲਾਹ ਲਈ ਜ਼ੋਰ ਦੀ ਹੱਸ ਕੇ ਕਿਹਾ, "ਇਹਨੂੰ ਇੱਥੇ ਬੱਤੀਆਂ ਦਿਸੀਆਂ ਸਨ—ਇਹਦੇ ਪਿਓ ਨੇ ਬਿਜਲੀ ਘਰ ਲਾਇਆ ਹੋਣਾ ਏ ਨਾ!"
"ਵੇ ਮੁੰਡਿਓ, ਪਰ੍ਹਾਂ ਠਾਣੇ ਲਿਜਾਓ ਸੂ। ਦਫ਼ਾ ਕਰੋ— ਐਵੇਂ ਕੀ ਨੁਣ ਨੁਣ ਲਾਈ ਜੇ," ਉੱਤੋਂ ਮਾਤਾ ਜੀ ਨੇ ਕਿਹਾ।
"ਜਿੱਥੇ ਮਰਜ਼ੀ ਲਈ ਜਾਓ—ਪਰ ਬੱਤੀਆਂ ਮਗਰੇ ਮੈਂ ਏਂਚੀ-ਏਂਚੀ ਤੁਰੀ ਪਿਆ। ਇਹ ਜਦੋਂ ਵੀ ਅੱਖੀਆਂ ਨੂੰ ਨਜ਼ਰ ਆਇਆ ਕਰਿਆ ਕਰਦੀਆਂ ਮੈਂ ਤੁਰੀ ਪਿਆ ਕਰਦਾਂ, ਤੇ ਨਾਲੇ ਕੰਨਾਂ ਕੀ ਬੜੀਆਂ ਸੋਹਣੀਆਂ ਵਾਜਾਂ ਸੁਣਾਈ ਦਿਆਂ ਕਰਦੀਆਂ—ਇਨ੍ਹਾਂ ਦੇ ਹੱਥ ਨਹੀਂ, ਬਾਹਵਾਂ ਨਹੀਂ, ਪਰ ਇਹ ਮੈਨੂੰ ਚੁੱਕੀ ਲਿਆਂਦੀਆਂ ਨੇ, ਚੁੱਕੀ ਲਿਆਂਦੀਆਂ— ਤੇ ਰੁਕੀ ਨਹੀਂ ਹੁੰਦਾ..."
"ਤੇ ਸਹੁਰੀ ਦਿਆ, ਜਦੋਂ ਮੈਂ ਵਾਹਰ ਪਾਈ ਸੀ ਤਾਂ ਕਿਉਂ ਰੁਕ ਗਿਆ ਸੈਂ?" ਮੰਗਲ ਸਿੰਘ ਗੱਜਿਆ।
"ਓਦੋਂ ਬੱਤੀਆਂ ਇਕ ਦਮ ਗੁਆਚ ਗਈਆਂ ਸਨ..."
"ਚੱਲ, ਸੂਰ, ਠਾਣੇ," ਭਰਾ ਜੀ ਦੀ ਸਮਝ ਜਵਾਬ ਦੇ ਗਈ, ਕਿਹਾ ਚੋਰ ਸੀ ਇਹ! "ਚੱਲ ਠਾਣੇ।"
ਜੀਤ ਨੇ ਕੋਠੇ ਉਤੇ ਬੈਠੇ ਪਿਤਾ ਜੀ ਅੱਗੇ ਤਰਲਾ ਕੀਤਾ, "ਪਿਤਾ ਜੀ, ਇਹ ਚੋਰ ਨਹੀਂ। ਮੈਨੂੰ ਪੱਕਾ ਯਕੀਨ ਏ। ਇਹਨੂੰ ਠਾਣੇ ਨਾ ਭੇਜੋ।"
"ਤੂੰ ਸਿਆਣਾ ਏਂ, ਮੈਨੂੰ ਵੀ ਜਾਪਦਾ ਏ ਕਿ ਇਹ ਚੋਰ ਨਹੀਂ—ਇਹਨੂੰ ਠਾਣੇ ਨਾ ਲਿਜਾਓ, ਤੇ ਹੁਣ ਖ਼ਤਮ ਕਰੋ ਇਸ ਮਾਮਲੇ ਨੂੰ!"
ਪਿਤਾ ਜੀ ਦੀ ਹਾਮੀ ਨੇ ਜੀਤ ਨੂੰ ਜ਼ੋਰ ਦੇ ਦਿੱਤਾ। ਉਹਨੇ ਕਿਹਾ, "ਆਓ, ਭਰਾ ਜੀ, ਇਹਨੂੰ ਓਥੇ ਮਕਬਰੇ ਵਿਚ ਛੱਡ ਆਈਏ।"
ਉਨ੍ਹਾਂ ਦੇ ਘਰ ਦੇ ਸਾਹਮਣੇ ਈ ਇਕ ਪੁਰਾਣੇ ਬਾਦਸ਼ਾਹਾਂ ਦਾ ਮਕਬਰਾ ਸੀ, ਬੜਾ ਉੱਚਾ ਸਾਰਾ।
ਜੀਤ ਨੇ ਲੰਪ ਫੜ ਲਿਆ। ਹਾਰ ਕੇ ਭਰਾ ਜੀ ਤੇ ਮੰਗਲ ਵੀ ਨਾਲ ਹੋ ਪਏ। ਚੋਰ ਤੁਰ ਪਿਆ, ਜਿਵੇਂ ਸੁਪਨੇ ਵਿਚ। ਇਕ ਥਾਂ ਉਹ ਠਿਠਕ ਕੇ ਖੜੋ ਗਿਆ, "ਇੱਥੇ ਬੱਤੀਆਂ ਸਨ, ਇੱਥੇ। ਤੁਸੀਂ ਲੰਪੇ ਨੀ ਲੋਇ ਹਟਾਓ।" ਤੇ ਉਹਦੇ ਕੰਨਾਂ ਨੇ ਕੁਝ ਸੁਣਨਾ ਚਾਹਿਆ, ਉਹਦੀਆਂ ਅੱਖਾਂ ਨੇ ਕੁਝ ਤੱਕਣਾ ਚਾਹਿਆ...ਪਰ ਕੁਝ ਨਾ ਦਿਸਿਆ, ਤੇ ਅਕਹਿ ਪੀੜ ਨਾਲ ਉਹਨੇ ਅੱਖਾਂ ਮੀਟ ਲਈਆਂ, ਜ਼ੋਰ ਦੀ, ਇਕ ਝਟਕੇ ਨਾਲ ਤੇ ਜਿਵੇਂ ਓਥੇ, ਉਹਦੇ ਮੱਥੇ ਥੱਲੇ ਅੱਖਾਂ ਨਾ ਰਹੀਆਂ ਹੋਣ, ਗਿੱਡ ਈ ਗਿੱਡ, ਦਰਦ ਦਾ ਇਕ ਲੇਪ ਜਿਹਾ... ਜੀਤ ਨੇ ਪੁੱਛਿਆ, "ਤੇਰਾ ਨਾਂ ਕੀ ਏ?"
ਉਹ ਮਕਬਰੇ ਦੇ ਮੈਦਾਨ ਵਿਚ ਪੁੱਜ ਚੁੱਕੇ ਸਨ।
"ਲਾਹੋਰੂ।"
"ਤੇਰੀ ਵਹੁਟੀ ਹੈ?"
"ਹਾਂ, ਮੇਰੀ ਵਹੁਟੀ ਏ। ਉਹਦਾ ਨਾਂ ਏ, ਗੁਲਾਬੀ, ਤੇ ਮੇਰੇ ਬੱਚੇ ਨੇ—ਤੇ ਮੇਰੇ ਵੱਛੇ ਨੇ, ਤੇ ਮੇਰੇ ਲੇਲੇ..."
ਜੀਤ ਨੂੰ ਜਾਪਿਆ ਜਿਵੇਂ ਲਾਹੋਰੂ ਦੀਆਂ ਅੱਖਾਂ ਨੂੰ ਕੋਈ ਸੁਖਾਵੀਂ ਕੂਲੀ ਲੋਅ ਦਿਸ ਪਈ ਸੀ, ਜਿਵੇਂ ਕੋਈ ਸੁਹਣੀ ਮੁਲਾਇਮ ਸੋਅ ਸੁਣ

ਪਈ ਸੀ...ਪਰ ਜਿਵੇਂ ਇਕ ਦਮ ਲੋਅ ਬੁਝ ਗਈ ਹੋਵੇ, ਜਿਵੇਂ ਇਕ ਦਮ ਲੋਅ ਖਿੰਡ ਗਈ ਹੋਵੇ, ਜਿਵੇਂ ਇਕ ਦਮ ਲਾਹੋਰੂ ਦਾ ਦਿਲ ਬੰਦ ਹੋ ਗਿਆ ਹੋਵੇ; ਉਹਨੇ ਮੰਗਲ ਸਿੰਘ ਨੂੰ ਤੱਕਦਿਆਂ ਚੀਕ ਕੇ ਕਿਹਾ, "ਇੰਜ ਦੰਦੀਆਂ ਨਾ ਅੱਡ, ਇੰਜ ਦੰਦੀਆਂ ਨਾ ਅੱਡ।" ਮੰਗਲ ਸਿੰਘ ਦੇ ਉੱਚੇ ਚਿੱਟੇ ਦੰਦ ਉਹਦੇ ਕਾਲੇ ਮੂੰਹ ਵਿਚ ਸਦਾ ਹੀ ਅੱਡੇ ਰਹਿੰਦੇ ਸਨ। ਤੇ ਲਾਹੋਰੂ ਦੀ ਚੀਕ ਪੁਰਾਣੇ ਬਾਦਸ਼ਾਹਾਂ ਦੇ ਮਕਬਰੇ ਵਿਚ ਫੇਰ ਗੂੰਜ ਪਈ... ਇਕ ਮੋਰ ਕੂਕਿਆ, ਇਕ ਗਿੱਦੜ ਹੁਆਂਕਿਆ...

ਲਾਹੋਰੂ ਬਿੱਟ ਬਿੱਟ ਤੱਕਦਾ ਮੰਗਲ ਦੇ ਦੰਦਾਂ ਤੇ ਅਟਕ ਗਿਆ ਸੀ, "ਬਹੱਤਰ ਨੰਬਰ ਪਲਟਣ ਦੇ ਕਪਤਾਨ ਨੇ ਇੰਜ ਹੀ ਓਦਨ ਦੰਦ ਅੱਡੇ ਸਨ ਜਿੱਦਨ ਮੇਰੇ ਕੋਲੋਂ ਡਬਲ ਰੋਟੀ ਸੜ ਗਈ ਸੀ। ਕਪਤਾਨ ਸਾਹਿਬ ਦੇ ਪਰਾਹੁਣੇ ਆਏ ਸਨ—ਤੇ ਫੇਰ ਫ਼ੌਜੀ ਬੂਟਾਂ ਨਾਲ, ਹਾਕੀ ਨਾਲ, ਬੈਂਤ ਨਾਲ...ਉਨ੍ਹਾਂ ਮੈਨੂੰ ਕਸਾਈਆਂ ਵਾਂਗ ਮਾਰਿਆ। ਦੇਖੋ ਸਰਦਾਰ ਜੀ, ਮੈਨੂੰ ਇਥੇ ਕੰਡੀ ਤੇ ਨਾ ਮਾਰੋ, ਇਥੇ ਮੈਨੂੰ ਅੱਗੇ ਵੀ ਕਿਸੇ ਮਾਰਿਆ ਸੀ। ਦੇਖੋ ਚੱਟੇਂ, ਦਰਦ ਹੋਇਆ ਕਰਿਆ ਕਰਦਾ ਜਦ ਇਹ ਜਾਗਿਆ ਕਰਿਆ ਕਰਦਾ...." ਇਹ ਕਹਿ ਉਹ ਚੁੱਪ ਕਰ ਗਿਆ।

ਅਖ਼ੀਰ ਜੀਤ ਨੇ ਉਹਨੂੰ ਮਕਬਰੇ ਦੇ ਇਕ ਲੁੱਗੇ ਵਰਾਂਡੇ ਵਿਚ ਬਿਠਾ ਦਿੱਤਾ। ਨੇੜੇ ਦੇ ਹਵਾਈ ਅੱਡੇ ਉਤੇ ਉਤਰਨ-ਚੜ੍ਹਨ ਵਾਲੇ ਜਹਾਜ਼ਾਂ ਨੂੰ ਖ਼ਬਰਦਾਰ ਕਰਨ ਲਈ ਮਕਬਰੇ ਉਤੇ ਲਾਲ ਬੱਤੀ ਬਲ ਰਹੀ ਸੀ। ਲਾਹੋਰੂ ਨੂੰ ਕਦੇ ਜਗਦੀ ਕਦੇ ਬੁੱਝਦੀ ਇਹ ਬੱਤੀ ਦਿਸੀ।

ਭਰਾ ਜੀ ਨੇ ਲਾਠੀ ਨੂੰ ਸੱਧਰ ਨਾਲ ਤੱਕਿਆ।

"ਕੋਈ ਸਾਲਾ ਅਸਲੀ ਚੋਰ ਹੁੰਦਾ, ਕੁਝ ਲਾਠੀਆਂ ਈ ਮਾਰਦੇ।" ਤੇ ਉਹ ਤੇ ਮੰਗਲ ਵਾਪਸ ਮੁੜ ਪਏ। ਪਰ ਜੀਤ ਹਾਲੀ ਵੀ ਲਾਹੋਰੂ ਨੂੰ ਤੱਕ ਰਿਹਾ ਸੀ। ਜੀਤ ਨੇ ਭਾਵੇਂ ਕਦੇ ਲਾਠੀ ਨਹੀਂ ਸੀ ਮਾਰੀ, ਭਾਵੇਂ ਉਹਨੇ ਕਦੇ ਸ਼ਿਕਾਰ ਨਹੀਂ ਸੀ ਖੇਡਿਆ, ਪਰ ਅੱਜ ਉਹਦੇ ਵਿਚ ਸੈਆਂ ਅਣਉਲਰੀਆਂ ਲਾਠੀਆਂ ਦਾ ਰੋਹ ਸੀ, ਸੈਆਂ ਸ਼ਿਕਾਰਾਂ ਦੀ ਦੁਸ਼ਮਣੀ ਜਾਗ ਪਈ ਸੀ....ਇਕ ਡਬਲ ਰੋਟੀ...ਇਕ ਡਬਲ ਰੋਟੀ ਦੇ ਸੜ ਗਏ ਟੁਕੜੇ ਲਈ ਇਕ ਮਨੁੱਖ...

ਲਾਹੋਰੂ ਮਕਬਰੇ ਉਤਲੀ ਲਾਲ ਬੱਤੀ ਨੂੰ ਲਗਾਤਾਰ ਤੱਕੀ ਜਾ ਰਿਹਾ ਸੀ। ਜਿਉਂ-ਜਿਉਂ ਉਹ ਬੱਤੀ ਨੂੰ ਤੱਕਦਾ ਗਿਆ, ਉਹਦੇ ਅੰਗ ਕੁਝ ਨਿੱਸਲ ਹੁੰਦੇ ਗਏ। ਸੂਹੇ ਚਾਨਣ ਦੀ ਛੁਹ ਉਹਨੂੰ ਬੜੀ ਸੁਖਾਵੀਂ ਲੱਗੀ, ਇਕ ਨਰੋਆ ਸੱਜਰਾਪਨ ਜਿਹਾ ਮਹਿਸੂਸ ਹੋਇਆ—ਤੇ ਉਹਨੂੰ ਜਾਪਿਆ ਲਾਲ ਬੱਤੀ ਨਹੀਂ ਸੀ ਇਹ...ਗੁਲਾਬੀ ਦਾ ਲਾਲ ਸਾਲੂ ਸੀ, ਤੇ ਉਹਦੀ ਗੁਲਾਬੀ ਹੱਸ ਰਹੀ ਸੀ, ਰਾਤ-ਰਾਣੀ ਦੀ ਮਹਿਕ ਖਿੱਲਰ ਰਹੀ ਸੀ, ਬੱਚੇ ਖੇਡ ਰਹੇ ਸਨ, ਵੱਛੇ ਲਾਡ ਕਰ ਰਹੇ ਸਨ, ਲੇਲੇ ਮਮਿਆ ਰਹੇ ਸਨ। ਉਹਦੇ ਪਿੰਡ ਕੋਲ ਦਾ ਪਹਾੜੀ ਨਾਲਾ ਵਹਿ ਰਿਹਾ ਸੀ, ਸੂਹਾ ਚਾਨਣ ਚੁਫੇਰ, ਤੇ ਇਕ ਮਿੱਠੀ ਲਗਾਤਾਰ ਸ਼ੂਕ ਜਿਹੀ, ਜਿਵੇਂ ਕਿੰਨੀਆਂ ਈ ਗਊਆਂ ਦੀਆਂ ਧਾਰਾਂ ਅਨੇਕਾਂ ਵਲਟੋਹੀਆਂ ਵਿਚ ਪੈ ਰਹੀਆਂ ਹੋਣ—ਇਕ ਦੂਧੀਆ ਛਹਿਬਰ, ਇਕ ਦੂਧੀਆ ਸਾਂ, ਸਾਂ...

ਗੁਲਾਬੀ ਨਹੀਂ, ਲਾਲ ਬੱਤੀ ਨਹੀਂ। ਹੀਟਰ ਲਾਲ, ਤੇ ਡਬਲ ਰੋਟੀ ਲਾਲ, ਤੇ ਫੇਰ ਟੋਸਟ ਲਾਲ, ਤੇ ਕਪਤਾਨ ਸਾਹਿਬ ਦੀਆਂ ਅੱਖਾਂ ਲਾਲ, ਲਾਲ, ਲਾਲ...

ਸੜ ਖਿੰਘਰ ਹੋਏ ਟੋਸਟ ਵਾਂਗ ਇਕ ਮਨੁੱਖ ਪੁਰਾਣੇ ਬਾਦਸ਼ਾਹ ਦੇ ਮਕਬਰੇ ਦੀ ਕਾਲਖ ਵਿਚ ਲੇਟਿਆ ਹੋਇਆ ਸੀ।

1948

ਬੇਸ਼ਰਮ *(ਹਿੰਦੀ ਕਹਾਣੀ)*

ਡਾ. ਪੂਰਨ ਸਿੰਘ

ਅਸੀਂ ਦੋ ਹੀ ਪੈਦਾ ਹੋਏ ਸੀ ਅੰਮਾਂ ਦੇ, ਅੰਮਾਂ ਹੁਣ ਨਹੀਂ ਹੈ। ਚਲੀ ਗਈ ਪ੍ਰਮਾਤਮਾ ਦੇ ਕੋਲ, ਬਹੁਤ ਦੂਰ। ਪਿਤਾ ਮਾਂ ਦੇ ਨਾ ਰਹਿਣ ਕਰਕੇ ਟੁੱਟਦੇ ਜਾ ਰਹੇ ਹਨ।

ਵਸੀਅਤ ਪਿਤਾ ਨੇ ਸਾਡੇ ਦੋਹਾਂ ਭਰਾਵਾਂ ਦੇ ਨਾਂ ਕਰ ਦਿੱਤੀ ਹੈ। ਸਾਨੂੰ ਦੋਹਾਂ ਨੂੰ ਬਰਾਬਰ-ਬਰਾਬਰ ਹਿੱਸਾ ਦਿੱਤਾ ਹੈ। ਅਸੀਂ ਦੋਹਾਂ ਆਪਣਾ ਆਪਣਾ ਹਿੱਸਾ ਸਾਂਭ ਲਿਆ ਹੈ।

ਹੁਣ ਪਿਤਾ ਜੀ ਬਹੁਤ ਜ਼ਿਆਦਾ ਬਿਮਾਰ ਹਨ, ਇਲਾਜ ਚੱਲ ਰਿਹਾ ਹੈ, ਪਿਛਲੇ ਪੰਦਰਾਂ ਦਿਨਾਂ ਤੋਂ ਮੇਰੇ ਕੋਲ ਹੀ ਰਹਿੰਦੇ ਹਨ।

ਅੱਜ ਵੱਡਾ ਭਰਾ ਪਿੰਡੋਂ ਉਨ੍ਹਾਂ ਨੂੰ ਦੇਖਣ ਆਇਆ ਹੈ।

ਅੱਜ ਹੀ ਪਿਤਾ ਨੂੰ ਡਾਕਟਰ ਦੇ ਕੋਲ ਲੈ ਕੇ ਜਾਣਾ ਹੈ। ਮੈਂ ਡਾਕਟਰ ਦੀ ਪਰਚੀ ਲੱਭ ਰਿਹਾ ਹਾਂ, ਮਿਲ ਨਹੀਂ ਰਹੀ ਹੈ।

"ਕਿੱਥੇ ਰੱਖ ਦਿੱਤੀ ਸੀ ਜਿਹੜੀ ਲੱਭ ਨਹੀਂ ਰਹੀ?

"ਪਤਾ ਨਹੀਂ ਭਰਾ, ਰੱਖੀ ਤਾਂ ਸੰਭਾਲ ਕੇ ਸੀ। ਪਤਾ ਨਹੀਂ ਤਾਂ, ਕੂੜੇ ਨਾਲ ਹੀ ਹੂੰਝ ਦਿੱਤੀ?"

"ਫੇਰ ਸੰਭਾਲ ਕੇ ਰੱਖੀ ਹੋਣ ਦਾ ਕੀ ਮਤਲਬ ਹੋਇਆ?" ਭਰਾ ਨੇ ਆਪਣੀਆਂ ਲਾਲ ਅੱਖਾਂ ਕੱਢੀਆਂ, "ਅੱਛਾ, ਇਹ ਦੱਸ ਵਸੀਅਤ ਕਿੱਥੇ ਰੱਖੀ ਹੈ?"

"ਭਰਾ, ਉਹ ਤਾਂ ਮੈਂ ਬੈਂਕ ਦੇ ਲਾਕਰ ਵਿਚ ਸਾਂਭ ਕੇ ਰੱਖੀ ਹੈ," ਮੈਂ ਬੇ-ਸ਼ਰਮਾਂ ਵਾਂਗੂੰ ਖਿੜਖਿੜਾਅ ਕੇ ਹੱਸ ਪੈਂਦਾ ਹਾਂ।"

ਅਨੁ: ਨਿਰਮਲ ਪ੍ਰੇਮੀ ਰਾਮਗੜ੍ਹ
94631 61691

ਲੋਹੇ ਦੀ ਪੇਟੀ

ਉਦੋਂ ਬੜੇ ਭਾਰੇ ਹੜ੍ਹ ਆਏ ਸਨ। ਜਿਸ ਦਿਨ ਹੜ੍ਹ ਆਏ ਸਨ, ਉਸ ਤੋਂ ਇਕ ਦਿਨ ਪਹਿਲਾਂ ਵਜੀਦਪੁਰ ਪਿੰਡ ਦੇ ਲੋਕਾਂ ਨੇ ਹਲਕਾ ਜਿਹਾ ਮੀਂਹ ਪੈਣ ਕਾਰਨ ਗਰਮੀ ਦੀ ਤਪਸ਼ ਤੋਂ ਰਾਹਤ ਮਹਿਸੂਸ ਕੀਤੀ ਸੀ। ਮੀਂਹ ਦਾ ਇਹ ਛੱਰਾਟਾ ਬਾਸਮਤੀ ਦੀ ਫ਼ਸਲ ਲਈ ਬੜਾ ਹੀ ਸੁਖਾਵਾਂ ਤੇ ਲਾਹੇਵੰਦ ਸੀ। ਇਸ ਰਾਤ ਇਹ ਸੋਚ ਕੇ ਕਿਸਾਨ ਬੜੇ ਹੀ ਅਰਾਮ ਨਾਲ ਸੁੱਤੇ ਕਿ ਮੀਂਹ ਦੀ ਇਸ ਸਲ੍ਹਾਬ ਕਾਰਨ ਖੇਤਾਂ ਨੂੰ ਬੜੇ ਅਰਾਮ ਨਾਲ ਵਾਹਿਆ ਜਾ ਸਕੇਗਾ ਤੇ ਇਨ੍ਹਾਂ ਝੋਨੇ-ਵੱਢੇ ਖੇਤਾਂ ਵਿਚ ਕਣਕ ਦੀ ਬਿਜਾਈ ਕਰ ਦਿੱਤੀ ਜਾਏਗੀ।

ਪਿੰਡ ਦੇ ਉੱਚੇ ਹਿੱਸੇ ਵਿਚ ਲੋਕ ਅਜੇ ਸੁੱਤੇ ਹੀ ਪਏ ਸਨ ਕਿ ਪਿੰਡ ਦੇ ਕੁਝ ਨੀਵੇਂ ਹਿੱਸਿਆਂ ਵਿਚ ਲੋਕਾਂ ਮਹਿਸੂਸ ਕੀਤਾ ਜਿਵੇਂ ਪਾਣੀ ਉਨ੍ਹਾਂ ਦੇ ਮੰਜਿਆਂ ਉੱਪਰ, ਬਿਸਤਰਿਆਂ ਨੂੰ ਛੋਹ ਰਿਹਾ ਹੋਵੇ। ਜ਼ਿਆਦਾ ਮੀਂਹ ਉੱਪਰ ਪਿਆ ਸੀ- ਹੇਠਾਂ ਅਜੇ ਥੋੜ੍ਹਾ ਸਮਾਂ ਪਹਿਲਾਂ ਮੀਂਹ ਸ਼ੁਰੂ ਹੋਇਆ ਸੀ। ਪਾਣੀ ਏਨੀ ਤੇਜ਼ੀ ਨਾਲ ਉੱਚਾ ਉੱਠਦਾ ਜਾ ਰਿਹਾ ਸੀ ਕਿ ਲੋਕਾਂ ਜਾਗ ਖੁੱਲ੍ਹਦੇ ਸਾਰ ਹੀ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਸੀ: ਹੜ੍ਹ ਓਏ! ਹੜ੍ਹ ਓਏ!! ਦੌੜੋ! ਦੌੜੋ!! ਮਰ ਗਏ ਓ ਲੋਕੋ! ਡੁੱਬ ਗਏ ਓ ਲੋਕੋ!

ਬਚਨਾ ਇਸ ਪਿੰਡ ਦੇ ਨੀਵੇਂ ਹਿੱਸੇ ਵਿਚ ਰਹਿ ਰਿਹਾ ਇਕ ਮੱਧਵਰਗੀ ਕਿਸਾਨ ਸੀ। ਉਸਦਾ ਘਰ ਅੱਧ-ਪੱਕਾ ਸੀ। ਉਸਦੇ ਨਾਲ ਲੱਗਦਾ ਮਾਰਖੁੰਢਿਆਂ ਦੇ ਭੂਰੇ ਹੁਰਾਂ ਦਾ ਘਰ ਬੜਾ ਮਜ਼ਬੂਤ ਸੀ ਤੇ ਨਵਾਂ ਬਣਿਆ ਹੋਇਆ ਸੀ। ਭੂਰੇ ਹੁਰਾਂ ਦੀ ਆਦਤ ਵੈਸੇ ਲੋਕਾਂ ਨੂੰ ਤੰਗ ਕਰਨ ਦੀ ਹੁੰਦੀ ਸੀ- ਉਹ ਲੋਕਾਂ ਦੀਆਂ ਚੀਜ਼ਾਂ ਚੋਰੀ ਵੀ ਕਰ ਲਿਆ ਕਰਦੇ ਸਨ!

ਇਕ ਵਾਰ ਭੂਰੇ ਹੋਰਾਂ ਬਚਨੇ ਦੇ ਤੰਗੜ[1] ਚੋਰੀ ਕਰ ਲਏ। ਪੰਚਾਇਤ ਦਾ ਇਕੱਠ ਹੋਇਆ ਸੀ ਤੇ ਤੰਗੜ ਮਸਾਂ ਲੱਭੇ ਸਨ। ਭੂਰੇ ਹੋਰਾਂ ਇਕ ਵਾਰ ਖੂਨੀਆਂ ਦੇ ਟੱਬਰ ਦੇ ਖੇਤਾਂ 'ਚੋਂ 30-40 ਹਲਵਾ ਕੱਦੂ ਤੋੜ ਲਏ ਸਨ। ਇਹ ਕੱਦੂ ਉਦੋਂ ਲੋਕ ਘਰ ਦੀ ਪੜਛੱਤੀ 'ਤੇ ਰੱਖ ਲੈਂਦੇ ਹੁੰਦੇ ਸਨ। ਜਦੋਂ ਝੋਨਾ ਲਾਉਣ ਦਾ ਸਮਾਂ ਆਉਂਦਾ ਤਾਂ ਉਹ ਇਨ੍ਹਾਂ ਕੱਦੂਆਂ ਦੀ ਸਬਜ਼ੀ ਬਣਾਅ ਕੇ ਲਾਵਿਆਂ ਦੇ ਡੰਗ ਸਾਰ ਦਿਆ ਕਰਦੇ ਸਨ।

ਹੜ੍ਹ ਦਾ ਪਾਣੀ ਆਉਣ ਨਾਲ ਬਚਨਾ ਬਹੁਤ ਡਰ ਗਿਆ। ਉਸ ਨੇ ਜਿੰਨਾ ਹੋ ਸਕਿਆ ਸਮਾਨ ਆਪਣੀ ਰੇਹੜੀ 'ਤੇ ਲੱਦ ਲਿਆ। ਬ਼ਲਦ ਉਸ ਨੇ ਪਹਿਲਾਂ ਹੀ ਘਰ ਦੇ ਨਾਲ ਲੱਗਦੇ ਉੱਚੇ ਥਾਂ ਬੰਨ੍ਹੇ ਹੋਏ ਸਨ। ਮਸਲਾ ਇਕ ਵੱਡੀ ਪੇਟੀ ਦਾ ਸੀ। ਬਚਨੇ ਤੇ ਉਸਦੀ ਤੀਵੀਂ ਨੇ ਇਹ ਲੋਹੇ ਦੀ ਪੇਟੀ ਪੱਠੇ ਕੁਤਰਨ ਵਾਲੀ ਗੇੜੀ, ਟੋਕੇ, ਨਾਲ ਸੰਗਲ ਲਾ ਕੇ ਬੰਨ੍ਹ ਦਿੱਤੀ। ਬਚਨੇ ਨੂੰ ਉਮੀਦ ਸੀ ਕਿ ਘਰਾਂ 'ਚ ਵੜਿਆ ਪਾਣੀ ਇਕ ਦੋ ਦਿਨ 'ਚ ਉੱਤਰ ਜਾਏਗਾ ਤੇ ਉਹ ਆਪਣੀ ਬਹੁਮੁੱਲੀ ਪੇਟੀ ਮੁੜ ਆ ਕੇ ਸੰਭਾਲ ਲਏਗਾ। ਘਰ ਨੇੜਲੀ ਸੜਕ ਉੱਪਰ ਨੂੰ, ਅੱਧ-ਪਹਾੜੀ ਇਲਾਕੇ ਵੱਲ ਨੂੰ, ਜਾਂਦੀ ਸੀ ਤੇ ਅੱਗੇ ਇਹ ਸੜਕ ਬਚਨੇ ਦੇ ਸਹੁਰੇ ਪਿੰਡ ਨੂੰ ਚਲੀ ਜਾਂਦੀ ਸੀ। ਬਚਨੇ ਦਾ ਸਹੁਰਾ ਪਿੰਡ ਉੱਪਰ ਉੱਚੀ ਥਾਂ 'ਤੇ ਸਾਫ਼ ਹੀ ਬਚਿਆ ਸੀ।

ਜਿਸ ਸਮੇਂ ਬਚਨੇ ਤੇ ਉਸਦੀ ਘਰਵਾਲੀ ਨੇ ਪੇਟੀ ਨੂੰ, ਸੰਗਲ ਨਾਲ, ਚਾਰਾ ਕੁਤਰਨ ਵਾਲੇ ਟੋਕੇ ਨਾਲ ਬੰਨ੍ਹਿਆ, ਉਸ ਸਮੇਂ ਭੂਰੇ ਹੋਰੀਂ ਉਸਨੂੰ ਆਪਣੇ ਅਹਾਤੇ ਦੀ ਵਿਰਲ ਵਿਚੋਂ ਦੇਖ ਰਹੇ ਸੀ। ਭੂਰੇ ਹੋਰੀਂ ਸੋਚਦੇ ਸਨ ਕਿ ਪਾਣੀ ਦਾ ਪਹਿਲਾ ਉਛਾਲਾ ਥੋੜ੍ਹੇ ਚਿਰ ਲਈ ਹੈ। ਇਸ ਲਈ ਬਚਨੇ ਦੇ ਅੰਦਰ ਵੜ ਕੇ ਤੇ ਸੰਗਲ ਤੋੜ ਕੇ ਬਚਨੇ ਦੀ ਪੇਟੀ ਨੂੰ ਕਾਬੂ ਕਰ ਲਿਆ ਜਾਵੇ! ਉਨ੍ਹਾਂ ਲੋਹਾ ਕੱਟਣ ਵਾਲੇ ਔਜ਼ਾਰ ਆਪਣੇ ਘਰ ਦੇ ਪਿਛਵਾੜਿਓਂ, ਛੱਪੜ ਕੰਢੇ ਆਪਣੇ ਇਕ ਕਮਰੇ 'ਚੋਂ ਚੁੱਕੇ ਤੇ ਬਚਨੇ ਦੇ ਵਾੜੇ ਵਿਚ ਜਾ ਵੜੇ। ਫੇਰ ਉਨ੍ਹਾਂ ਪਾਣੀ 'ਚ ਹੱਥ ਮਾਰ ਮਾਰ ਇਹ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਟੋਕਾ ਕਿਹੜੇ ਪਾਸੇ

"ਬਾਈ ਸਿੰਹਾਂ, ਗੁੱਸਾ ਨਾ ਕਰੀਂ। ਇਕ ਗੱਲ ਕਰਨੀ ਐ," ਸਰਪੰਚ ਕਹਿਣ ਲੱਗਾ।

"ਸਰਪੰਚਾ ਗੁੱਸਾ ਕਾਹਦਾ? ਦੱਸ ਕੀ ਗੱਲ ਐ।"

"ਇਕ ਵੱਡਾ ਟਰੰਕ ਤੁਹਾਡੇ ਪਿਛਵਾੜੇ ਪਿਆ ਏ। ਇਹ ਕੀਹਦਾ ਐ?"

"ਪਤਾ ਨਹੀਂ ਕੀਹਦਾ ਏ। ਹੜ੍ਹ 'ਚ ਕਿਤੇ ਰੁਲਦਾ ਖੁਲਦਾ ਦੇਖਿਆ ਸੀ। ਮੇਰੇ ਮੁੰਡੇ ਨੇ ਸੋਚਿਆ ਮੱਝ ਨੂੰ ਪੱਠੇ ਪਾਉਣ ਲਈ ਖੁਰਲੀ ਵਾਂਗ ਵਰਤਾਂਗੇ। ਬੱਸ ਐਵੇਂ ਹੀ ਘਰ ਨੂੰ ਚੁੱਕ ਲਿਆਇਆ। ਕੀ ਗੱਲ-ਚਾਹੀਦਾ ਐ?"

1 ਪਰਾਲੀ ਸਾਂਭਣ ਲਈ ਸਣ, ਮੁੰਝ ਦੀਆਂ ਵੱਟੀਆਂ ਰੱਸੀਆਂ ਦਾ ਵੱਡਾ ਸਾਰਾ ਜਾਲ-ਤੋੜਿਆਂ ਦੀ ਥਾਂ ਵਰਤਿਆ ਜਾਂਦਾ- ਜਦੋਂ ਅਜੇ ਥ੍ਰੈਸ਼ਰ ਨਹੀਂ ਸੀ ਹੁੰਦੇ- ਸੰ.

ਹੈ। ਪਹਿਲਾਂ ਉਨ੍ਹਾਂ ਦੇ ਹੱਥ ਟੋਕੇ ਦਾ ਹੱਥਾ ਆਇਆ। ਫੇਰ ਇਸ ਦੇ ਵੱਡੇ ਗੋਲ ਚੱਕੇ ਨੂੰ ਉਨ੍ਹਾਂ ਦਾ ਹੱਥ ਪਿਆ। ਉਨ੍ਹਾਂ 'ਚੋਂ ਇੱਕ ਦੇ ਹੱਥ ਪੇਟੀ ਨਾਲ ਟਕਰਾਏ ਹੀ ਸਨ- ਉਹ ਇਕ ਦੂਜੇ ਨੂੰ ਹੱਲਾਸ਼ੇਰੀ ਦੇ ਕੇ ਸੰਗਲ ਤੋੜਨ ਦੀ ਕੋਸ਼ਿਸ ਕਰ ਹੀ ਰਹੇ ਸਨ- ਕਿ ਉੱਪਰੋਂ ਪਾਣੀ ਦੀ ਇਕ ਬਹੁਤ ਹੀ ਵੱਡੀ ਛੱਲ ਆਈ ਜੋ ਦੋਹਾਂ ਭਰਾਵਾਂ ਨੂੰ ਹੜ੍ਹਾਅ ਕੇ ਲੈ ਗਈ।

ਪਾਣੀ ਏਨਾ ਆਇਆ ਕਿ ਪਿੰਡ ਦਾ ਨੀਵਾਂ ਹਿੱਸਾ ਪਾਣੀ ਨਾਲ ਭਰ ਗਿਆ। ਪਿੰਡ ਦੇ ਇਕ ਪਾਸੇ ਦਾ ਉੱਚਾ ਹਿੱਸਾ ਪਰ ਬਿਲਕੁਲ ਬਚਿਆ ਸੀ। ਕੁਝ ਲੋਕ ਵੀ ਆਪਣੇ ਨੀਵੇਂ ਘਰਾਂ 'ਚੋਂ ਉੱਪਰ ਨੂੰ ਚੜ੍ਹਨ 'ਚ ਕਾਮਯਾਬ ਹੋ ਗਏ ਸਨ। ਪਿੰਡ ਦੇ ਨੀਵੇਂ ਪਾਸੇ ਬੈਠੇ ਗੱਡੀਆਂ ਵਾਲੇ, ਜਾਨੀ ਨੁਕਸਾਨ ਤੋਂ ਤਾਂ ਬਚ ਗਏ ਪਰ ਚੀਜਾਂ-ਵਸਤਾਂ ਉਨ੍ਹਾਂ ਦੀਆਂ ਵੀ ਹੜ੍ਹ ਗਈਆਂ ਸਨ।

ਜਦ ਚਾਰ ਪੰਜ ਦਿਨਾਂ ਬਾਅਦ ਬਰਖਾ ਘਟੀ ਤਾਂ ਹੜ੍ਹ ਉੱਤਰ ਗਏ। ਸਮਾਜ ਸੇਵੀ ਸੰਸਥਾਵਾਂ ਰਾਹਤ ਦਾ ਸਮਾਨ ਲੈ ਕੇ ਪਹੁੰਚ ਗਈਆਂ। ਲੋਕਾਂ ਨੇ ਅਤੇ ਇਨ੍ਹਾਂ ਸਮਾਜਸੇਵੀਆਂ ਨੇ ਦੇਖਿਆ ਕਿ ਭੂਰੇ ਹੁਰਾਂ ਦੀਆਂ ਲਾਸ਼ਾਂ ਪਾਣੀ ਉੱਪਰ ਤੈਰ ਰਹੀਆਂ ਸਨ। ਪੁਲਸ ਨੇ ਆ ਕੇ ਇਹ ਲਾਸ਼ਾਂ ਬਾਹਰ ਕਢਵਾਈਆਂ ਤੇ ਇਨ੍ਹਾਂ ਦਾ ਦਾਹ ਸੰਸਕਾਰ ਕਰਵਾਇਆ।

ਪੁਲਸ, ਸਮਾਜ ਸੇਵੀ ਇਕਾਈਆਂ ਤੇ ਲੋਕਾਂ ਨੂੰ ਕੋਈ ਬਹੁਤੀ ਹੈਰਾਨੀ ਨਾ ਹੋਈ ਕਿ ਨੇੜੇ ਰਹਿੰਦੇ ਭੂਰੇ ਹੋਰੀਂ ਉੱਧਰ ਨੂੰ ਕਿਵੇਂ ਆਏ ਤੇ ਇਥੇ ਆ ਕੇ ਡੁੱਬ ਗਏ! ਉਦੋਂ ਹੜ੍ਹਾਂ ਨਾਲ ਕਾਫ਼ੀ ਜਾਨੀ ਤੇ ਮਾਲੀ ਨੁਕਸਾਨ ਹੋਇਆ ਸੀ।

ਬਚਨਾ ਤੇ ਉਸਦੀ ਘਰਵਾਲੀ ਹੜ੍ਹ ਦੇ ਠੱਲ੍ਹਣ ਤੋਂ ਬਾਅਦ ਵਾਪਸ ਆਪਣਾ ਘਰ ਦੇਖਣ ਆਏ। ਉਨ੍ਹਾਂ ਨੂੰ ਬਹੁਤਾ ਫ਼ਿਕਰ ਆਪਣੀ ਪੇਟੀ ਦਾ ਸੀ ਜਿਸ 'ਚ ਉਨ੍ਹਾਂ ਆਪਣੇ ਗਹਿਣੇ ਤੇ ਪੈਸੇ, ਪਲਾਸਟਕ ਦੇ ਮੋਟੇ ਲਫ਼ਾਫ਼ਿਆਂ 'ਚ ਪਾ ਕੇ ਸੰਭਾਲੇ ਹੋਏ ਸਨ।

ਮੋਦੀ ਸਰਕਾਰ ਦੀ ਨੋਟਬੰਦੀ ਪਾਲਸੀ ਤੋਂ ਬਾਅਦ ਉਹ ਆਪਣੇ ਪੈਸੇ ਘਰ ਹੀ ਰੱਖਣ ਲੱਗ ਪਏ ਸਨ। ਨੋਟਬੰਦੀ ਨੇ ਲੋਕਾਂ ਨੂੰ ਏਨਾ ਖੱਜਲ ਖੁਆਰ ਕੀਤਾ ਸੀ ਕਿ ਲੋਕਾਂ ਦੇ ਮਨਾਂ ਵਿਚ ਬੈਂਕ ਵੀ ਸ਼ੱਕੀ ਬਣਦੇ ਜਾ ਰਹੇ ਸਨ। ਜਦ ਉਹ ਆਪਣੇ ਘਰ, ਹੜ੍ਹ ਵਾਲੀ ਥਾਂ ਪਹੁੰਚੇ ਤਾਂ ਉਹਨਾਂ ਨੂੰ ਆਪਣੀ ਪੇਟੀ ਕਿਤੇ ਵੀ ਨਾ ਦਿਸੀ। ਉਨ੍ਹਾਂ ਦੇ ਮਨ ਵਿਚ ਉੱਕਾ ਹੀ ਸ਼ੱਕ ਨਹੀਂ ਸੀ ਕਿ ਨੇੜੇ ਰਹਿੰਦੇ ਭੂਰੇ ਹੋਰਾਂ ਕੋਈ ਕਾਰਾ ਕੀਤਾ ਹੋਵੇਗਾ- ਹੈਰਾਨੀ ਤਾਂ ਇਹ ਸੀ, ਕਿ ਉਹ ਤਾਂ ਹੜ੍ਹ ਵਿਚ ਖ਼ੁਦ ਹੀ ਡੁੱਬ ਗਏ ਸਨ! ਕੋਈ ਹੋਰ ਬੰਦਾ ਦੂਰੋਂ ਆ ਕੇ ਚੋਰੀ ਕਰਦਾ, ਇਹ ਉੱਕਾ ਨਹੀਂ ਸੀ ਹੋ ਸਕਦਾ, ਕਿਉਂਕਿ ਪਾਣੀ ਬਹੁਤ ਜਲਦੀ ਵਧ ਗਿਆ ਸੀ। ਪੇਟੀ ਕਿੱਥੇ ਗਈ: ਇਹ ਬਚਨੇ ਵਾਸਤੇ ਇਕ ਬੁਝਾਰਤ ਬਣ ਗਈ ਸੀ।

ਦੋ ਕੁ ਮਹੀਨੇ ਬਾਅਦ ਸੂਬੇ ਦੀ ਸਰਕਾਰ ਬਦਲ ਗਈ। ਨਵੀਂ ਬਣੀ ਸਰਕਾਰ ਇੱਕ ਬੜੀ ਹੀ ਇਮਾਨਦਾਰ ਸਿਆਸੀ ਪਾਰਟੀ ਦੀ ਸੀ। ਇਹ ਸਰਕਾਰ ਲੋਕਾਂ ਵਿਚ ਆਪਣੀ ਸਾਖ ਕਾਇਮ ਕਰਨ ਲਈ ਸਾਰਾ ਜ਼ੋਰ ਲਾ ਰਹੀ ਸੀ। ਸਰਕਾਰ ਨਵੀਆਂ ਨਵੀਆਂ ਸਕੀਮਾਂ ਲੋਕਾਂ ਅੱਗੇ ਰੱਖ ਕੇ ਉਨ੍ਹਾਂ ਨੂੰ ਅਮਲੀ

+61 437 641033

ਜਾਮਾ ਪਹਿਨਾਅ ਰਹੀ ਸੀ। ਹੜ੍ਹਾਂ ਵਿਚ ਲੋਕਾਂ ਦੀਆਂ ਫ਼ਸਲਾਂ ਤਬਾਹ ਹੋ ਗਈਆਂ ਸਨ, ਕਈਆਂ ਦੇ ਘਰ ਢਹਿ ਗਏ ਸਨ। ਜ਼ਮੀਨ 'ਚ ਵੱਡੇ ਵਡੇ ਪਾੜ ਪੈ ਗਏ ਸਨ ਤੇ ਕਈ ਪਸ਼ੂ ਮਰ ਗਏ ਸਨ।

ਗੱਡੀਆਂ ਵਾਲਿਆਂ ਦਾ ਸਭ ਕੁਝ ਹੜ੍ਹ ਗਿਆ ਸੀ। ਉਨ੍ਹਾਂ ਦੇ ਇਕ ਪਰਿਵਾਰ ਨੇ ਆਪਣੇ ਇਕ ਵੱਡੇ ਪੇਟੀਨੁਮਾ ਟਰੰਕ ਦੇ ਹੜ੍ਹ ਜਾਣ ਦਾ ਵੇਰਵਾ ਪੰਚਾਇਤ ਨੂੰ ਦਿੱਤਾ ਸੀ। ਕੁਝ ਸਮਾਂ, ਗੱਡੀਆਂ ਵਾਲਿਆਂ ਨੂੰ, ਪਿੰਡ ਦੇ ਪੰਚਾਇਤ ਘਰ ਵਿਚ ਠਹਿਰਾਇਆ ਗਿਆ ਸੀ।

ਬਚਨੇ ਦੇ ਤਿੰਨ ਨੁਕਸਾਨ ਹੋਏ ਸਨ: ਫ਼ਸਲ ਦਾ, ਮਕਾਨ ਢਹਿਣ ਦਾ ਤੇ ਸਮਾਨ ਡੁੱਬ ਜਾਣ ਦਾ। ਉਸਦੇ ਵੇਰਵੇ ਨਾਲ ਹੁਣ ਤਾਂ ਇਹ ਸਬੂਤ ਵੀ ਉਨ੍ਹਾਂ ਜੋੜ ਲਿਆ ਸੀ ਕਿ ਦੋ ਬੰਦੇ ਉਸਦੇ ਸਮਾਨ ਨੂੰ ਚੋਰੀ ਕਰਨ ਉਸਦੇ ਘਰ ਅੰਦਰ ਗਏ ਸਨ -ਜਿਨ੍ਹਾਂ ਦੀਆਂ ਕਿ ਉਸ ਸਮੇਂ ਲਾਸ਼ਾਂ ਵੀ ਮਿਲ ਗਈਆਂ ਸਨ।

ਲੋਕਾਂ ਨੂੰ ਧੜਾ ਧੜ ਮੁਆਵਜ਼ੇ ਮਿਲ ਰਹੇ ਸਨ। ਸਰਪੰਚ ਬੜਾ ਹੀ ਇਮਾਨਦਾਰ ਸੀ। ਹਲਕੇ ਦਾ ਐੱਮਐੱਲਏ ਵੀ ਬੜਾ ਹੀ ਚੰਗਾ ਸੀ।



ਲੋਹੇ ਦੀ ਪੇਟੀ

ਮੁੱਖ ਮੰਤਰੀ ਸਿਰੇ ਦਾ ਇਮਾਨਦਾਰ ਤੇ ਲੋਕ-ਪੱਖੀ ਬੰਦਾ ਸੀ; ਆਪ ਘੁੰਮ ਕੇ ਸਭ ਪ੍ਰਾਜੈਕਟਾਂ ਦੀ ਪੈਰਵੀ ਕਰਦਾ ਸੀ; ਨਿਆਂ ਨੂੰ ਲਮਕਣ ਨਹੀਂ ਸੀ ਦੇ ਰਿਹਾ। ਬਹੁਤੇ ਫ਼ੈਸਲੇ ਦਰਬਾਰ ਲਾ ਕੇ ਬੜੀ ਜਲਦੀ ਕਰੀ ਜਾ ਰਿਹਾ ਸੀ।

ਕੁਝ ਦਿਨਾਂ ਬਾਅਦ ਪੰਚਾਇਤ ਕੋਲ ਇਕ ਖਬਰ ਪੁੱਜੀ।
"ਰਾਮਗਲੋਲੀਆਂ ਦੇ ਘਰ ਦੇ ਪਿਛਵਾੜੇ ਇਕ ਪੇਟੀ ਪਈ ਹੈ। ਇਹ ਓਹੀ ਲੱਗਦੀ ਹੈ ਜਿਸਦੀ ਰਿਪੋਰਟ ਤੁਹਾਡੇ ਪਾਸ ਦਰਜ ਕਰਵਾਈ ਗਈ ਸੀ," ਮਹਿਰੂਆਂ ਦੇ ਘੋਲੇ ਨੇ ਇਹ ਗੱਲ ਸਰਪੰਚ ਦੇ ਕੰਨੀਂ ਪਾਈ। ਸਰਪੰਚ ਨੇ ਬਾਕੀ ਮੈਂਬਰਾਂ ਨੂੰ ਨਾਲ ਲੈ ਇਸ ਕਣਸੋਅ ਬਾਰੇ ਹੋਰ ਵਾਕਫ਼ੀ ਲੈਣ ਦੀ ਕੋਸ਼ਿਸ਼ ਕੀਤੀ।

ਰਾਮਗਲੋਲੀਆਂ ਦੇ ਘਰ ਦੇ ਪਿਛਵਾੜੇ ਇਕ ਗੱਡੀਆਂ ਵਾਲੇ ਨੂੰ ਤਰੀਕੇ ਨਾਲ ਲਿਜਾਇਆ ਗਿਆ। ਇਸ ਗੱਡੀਆਂ ਵਾਲੇ ਨੇ ਇਹ ਪੇਟੀ ਪਛਾਣ ਲਈ। ਫਿਰ ਸਰਪੰਚ ਨੇ ਰਾਮਗਲੋਲੀਆਂ ਦੇ ਹਿੰਮਤ ਸਿੰਘ ਨਾਲ ਗੱਲ ਕੀਤੀ।
"ਬਾਈ ਸਿੰਹਾਂ, ਗੁੱਸਾ ਨਾ ਕਰੀਂ। ਇਕ ਗੱਲ ਕਰਨੀ ਐ," ਸਰਪੰਚ ਕਹਿਣ ਲੱਗਾ।
"ਸਰਪੰਚਾ ਗੁੱਸਾ ਕਾਹਦਾ? ਦੱਸ ਕੀ ਗੱਲ ਐ।"
"ਇਕ ਵੱਡਾ ਟਰੰਕ ਤੁਹਾਡੇ ਪਿਛਵਾੜੇ ਪਿਆ ਐ। ਇਹ ਕੀਹਦਾ ਐ?"
"ਪਤਾ ਨਹੀਂ ਕੀਹਦਾ ਐ। ਹੜ੍ਹ 'ਚ ਕਿਤੇ ਰੁਲਦਾ ਖੁਲਦਾ ਦੇਖਿਆ ਸੀ। ਮੇਰੇ ਮੁੰਡੇ ਨੇ ਸੋਚਿਆ ਮੱਝ ਨੂੰ ਪੱਠੇ ਪਾਉਣ ਲਈ ਖੁਰਲੀ ਵਾਂਗ ਵਰਤਾਂਗੇ। ਬੱਸ ਐਵੇਂ ਹੀ ਘਰ ਨੂੰ ਚੁੱਕ ਲਿਆਇਆ। ਕੀ ਗੱਲ – ਚਾਹੀਦਾ ਐ?"
"ਹਿੰਮਤ ਬਾਈ, ਗੱਲ ਇਓਂ ਐ। ਇਹ ਟਰੰਕ ਗੱਡੀਆਂ ਵਾਲਿਆਂ ਦਾ ਐ। ਉਹ ਵਿਚਾਰੇ ਲੱਭ ਰਹੇ ਨੇ ਤੇ ਉਨ੍ਹਾਂ ਇਹਦੀ ਰਿਪੋਰਟ ਵੀ ਸਾਡੇ ਪਾਸ ਦਰਜ ਕਰਾਈ ਹੋਈ ਐ।"
"ਕੋਈ ਗੱਲ ਨਹੀਂ ਸਰਪੰਚਾ, ਚੁੱਕ ਕੇ ਲੈ ਜਾਓ, ਅਸੀਂ ਕੀ ਕਰਨਾ ਐ? ਸਾਡਾ ਮੁੰਡਾ ਤਾਂ ਐਵੇਂ ਖਿੱਚ ਲਿਆਇਆ ਸੀ।"

ਸਰਕਾਰ ਨੇ ਹੜ੍ਹ ਦੀ ਰਾਹਤ ਦੇਣ ਦੇ ਨਾਲ ਨਾਲ ਦੂਜਾ ਕੰਮ ਸੜਕਾਂ ਦੀ ਮੁਰੰਮਤ ਦਾ ਸ਼ੁਰੂ ਕੀਤਾ ਹੋਇਆ ਸੀ। ਸੜਕਾਂ 'ਚ ਪਏ ਪਾੜ ਠੀਕ ਕੀਤੇ ਜਾ ਰਹੇ ਸਨ। ਕੁਝ ਦਿਨਾਂ ਬਾਅਦ ਸਰਕਾਰ ਦੀ ਇਕ ਨਵੀਂ ਸਕੀਮ ਆ ਗਈ। ਇਹ ਪ੍ਰਾਜੈਕਟ ਸੀ ਪਿੰਡਾਂ ਦੇ ਛੱਪੜਾਂ ਦੇ ਨਵੀਨੀਕਰਨ ਦਾ। ਛੱਪੜਾਂ ਦੀ ਗਾਰ ਕੱਢ ਕੇ ਉਨ੍ਹਾਂ ਦਾ ਕੁਝ ਹਿੱਸਾ ਪੱਕਾ ਕੀਤਾ ਜਾਣਾ ਸੀ। ਇਹ ਵਾਤਾਵਰਣ ਦੀ ਸੰਭਾਲ ਵੱਲ ਇਕ ਠੋਸ ਕਦਮ ਸੀ। ਛੱਪੜਾਂ ਦੁਆਲੇ ਇੱਟਾਂ ਦੇ ਅੰਬਾਰ ਲੱਗਣੇ ਸ਼ੁਰੂ ਹੋ ਗਏ। ਵੱਡੀਆਂ ਵੱਡੀਆਂ ਕਰੇਨਾਂ ਤੇ ਮਸ਼ੀਨਾਂ ਵੀ ਆ ਗਈਆਂ। ਹਰ ਪਿੰਡ ਵਿਚ ਐੱਮਐੱਲਏ ਸਾਹਬ ਜਾਂਦੇ ਤੇ ਛੱਪੜ ਦਾ ਕੰਮ ਸ਼ੁਰੂ ਕਰਾਅ ਆਉਂਦੇ ਸਨ। ਵਜੀਦਪੁਰ ਵਿਚ ਵੀ ਕੰਮ ਸ਼ੁਰੂ ਹੋ ਗਿਆ ਸੀ।

ਜਿਸ ਦਿਨ ਕੰਮ ਚੱਲਦੇ ਨੂੰ ਤਿੰਨ ਦਿਨ ਹੋਏ, ਛੱਪੜ 'ਚੋਂ ਇਕ ਪੇਟੀ ਨਿਕਲੀ! ਭੂਰੇ ਦੇ ਮੁੰਡੇ ਗੇਜੇ ਨੇ ਪੇਟੀ 'ਤੇ ਆਪਣੀ ਮਾਲਕੀ ਜ਼ਾਹਰ ਕੀਤੀ। ਉਸ ਕਿਹਾ ਕਿ ਇਸ ਪੇਟੀ ਨੂੰ ਬਚਾਉਂਦੇ ਬਚਾਉਂਦੇ ਉਸਦਾ ਬਾਪੂ ਤੇ ਚਾਚਾ ਹੜ੍ਹ 'ਚ ਹੜ੍ਹ ਗਏ। ਗੇਜੇ ਨੇ ਅੱਗੇ ਕਿਹਾ ਕਿ ਉਹ ਪਿੰਡ 'ਚ ਇਕੱਠ ਸਮੇਂ ਐੱਮਐੱਲਏ ਦੀ ਹਾਜਰੀ 'ਚ ਇਸ ਪੇਟੀ 'ਤੇ ਆਪਣੀ ਮਾਲਕੀ ਪੇਸ਼ ਕਰੇਗਾ।

ਥੋੜ੍ਹੇ ਦਿਨਾਂ ਬਾਅਦ ਪਿੰਡ ਦੀ ਚੌਪਾਲ 'ਤੇ ਪੰਚਾਇਤ ਅਤੇ ਲੋਕਾਂ ਦਾ ਆਮ ਇਕੱਠ ਹੋਇਆ। ਛੱਪੜ 'ਚੋਂ ਮਿਲੀਆਂ ਚੀਜਾਂ-ਵਸਤਾਂ, ਲੋਕਾਂ ਨਾਲ ਵਿਚਾਰ ਕਰ, ਵਾਪਸ ਦਿਵਾਉਣੀਆਂ ਸਨ। ਜੇ ਕਿਸੇ ਚੀਜ ਦੀ ਮਾਲਕੀ ਦਾ ਪਤਾ ਨਾ ਲੱਗੇ ਤਾਂ ਨੀਲਾਮ ਕਰ ਦਿੱਤੀ ਜਾਣ ਦੀ ਗੱਲ ਚੱਲੀ। ਸਭ ਤੋਂ ਪਹਿਲਾਂ ਇਕ ਟਾਹਲੀ ਦੀ ਕਾਲੀ ਸਿਆਹ ਲੱਕੜ ਦੀ ਗੱਲ ਆਈ। ਬਰੀਕੀ ਨਾਲ ਛਾਣ ਬੀਣ ਕਰਨ ਤੋਂ ਬਾਅਦ ਪਤਾ ਲੱਗ ਗਿਆ ਕਿ ਇਹ ਭਾਨੀਮਾਰਾਂ ਦੇ ਫੱਕਰ ਹੋਰਾਂ ਦੀ ਸੀ। ਇਹ ਮੋਛਾ ਵੀ, ਕਿਸੇ ਸਮੇਂ ਦਾ, ਹੜ੍ਹ ਕੇ ਛੱਪੜ ਦੇ ਪਾਣੀ 'ਚ ਹੀ ਗੁਆਚ ਚੁੱਕਾ ਸੀ। ਕਾਲਾ ਸਿਆਹ, ਇਹ ਬਹੁਤ ਭਾਰਾ ਸੀ ਤੇ ਪਾਣੀ ਉੱਪਰ ਨਹੀਂ ਤਰਿਆ ਸੀ; ਅੱਕ ਦੇ ਬੂਟਿਆਂ 'ਚ ਫਸ ਕੇ ਗਾਰ ਹੇਠਾਂ ਹੀ ਦਬ ਹੋ ਗਿਆ ਸੀ। ਫੱਕਰ ਨੂੰ ਇਹ ਗੁਆਚੀ ਹੋਈ ਮਹਿੰਗੀ ਲੱਕੜ ਵਾਪਸ ਮਿਲ ਗਈ- ਉਹ ਬੜਾ ਖੁਸ਼ ਹੋਇਆ।

ਦੂਜੀ ਵੱਡੀ ਪ੍ਰਾਪਤੀ ਲੋਹੇ ਦੀ ਪੇਟੀ ਸੀ। ਇਹਦੇ 'ਤੇ ਬਚਨਾ ਤੇ ਗੇਜਾ, ਦੋਨੋਂ, ਮਾਲਕੀ ਜਤਾਅ ਰਹੇ ਸਨ। ਫ਼ੈਸਲਾ ਕਰਨਾ ਔਖਾ ਸੀ।
"ਮੇਰਾ ਬਾਪ ਤੇ ਚਾਚਾ ਸਾਡੀ ਇਸ ਪੇਟੀ ਨੂੰ ਬਚਾਉਂਦੇ ਬਚਾਉਂਦੇ ਆਪ ਮਾਰੇ ਗਏ," ਗੇਜੇ ਨੇ ਭਰੀ ਸਭਾ 'ਚ ਕਿਹਾ, "ਪੇਟੀ ਸਾਡੀ ਐ। ਇਹ ਸਾਨੂੰ ਦਿੱਤੀ ਜਾਵੇ।"
ਬਚਨਾ ਚੱਕਰ 'ਚ ਪੈ ਗਿਆ। ਉਹ ਇਸ 'ਤੇ ਆਪਣੀ ਮਾਲਕੀ ਕਿਵੇਂ ਸਿੱਧ ਕਰੇ?
"ਗੇਜੇ, ਤੈਨੂੰ ਪਤੈ ਇਸ ਪੇਟੀ 'ਚ ਕੀ ਐ? ਜੇ ਤੂੰ ਦੱਸੋ ਦੇਵੇਂ ਤਾਂ ਅਸੀਂ ਖੋਲ੍ਹ ਕੇ ਦੇਖ ਲਵਾਂਗੇ। ਜੇ ਤੇਰੀਆਂ ਦੱਸੀਆਂ ਦੋ ਚੀਜ਼ਾਂ ਵੀ ਵਿਚ ਹੋਣ ਤਾਂ ਇਹ ਤੈਨੂੰ ਮਿਲ ਜਾਵੇਗੀ," ਸਰਪੰਚ ਨੇ ਅਸਲੀਅਤ ਜਾਨਣ ਲਈ ਇਹ ਸਵਾਲ ਪਾ ਦਿੱਤਾ।
"ਇਸ 'ਚ ਜੋ ਕੁਝ ਵੀ ਹੈ ਉਹ ਮੈਂ ਤਾਂ ਪਾਇਆ ਹੀ ਨਹੀਂ। ਉਹ ਤਾਂ ਮੇਰੇ ਘਰਦਿਆਂ ਪਾਇਆ ਹੋਊ। ਮੈਂ ਕਿਵੇਂ ਦੱਸ ਸਕਦਾ ਹਾਂ ਇਸ 'ਚ ਕੀ ਐ?" ਗੇਜਾ ਬੋਲਿਆ।
"ਤੇਰੇ ਘਰ ਦਾ ਕੋਈ ਦੱਸ ਦੇਵੇ?" ਸਰਪੰਚ ਕਹਿਣ ਲੱਗਾ।
ਗੇਜਾ ਅਜੇ ਚੁੱਪ ਹੀ ਸੀ।

"ਮੈਂ ਦੱਸ ਦਿੰਦੀ ਹਾਂ!" ਇਕਦਮ ਬਚਨੇ ਦੀ ਘਰਵਾਲੀ ਬੋਲ ਪਈ। ਸਾਰਿਆਂ ਦੇ ਕੰਨ ਖੜ੍ਹੇ ਹੋ ਗਏ।

...ਸਾਫ਼ ਜ਼ਾਹਰ ਹੋ ਗਿਆ ਕਿ ਇਹ ਬਚਨੇ ਦੀ ਹੀ ਐ- ਬਚਨੇ ਹੋਰਾਂ ਮੋਟਾ ਮੋਟਾ ਦੱਸ ਦਿੱਤਾ ਕਿ ਇਸ ਵਿਚ ਕੀ ਸੀ! ਸੋ ਇਹ ਪੇਟੀ ਉਨ੍ਹਾਂ ਨੂੰ ਦੇ ਦਿੱਤੀ ਗਈ। ਉਹ ਆਪਣੀ ਗੁਆਚੀ ਬਹੁਮੁੱਲੀ ਚੀਜ਼ ਮੁੜ ਹਾਸਲ ਕਰ ਕੇ ਬੜੇ ਖੁਸ਼ ਹੋਏ। ਓਧਰ ਗੇਜੇ ਨੂੰ ਵੀ, ਕੁਝ ਕੁਝ ਇਲਮ ਤਾਂ ਹੈ ਸੀ ਕਿ ਉਸਦੇ ਸਕੇ ਕਿਸੇ ਬਗਾਨੀ ਪੇਟੀ ਦੇ ਸਿਲਸਿਲੇ ਵਿਚ ਹੜ੍ਹ ਗਏ ਸਨ....ਸਾਰਾ ਮਾਮਲਾ ਹੁਣ ਤਾਂ ਸਾਰਿਆਂ ਜੋੜ ਜਾੜ ਕੇ ਪੂਰਾ ਹੀ ਬੁੱਝ ਲਿਆ ਸੀ!

ਅਸਟ੍ਰੇਲੀਆ +61 437 641033

ਐਨਕ ਪਿੱਛੋਂ ਝਾਕਦੀਆਂ ਅੱਖਾਂ

ਅਨੀਤਾ ਰਸ਼ਮੀ

surovtseva/istock

ਅੰਮਾਂ ਅਕਵੇਰੀਅਮ ਅੱਗੇ ਖਲੋਅ ਪੀਲੀ ਰੌਸ਼ਨੀ ਵਿੱਚ ਨਹਾਤੀਆਂ ਮੱਛੀਆਂ ਨਿਹਾਰਨ ਲੱਗੀ। ਰੰਗਾਂ ਵਾਲੇ ਬੱਲਬ ਦੀ ਪੀਲੀ ਰੌਸ਼ਨੀ ਵਿਚ ਤਰਦੀਆਂ ਮੱਛੀਆਂ! ਗੋਲਡ ਫ਼ਿਸ਼! ਟ੍ਰਾਪੀਕਲ! ਉਨ੍ਹਾਂ ਦੇ ਮੁਖੜੇ 'ਤੇ ਵੀ ਇੱਕ ਚਮਕ ਉੱਭਰ ਆਈ। ਮੱਛੀਆਂ ਇੱਕ ਲੈਅ ਵਿਚ ਤਰਦੀਆਂ ਹਨ। ਅਤੇ ਉਨ੍ਹਾਂ ਨੂੰ ਉਹ ਲੈਅ ਦੇਖਣੀ ਬਹੁਤ ਚੰਗੀ ਲੱਗਦੀ ਹੈ। ਉਹ ਮੱਛੀਆਂ ਦੀ ਤੇਜ਼ੀ ਵਿਚ ਗੁਆਚ-ਜਿਹੀ ਜਾਂਦੀ ਹੈ।

ਮੱਛੀਆਂ ਆਪਣੇ ਵਿਚ ਮਗਨ ਕਦੇ ਤਰਦੀਆਂ ਉਤਾਂਹ ਜਾਂਦੀਆਂ, ਕਦੇ ਹਿਠਾਂਹ। ਸਜਾਵਟ ਵਾਲੇ ਨਕਲੀ ਕੋਰਲ ਅਤੇ ਹਰੇ ਬੂਟਿਆਂ ਵਿੱਚੋਂ ਬਚਦੀਆਂ ਬਚਾਉਂਦੀਆਂ ਉਹ ਸਾਦੇ ਰੰਗੀਨ ਨਿੱਕੇ-ਨਿੱਕੇ ਪੱਥਰਾਂ ਨੂੰ ਛੋਹਣ ਤੋਂ ਪਹਿਲਾਂ ਮੁੜ ਆਉਂਦੀਆਂ।

"ਉਨ੍ਹਾਂ ਦੀ ਤੇਜ਼ ਰਫ਼ਤਾਰ ਵਿਚ ਜਿਹੜੀ ਲੈਅ ਹੈ, ਚਾਹੇ ਤਾਂ ਉਨ੍ਹਾਂ ਤੋਂ ਵੀ ਜਿਊਣਾ ਸਿੱਖ ਲਏ ਇਨਸਾਨ।"- ਅਕਸਰ ਕਹਿੰਦੀ ਹੈ ਉਹ।

ਗੋਪਾਲ ਦੇ ਹੱਥ ਵਿਚ ਇੱਕ ਕਿਤਾਬ ਸੀ। ਉਹ ਉਸ ਵਿਚ ਮੁੜ ਡੁੱਬਣ ਲਈ ਕਾਹਲਾ ਸੀ। ਪਰ ਹੁਣ ਅੰਮਾਂ ਸਾਹਮਣੇ। ਉਸ ਕਿਤਾਬ ਦੇ ਅੰਦਰ ਸਫ਼ੇ ਵਿਚ ਇੱਕ ਉਂਗਲ ਫਸਾਈ ਅਤੇ ਅੰਮਾਂ ਨੂੰ ਤੱਕਣ ਲੱਗਾ।

ਅੰਮਾਂ ਦਾ ਚਿਹਰਾ ਬੱਲਬ ਦੀ ਪੀਲੀ ਲੋਅ ਦੇ ਘੇਰੇ ਵਿਚ ਘਿਰਿਆ ਹੈ। ਇੱਕ ਜਗਮਗਾਉਂਦੇ ਗੋਲ਼ੇ ਕਰਕੇ। ਇਹ ਚਿਹਰਾ ਮੋਹ ਨਾਲ ਭਰਿਆ ਹੈ। ਜਦੋਂ ਵੀ ਉਹ ਅਕਵੇਰੀਅਮ ਕੋਲ ਖਲੋਏ, ਉਸ ਦਾ ਚਿਹਰਾ ਏਸੇ ਤਰ੍ਹਾਂ ਦਮਕਾਂ ਮਾਰਦਾ ਹੁੰਦਾ ਹੈ। ਉਸਦੇ ਪੱਲੇ ਇਹ ਨਹੀਂ ਪੈਂਦਾ ਇਹ ਰੌਸ਼ਨੀ ਦੇ ਘੇਰੇ ਕਰਕੇ ਹੈ ਜਾਂ ਮੋਹ ਦੀ ਲੋਅ ਹੈ? ਉਹ ਉਨ੍ਹਾਂ ਨੂੰ ਗਹੁ ਨਾਲ ਤੱਕਣ ਲੱਗ ਪੈਂਦਾ ਅਕਸਰ।

ਉਸ ਹੱਥ ਵਿਚ ਫੜੀ ਕਿਤਾਬ 'ਮਾਂ' 'ਤੇ ਇੱਕ ਨਜ਼ਰ ਸੁੱਟੀ ਅਤੇ ਫਿਰ ਓਸੇ ਤਰ੍ਹਾਂ ਉਂਗਲੀ ਫਸਾਈ ਖਲੋਤਾ ਰਿਹਾ।

ਉਸਦਾ ਮਨ ਗੋਰਕੀ ਦੀ 'ਮਾਂ' ਤੋਂ ਵੱਧ ਆਪਣੀ ਅੰਮਾਂ ਦੇ ਮੁਸਕ੍ਰਾਂਦੇ ਚਿਹਰੇ ਵਿਚੋਂ ਅਨੰਦ ਲੈਣ ਲੱਗਾ। ਗੋਰਕੀ ਨੇ ਕਿਆ ਲਿਖਿਆ ਹੈ- ਮਾਂ। ਉਹ ਉਸਦੇ ਪੰਜਾਹ ਸਫ਼ੇ ਓਥੇ ਸੋਫ਼ੇ 'ਤੇ ਬੈਠਾ ਬੈਠਾ ਪੜ੍ਹ ਗਿਆ ਸੀ। ਸਤਰ ਪੜ੍ਹਨੀ ਮੁਕਾਈ ਸੀ ਕਿ ਅੰਮਾਂ ਤੇਜ਼ੀ ਨਾਲ ਅਕਵੇਰੀਅਮ ਕੋਲ ਆ ਕੇ ਤਰਦੀਆਂ ਮੱਛੀਆਂ ਨੂੰ ਦੱਸਣ ਲੱਗ ਪਈ,

"ਗੋਲਡ ਫ਼ਿਸ਼ ਨੂੰ 65 ਡਿਗਰੀ ਫ਼ਹਰਨਹਾਈਟ...ਟ੍ਰਾਪੀਕਲ ਨੂੰ ਤਕਰੀਬਨ 75 ਡਿਗਰੀ ਫ਼ਹਰਨਹਾਈਟ! ...ਅੱਡ ਅੱਡ ਟੈਂਪਰੇਚਰ ਚਾਹੀਦੇ ਹਨ ਦੋਨਾਂ ਨੂੰ।"

"ਅਜਿਹੇ ਵਿਚ ਇਕੱਠੀਆਂ ਰੱਖਣ ਤੋਂ ਅਸੀਂ ਸਾਰੇ ਡਰਦੇ ਸੀ। ਪਰ ਅੰਮਾਂ ਤੁਸੀਂ ਨਹੀਂ ਡਰਦੇ। ਹਰ ਪ੍ਰਾਬਲਮ ਦਾ ਸੱਲਿਊਸ਼ਨ ਹੈ ਨਾ ਤੁਹਾਡੇ ਕੋਲ?"

ਅੰਮਾਂ ਨੇ ਕਬਰਡ 'ਚੋਂ ਦਾਣੇ ਵਾਲਾ ਡੱਬਾ ਚੁੱਕ, ਅਕਵੇਰੀਅਮ ਦਾ ਢੱਕਣ ਖੋਲ੍ਹ ਉਸ ਵਿਚ ਦਾਣੇ ਪਾਉਣ ਲੱਗੀ। ਟੱਪ ਟੱਪ ਆਉਂਦੀਆਂ ਮੱਛੀਆਂ ਦੀ ਕਾਹਲ ਵੇਖਣ ਹੀ ਵਾਲੀ ਸੀ। ਲਾਲ-ਪੀਲੀ-ਨੀਲੀ, ਸੰਤਰੀ ਮੱਛੀਆਂ। ਦਾਣਾ ਉਨ੍ਹਾਂ ਵਿਚ ਹੋਰ ਤੇਜ਼ੀ ਲਿਆਉਂਦਾ...ਫਟਾਫਟੀ...ਹੋਰ ਫਟਾਫਟੀ...ਅੰਮਾਂ ਦੇ ਚਿਹਰਾ ਹੋਰ ਦਮਕਾਂ ਮਾਰਦਾ। ਅੰਮਾਂ ਜਦੋਂ ਵੀ ਓਥੇ ਖਲੋਤੀ ਹੁੰਦੀ, ਸਾਰਾ ਕੁਝ ਭੁੱਲ ਉਹ ਅੰਮਾਂ ਦੇ ਮੁਖੜੇ ਤੋਂ ਫੁੱਟ ਫੁੱਟ ਪੈਂਦੇ ਇਸ ਨੂਰ, ਇਸ ਨੇਹੁੰ ਨੂੰ ਆਪਣੇ ਅੰਦਰ ਭਰ ਲੈਣਾ ਚਾਹੁੰਦਾ ਹੈ! ਪੂਰੇ ਦਾ ਪੂਰਾ!

ਕਿੱਥੋਂ ਕਿੱਥੋਂ ਲੱਭ ਕੇ ਲਿਆਂਦੀਆਂ ਗਈਆਂ ਸੀ ਉਹ ਮੱਛੀਆਂ। ਐਨ ਓਸੇ ਵਾਂਗ। ਨਿਸ਼ਾ, ਅਫ਼ਜ਼ਲ, ਜੌਰਜ, ਫ਼ਾਤਿਮਾ, ਬਬਲੂ ਅਤੇ ਇਨ੍ਹਾਂ ਵਰਗੇ ਅਨੇਕਾਂ ਬੱਚਿਆਂ ਵਾਂਗ। ਇਹ ਬੱਚੇ ਅਤੇ ਇਨ੍ਹਾਂ ਜਿਹੇ ਹੋਰ ਕਈ ਬੱਚੇ, ਅੱਲ੍ਹੜ, ਨੰਨ੍ਹੇ, ਲਾਵਾਰਸ ਜਾਂ ਗਰੀਬ!

ਆਪਣੀ ਮਾਂ ਚਰਕੀ ਦੇ ਚਿਹਰੇ 'ਤੇ ਵੀ ਵੇਖੀ ਹੈ ਇਹ ਦਮਕਦੀ ਲੋਅ। ਇਹ ਚਮਕਾਂ ਮਾਰਦਾ ਘੇਰਾ! ਖ਼ਾਸਕਰ ਓਦੋਂ, ਜਦ ਉਹ ਕਿਸੇ ਕੰਮ ਵਿੱਚ ਰੁੱਝੀ ਹੁੰਦੀ ਅਤੇ ਮਿਹਨਤ ਦੇ ਮੁੜ੍ਹਕੇ ਦੀ ਬੂੰਦ ਨਾਲ ਉਸਦਾ ਕਾਲਾ ਝੁਰੜਾਂ-ਮਾਰਿਆ ਚਿਹਰਾ ਦਮਕਦਾ। ਉਸ ਐਨ ਨੇੜੇ ਹੀ ਗੁੱਲੀ ਡੰਡਾ ਖੇਡਦੇ ਹੋਣਾ। ਮਾਇ ਉਸਨੂੰ ਖੇਡਦਾ ਵੇਖ ਮੋਹ ਨਾਲ ਭਰ ਉੱਠਦੀ। ਵਿਚ-ਵਿਚ ਇੱਕ ਨਜ਼ਰ ਉਸ ਨੂੰ ਤੱਕਦੀ। ਅਤੇ ਮੁੜ ਰੁੱਝੀ!

ਅੰਮਾਂ ਇੱਕ ਪਿਆਰਾ ਸ਼ਬਦ, ਆਪਣੇਪਣ ਵਾਲਾ। ਮਮਤਾ ਨਾਲ ਭਰਿਆ। ਪੂਰੀ ਕੁੱਬੀ ਹੋਈ ਅੰਮਾਂ ਬਾਰੇ ਦੋ ਕਾਰਨਾਂ ਕਰਕੇ ਲੋਕ ਬਹੁਤ ਗੱਲ ਕਰਦੇ। ਇੱਕ ਸਾੜ੍ਹੀ ਬੰਨ੍ਹਣ ਦੀ ਆਪਣੀ ਖ਼ਾਸ ਸ਼ੈਲੀ, ਦੂਜਾ ਨਿੱਘਾ ਕਾਰ-ਵਿਹਾਰ! ਪੂਰੇ ਸ਼ਹਿਰ ਵਿਚ ਉਸਦਾ ਨਾਂ ਆਦਰ ਨਾਲ ਲਿਆ ਜਾਂਦਾ। 'ਅੰਬਾ ਬਿਲਡਿੰਗ' ਦੇ ਸਾਰੇ ਬੱਚਿਆਂ ਲਈ ਤਾਂ ਉਹ ਜਿਉਂਦਾ ਜਾਗਦਾ ਈਸ਼ਵਰੀ ਰੂਪ ਹੈ।

ਉਨ੍ਹਾਂ ਦੀ ਮੁਸਕੜੀ ਮੋਨਾਲਿਜ਼ਾ ਦੀ ਮੁਸਕੜੀ ਨੂੰ ਮਾਤ ਪਾਉਂਦੀ ਸੀ ਪਰ ਉਨ੍ਹਾਂ ਲਈ ਕੋਈ ਚਿੱਤ੍ਰਕਾਰ ਵਿੱਚੀ ਨਹੀਂ ਸੀ।

ਅੰਮਾਂ ਉਹ ਸਿਰਫ਼ ਇਕਲੌਤੇ ਪੁੱਤਰ ਸ਼ਿਸ਼ਿਰ ਦੀ ਹੀ ਨਹੀਂ ਟਿਕੂ, ਮੀਟੂ, ਹੁਸੈਨ, ਲੋਹਿਤ, ਅਮਰਜੀਤ ਕੌਰ, ਟੌਮ, ਰਜਨੀ, ਮੇਰੀ, ਫ਼ਰਹਾ,

ਐਨਕੋਂ ਝਾਕਦੀਆਂ ਅੱਖਾਂ

ਦਿਲਖੁਸ਼ ਦੀ ਵੀ ਹੈ। ਕਿੰਨੇ ਬੱਚੇ ਆਪਣੀ ਮੰਜ਼ਿਲ ਦੀ ਡੋਰ ਫੜ ਉੱਡ ਗਏ। ਪੈਰਿਸ, ਲੰਦਨ ਤੋਂ ਵੀ ਨਵੇਂ ਮਾਤਾ-ਪਿਤਾ ਨਾਲ ਆਉਂਦੇ ਅਤੇ ''ਅੰਮਾਂ-ਅੰਮਾਂ!'' ਕਹਿੰਦੇ ਨਾ ਥੱਕਦੇ। ਕਈ ਹੋਰ ਬੱਚੇ ਇਸ 'ਅੰਬਾ ਬਿਲਡਿੰਗ' ਵਿਚ ਮੌਜੂਦ ਹਨ। ਕੁਝ ਕੁ ਬੱਚਿਆਂ ਦਾ ਅਜੇ ਤੱਕ ਨਾਮਕਰਨ ਵੀ ਨਹੀਂ ਹੋ ਸਕਿਆ। ਗੋਪਾਲ ਅਕਸਰ ਲੜ ਪੈਂਦਾ,

''ਠੀਕ ਹੈ, ਉਸ ਉਨ੍ਹਾਂ ਨੂੰ ਆਪਣੇ ਗਰਭ ਵਿੱਚ ਨਹੀਂ ਸੀ ਰੱਖਿਆ ਪਰ ਹੈ ਤਾਂ ਉਹ ਸਭ ਦੀ ਮਾਂ ਹੀ।''

ਅੰਮਾਂ ਨੇ ਦੱਸਿਆ ਸੀ,

''ਕੋਈ ਆਪਣੇ ਮਾਂ ਪਿਓ ਦੀ ਸਜ਼ਾ ਭੋਗਦਾ ਭੋਗਦਾ ਕੂੜੇਦਾਨ ਵਿਚ, ਕੋਈ ਟ੍ਰੇਨ ਦੀ ਬੋਗੀ ਵਿਚ, ਕੋਈ ਮਾਂ ਪਿਓ ਨੂੰ ਗੁਆ ਕੇ ਫੁਟਪਾਥ 'ਤੇ ਪਿਆ ਲੱਭਾ। ਕੋਈ ਮੇਲੇ ਦੀ ਭੀੜ ਵਿਚ ਸਦਾ ਲਈ ਵਿੱਛੜ ਗਿਆ ਸੀ।''

ਉਹ ਸਾਰੇ 'ਅੰਬਾ ਬਿਲਡਿੰਗ' ਦੀ ਬਹੁਤ ਵੱਡੀ ਮੋਹ ਭਰੀ ਛਾਂ ਵਿਚ ਪੁੱਜ ਗਏ। ਕਿਸੇ ਕਿਸੇ ਨੂੰ ਬੱਚਾ ਚੋਰ ਟੋਲੇ ਤੋਂ ਬਚਾਅ ਕੇ ਪੁਲਸ ਨੇ ਹੀ ਉਨ੍ਹਾਂ ਤੱਕ ਪਹੁੰਚਾਇਆ ਸੀ। ਕੋਈ ਨਿੱਕੀਆਂ-ਮੋਟੀਆਂ ਚੋਰੀਆਂ ਕਰ ਕੇ ਭੱਜਦੇ ਭੱਜਦੇ ਉਨ੍ਹਾਂ ਤੱਕ ਆ ਪੁੱਜੇ ਸੀ। ਦੰਗਿਆਂ ਵਿਚ ਬੇਘਰ ਹੋਏ ਬੱਚਿਆਂ ਦੀ ਪੂਰੀ ਫ਼ੌਜ ਸੀ। ਉਨ੍ਹਾਂ ਕਈ ਬਰਬਾਦ ਹੋ ਗਏ ਪਿੰਡਾਂ ਨੂੰ ਵੇਲੇ-ਵੇਲੇ ਸਿਰ ਗੋਦ ਲਿਆ ਸੀ। ਓਥੋਂ ਕਈ ਬੱਚਿਆਂ ਨੂੰ ਲੈ ਆਈ ਸੀ। ਜਿਵੇਂ 'ਅੰਬਾ ਬਿਲਡਿੰਗ' ਨਹੀਂ, ਖ਼ੁਦਾ ਦਾ ਘਰ ਹੋਏ।

ਵੱਖੋ ਵੱਖਰੀਆਂ ਜਾਤਾਂ, ਧਰਮਾਂ, ਫ਼ਿਰਕਿਆਂ ਦੇ ਬੱਚੇ ਉਨ੍ਹਾਂ ਨੂੰ ਅਕਵੇਰੀਅਮ ਵਿਚ ਜਤਨ ਨਾਲ ਪਾਲੀਆਂ ਮੱਛੀਆਂ ਵਾਂਗ ਲੱਗਦੇ … ਸਾਫ਼-ਚਮਕਦੇ…ਨੇਹੁੰ ਦੇ ਗੁੜ ਵਿੱਚ ਪਕਾਏ ..ਤੇਜ਼ੀ ਨਾਲ ਇੱਧਰ-ਓਧਰ ਭੱਜੀ ਫਿਰਦੇ…ਨਿੱਖਰੇ!….. ਬਿਨ-ਕਲੇਸ਼!!…

''ਸਾਰੇ ਸਮੋਏ ਗਏ, ਸਾਰੇ ਆ ਗਏ ਆਪਣੀਆਂ ਦੋਹਾਂ ਤੁਹਾਡੀਆਂ ਦੋਹਾਂ ਬਾਹਾਂ ਵਿਚ। ਹੈ ਨਾ ਅੰਮਾਂ?''

''ਈਸ਼ਵਰ ਨੇ ਜਨਮ ਦਿੱਤਾ ਹੈ, ਖਾਣਾ ਵੀ ਓਹੀ ਦਏਗਾ।''

ਬੜੀ ਪ੍ਰਚੱਲਤ, ਬੜੀ ਪਰਚਾਰੀ ਇਹ ਗੱਲ ਈਸ਼ਵਰ 'ਤੇ ਲਾਗੂ ਹੁੰਦੀ ਹੋਏ ਜਾਂ ਨਾ, ਅੰਮਾਂ 'ਤੇ ਜ਼ਰੂਰ ਹੁੰਦੀ ਹੈ। 'ਅੰਬਾ ਬਿਲਡਿੰਗ' ਵਿਚ ਜੋ ਆ ਗਿਆ, ਓਸ ਲਈ ਤਾਂ ਜ਼ਰੂਰ।

''ਇਓਂ ਖੜ੍ਹਾ ਖੜ੍ਹਾ ਕੀ ਵੇਖੀ ਜਾ ਰਿਹੈਂ, ਨਨਕੂ ਗੋਪਾਲ?''

ਉਸ ਝਟਪਟ ਹੋਸ਼ ਕੀਤੀ, ''ਕੁਝ ਨਹੀਂ ਅੰਮਾਂ।''

''ਹੱਥ ਵਿਚ ਕੀ ਐ?…ਗੋਰਕੀ?…ਚੰਗੀ ਹੈ, ਪੜ੍ਹ।''

ਉਹ ਫੇਰ ਰੁੱਝੀ ਇੱਕ ਜਾਦੂਈ ਮੁਸਕੜੀ ਨਾਲ ਹਮੇਸ਼ਾ ਵਾਂਗੂੰ।

''ਸ਼ਿਸ਼ਿਰ ਦੀ ਚਿੱਠੀ ਆਈ ਐ।''

''ਕਿੱਥੇ ਐ?''

''ਟੀ ਵੀ ਸਟੈਂਡ 'ਤੇ ਰੱਖ ਦਿੱਤੀ ਐ।''

''ਠੀਕ, ਲਿਖਿਆ ਕੀ ਐ?''

''ਓਹੀ।''

''ਓਹੀ, ਯਾਨੀ ਹਾਲ ਚਾਲ?''

''ਆਹੋ!''

ਉਨ੍ਹਾਂ ਦਾ ਧਿਆਨ ਮੱਛੀਆਂ ਵੱਲ ਹੀ ਸੀ, ਓਸੇ ਮੁਸਕੜੀ ਨਾਲ। ਗੋਪਾਲ ਕਮਰੇ ਵਿਚ ਗਿਆ ਅਤੇ ਚਿੱਠੀ ਲਿਆ ਕੇ ਉਨ੍ਹਾਂ ਨੂੰ ਫੜਾਅ ਦਿੱਤੀ।

ਗੋਪਾਲ ਨੇ ਹੀ ਚਿੱਠੀ ਪੜ੍ਹ ਕੇ ਸੁਣਾਈ। ਉਹ ਹੁਣ ਵੀ ਮੁਸਕ੍ਰਾਅ ਪਏ। ਉਨ੍ਹਾਂ ਦੀ ਮੁਸਕਾਨ ਉਸਨੂੰ ਬੰਨ੍ਹਣ ਲੱਗ ਪਈ। ਸ਼ਿਸ਼ਿਰ ਉਨ੍ਹਾਂ ਦਾ ਇਕਲੌਤਾ ਮੁੰਡਾ ਹੈ। ਐਮਬੀਏ ਕਰ ਕੇ ਪੂਨੇ ਨੌਕਰੀ ਕਰ ਰਿਹਾ ਹੈ। ਸ਼ਿਸ਼ਿਰ ਦਾ ਕੈਂਪਸ ਸਿਲੈੱਕਸ਼ਨ ਹੋਇਆ ਤਾਂ ਉਹ ਵੀ ਖ਼ੁਸ਼ੀ ਨਾਲ ਉੱਛਲ ਪਿਆ ਸੀ। ਅੰਮਾਂ ਦੀ ਖੁਸ਼ੀ ਵਿਚ ਹੀ ਉਸਦੀ ਖੁਸ਼ੀ ਹੈ। ਕਿੰਨੀ ਛੋਟੀ ਉਮਰ ਵਿਚ ਸ਼ਿਸ਼ਿਰ ਦੀ ਨੌਕਰੀ ਲੱਗੀ। ਤੇਈ ਸਾਲਾਂ ਦੀ ਕੱਚੀ ਉਮਰੇ ਹੀ। ਸ਼ਿਸ਼ਿਰ ਤਾਂ ਚਲਾ ਗਿਆ ਪੂਨੇ, ਗੋਪਾਲ ਓਥੇ ਹੀ ਰਹਿ ਗਿਆ।

ਗੋਪਾਲ ਨੂੰ ਬਚਪਨ ਦੇ ਦਿਨ ਹਮੇਸ਼ਾ ਚੇਤੇ ਆਉਂਦੇ…ਜਿਵੇਂ ਆਖੀਦਾ ਹੈ ਕਿ ਜਹਾਜ਼ੋਂ ਉੱਡਿਆ ਪੰਛੀ ਮੁੜ ਮੁੜ ਜਹਾਜ਼ 'ਤੇ ਹੀ ਆਵੇ। ਅਕਸਰ ਉਹ ਗਲਤ ਢੰਗ ਨਾਲ ਹੀ ਸਹੀ ਇਸ ਜਹਾਜ਼ ਵਾਲੀ ਗੱਲ ਨੂੰ ਯਾਦ ਕਰਦਾ। ਅੰਮਾਂ ਨਿੱਕੇ ਸ਼ਿਸ਼ਿਰ ਦਾ ਹੱਥ ਫੜੀ ਪਾਰਕ ਵੱਲ ਜਾਂਦੀ ਦਿਸ ਜਾਂਦੀ ਸੀ। ਉਹ ਜਦੋਂ ਵੀ ਓਧਰੋਂ ਲੰਘਦੀ, ਗੋਪਾਲ ਆਪਣੇ ਝੌਂਪੜੇ ਦੇ ਬਾਹਰ ਖੜ੍ਹਾ ਦਿਸਣਾ। ਸ਼ਿਸ਼ਿਰ ਤੋਂ ਇੱਕ-ਅੱਧ ਸਾਲ ਹੀ ਛੋਟਾ ਹੈ ਉਹ। ਗੋਪਾਲ ਦੀ ਮਾਂ ਚਰਕੀ ਕਦੇ 'ਅੰਬਾ ਬਿਲਡਿੰਗ' ਵਿਚ ਆਯਾ ਦਾ ਕੰਮ ਕਰਦੀ ਸੀ। ਕਦੇ ਕਦਾਈਂ ਉਸਨੂੰ ਵੀ ਨਾਲ ਲੈ ਜਾਂਦੀ ਸੀ। ਸ਼ਿਸ਼ਿਰ ਨਾਲ ਖੇਡ ਕੇ ਉਹ ਹਮੇਸ਼ਾ ਬੜਾ ਖੁਸ਼ ਹੁੰਦਾ। ਉਸ ਦਿਨ ਉਹ ਬਹੁਤ-ਬਹੁਤ ਖੁਸ਼ ਰਹਿੰਦਾ।

ਗੋਪਾਲ ਬਹੁਤਾ ਤਾਂ ਆਪਣੇ ਪਿਤਾ ਨਾਲ ਕੰਮ ਵਿਚ ਹੱਥ ਵਟਾਉਂਦਾ ਹੁੰਦਾ ਸੀ। ਅੰਮਾਂ ਨੇ ਜਦੋਂ ਕੋਲੋਂ ਲੰਘਣਾ ਤਾਂ 'ਅੰਬਾ ਬਿਲਡਿੰਗ' ਦੀਆਂ ਯਾਦਾਂ ਤੇਜ਼। ਉਸਨੂੰ ਸ਼ਿਸ਼ਿਰ ਕਿਤਿਓਂ ਦਾ ਰਾਜਕੁਮਾਰ ਲੱਗਦਾ। ਅੰਮਾਂ ਕਿਸੇ ਪਰੀ ਦੇਸ਼ ਦੀ ਰਾਣੀ। ਸ਼ਿਸ਼ਿਰ ਦਾ ਅੰਮਾਂ ਕੋਲ ਹੋਣਾ ਉਸਨੂੰ ਹੋਰ ਵੀ ਤੜਫਣੀ ਲਾਉਂਦਾ।

ਪਨੀਰ-ਰੋਟੀ, ਲੱਾਨ ਦੀ ਹਰੀ ਹਰੀ ਕੂਲੀ ਘਾਅ, ਮਖਮਲੀ ਘਾਅ ਦੀ ਹਰਿਆਵਲ, ਬੱਚਿਆਂ ਦੀ ਭੀੜ…ਕਿਲਕਾਰੀਆਂ…ਬੱਚਿਆਂ ਦਾ ਗੇਂਦਾਂ ਪਿੱਛੇ ਭੱਜਣਾ…ਜਾਂ ਬੈਡਮਿੰਟਨ ਦੀਆਂ ਬੱਗੀਆਂ-ਬੱਗੀਆਂ ਚਿੜੀਆਂ ਨੂੰ ਇਓਂ ਹਵਾ ਵਿਚ ਉਡਾਉਣਾ…ਉਸਨੂੰ ਮੁੜ ਮੁੜ ਚੇਤੇ ਆਉਣ ਲੱਗਦਾ।

ਇੱਕ ਦਿਨ ਉਹ ਭੱਜ ਕੇ ਕੋਲ ਚਲਾ ਗਿਆ ਸੀ। ਸ਼ਿਸ਼ਿਰ ਨੂੰ ਵੇਖ ਹਾਕ ਵੀ ਮਾਰੀ ਸੀ। ਵਹਿੰਦਾ ਨੱਕ ਬੂਸ਼ਰਟ ਦੀ ਨੋਕ ਨਾਲ ਪੂੰਝ ਲਲਚਾਈਆਂ ਅੱਖਾਂ ਨਾਲ ਉਨ੍ਹਾਂ ਦੋਹਾਂ ਨੂੰ ਤੱਕਣ ਲੱਗ ਪਿਆ ਸੀ।

ਇਕਲੌਤੇ ਸ਼ਿਸ਼ਿਰ ਦਾ ਠਾਠ ਰੜਕਦਾ ਸੀ ਉਸ ਨੂੰ। ਉਨ੍ਹਾਂ ਬੱਚਿਆਂ ਦਾ ਵੀ, ਜਿਹੜੇ ਅੰਮਾਂ ਦੇ ਸਨ ਹੀ ਨਹੀਂ। ਉਸਨੂੰ ਆਪਣੇ ਮਾਇ-ਬਾਬਾ ਨਾਲ ਚਿੜ੍ਹ ਹੋ ਜਾਂਦੀ।

ਉਸਦੀਆਂ ਅੱਖਾਂ ਵਿਚ ਕੁਝ ਸੀ ਜ਼ਰੂਰ! ਤਦੇ ਅੰਮਾਂ ਨੇ ਫੜ ਲਿਆ ਸੀ। ਓਸ ਦਿਨ ਉਸਦੀਆਂ ਅੱਖਾਂ ਵਿੱਚੋਂ ਝਰ-ਝਰ ਹੰਝੂ ਡਿੱਗ ਰਹੇ

ਸਨ। ਘਰ ਵਿਚ ਅਣਗੌਲਿਆ ਹੋਣਾ, ਡਾਂਟ, ਹੱਦੋਂ ਵੱਧ ਕੰਮ...। ਅੱਥਰੂ ਬਣ ਕੇ ਓਸ ਦਿਨ ਇਹ ਅਣਗੌਲਿਆਪੁਣਾ ਵਹਿ ਰਿਹਾ ਸੀ। ਅੰਮਾਂ ਅਤੇ ਸ਼ਿਸ਼ਿਰ ਨੂੰ ਵੇਖਦਿਆਂ ਹੀ ਤਾਂਘ ਕੇ ਅੱਗੇ ਵਧਿਆ। ਪਿੱਛੇ ਪਿੱਛੇ ਮਾਇ ਵੀ ਆ ਗਈ ਸੀ।

"ਇਹਨੂੰ ਕੀ ਬਨਾਉਣਾ ਹੈ, ਚਰਕੀ?"

"ਕਿਆ ਬਨਾਉਣਾ ਮਾਲਕਣ। ਅਜੇ ਨਿੱਕਾ ਹੈ। ਅੱਠਾਂ ਕੁ ਦਾ ਹੋਏਗਾ ਤਾਂ ਕਿਤੇ ਕੰਮ-ਧੰਦਾ ਫੜ ਈ ਲਏਗਾ।"

"ਕੀ ਕੰਮ?"

ਉਹ ਨਲੀ ਚੜ੍ਹਾਉਂਦਾ ਉਨ੍ਹਾਂ ਨੂੰ ਵੇਖੀ ਗਿਆ।

"ਕਿਤੇ ਇੱਟ-ਭੱਠਾ ਜਾਂ ਫ਼ੈਕਟ੍ਰੀ ਵਿਚ ਲਾ ਦਿਆਂਗੇ, ਹੋਰ ਕੀ।" - ਮਾਇ ਦੇ ਸੁਫ਼ਨੇ ਦੇ ਸੇਕ ਨਾਲ ਝੁਲਸ ਗਿਆ ਸੀ ਗੋਪਾਲ। ਉਸਦੀ ਮਾਇ ਦੀਆਂ ਅੱਖਾਂ ਵਿਚ ਓਸ ਵਾਸਤੇ ਏਨੇ ਹੀ ਸੁਫ਼ਨੇ ਸਨ। ਸੁਫ਼ਨੇ ਕਿ ਸੁਫ਼ਨਿਆਂ ਦੀ ਪਤਝੜ? ਅਕਸਰ ਉਹ ਹੁਣ ਵੀ ਉਲਝ ਜਾਂਦਾ ਹੈ।

"ਇਹਨੂੰ ਮੈਨੂੰ ਦੇ ਦੇ।"- ਅੰਮਾਂ ਨੇ ਕਿਹਾ ਸੀ।

"ਇਹਨੂੰ ਗੋਪਾਲੇ ਨੂੰ?...ਏਨੇ ਨਿੱਕੇ ਜਿਹੇ ਨੂੰ ਲੈ ਕੇ ਕਰੋਗੇ ਕੀ?

"ਅਸੀਂ ਪੜ੍ਹਾਵਾਂਗੇ ਇਸ ਨੂੰ।"

ਮਾਇ ਨੂੰ ਵਿਸ਼ਵਾਸ ਨਹੀਂ ਹੋਇਆ ਸੀ। ਪਾਟੇ ਗੁਲਾਬੀ ਪੱਲੂ ਸਮੇਤ ਉਸਦਾ ਹੱਥ ਮੂੰਹ 'ਤੇ ਚਲਾ ਗਿਆ ਸੀ। ਪਿੰਡੋਂ ਆਇਆਂ ਨੂੰ ਨੌਂ ਸਾਲ ਹੋ ਗਏ ਸਨ। ਏਸ ਤਰ੍ਹਾਂ ਦੀ ਗੱਲ ਤੋਂ ਉਹ ਨਾ-ਵਾਕਫ਼ ਸੀ। ਪਰ ਅੰਮਾਂ ਤਾਂ ਫੇਰ ਅੰਮਾਂ ਸੀ।

"ਇਹਨੂੰ ਸਾਨੂੰ ਦੇਣਾ ਹੀ ਪਏਗਾ, ਤੇਤਰੀ। ਇਦਸੀਆਂ ਅੱਖਾਂ ਵਿਚ ਇੱਕ ਅੱਗ ਹੈ। ਉਸਨੂੰ ਬਚਾਉਣ ਦੀ ਲੋੜ ਹੈ।"

"ਕੀ...ਕੀ ਆਖਿਆ, ਕੀ ਹੈ?...ਅੱਗ...ਕਿੱਥੇ?"

ਮਾਇ ਨੇ ਗੋਪਾਲ ਦੀਆਂ ਅੱਖਾਂ ਵਿਚ ਅੱਖਾਂ ਗੱਡ ਦਿੱਤੀਆਂ। ਉਸ ਨੂੰ ਕੁਝ ਵੀ ਨਜ਼ਰ ਨਾ ਆਇਆ। ਸਿਵਾਇ ਗਿੱਡ ਦੇ। ਉਹ ਪੱਲੂ ਨਾਲ ਓਸੇ ਨੂੰ ਪੂੰਝਣ ਲੱਗ ਪਈ ਸੀ। ਅੰਮਾਂ ਅੱਗੇ ਵਧ ਆਈ ਸੀ।

"ਤੂੰ ਨਹੀਂ ਸਮਝੇਂਗੀ ਤੇਤਰੀ...ਇਹਨੂੰ ਸਾਨੂੰ ਦੇ ਦੇ ਬੱਸ।"

"ਇਹਨੂੰ ਤੁਸੀਂ ਲੈ ਜਾਓਗੇ ਤਾਂ ਸਾਡਾ ਕੰਮ-ਧੰਦਾ ਕੌਣ...?"

"ਘਬਰਾਅ ਨਾ। ਅਸੀਂ ਕੁਝ ਕੰਮ ਕਰਾਵਾਂਗੇ। ਤੇਰੇ ਕੋਲ ਇੱਕ ਤਾਰੀਖ਼ ਨੂੰ ਇਸਦੀ ਤਨਖਾਹ ਪੁੱਜ ਜਾਇਆ ਕਰੇਗੀ।"

ਅੰਮਾਂ ਮਾਇ-ਬਾਬਾ ਦੀ ਅਣਖ ਦੀ ਸਾਂਭ ਇਓਂ ਹੀ ਕਰ ਸਕਦੀ ਸੀ। ਓਸ ਵੇਲੇ ਨਹੀਂ, ਪਰ ਬਾਅਦ ਵਿਚ ਸਮਝ ਗਿਆ ਸੀ ਗੋਪਾਲ। ਨਾਂਹ-ਨੁੱਕਰ ਬਹੁਤੀ ਹੋਈ ਨਾ ਅਤੇ ਉਹ ਆ ਗਿਆ 'ਅੰਬਾ ਬਿਲਡਿੰਗ'!...ਆਪਣੇ ਸੁਫ਼ਨਿਆਂ ਦੇ ਪਰੀ ਦੇਸ਼ ਵਿਚ। ਉਸਦੀ ਬੇਮਤਲਬ ਜ਼ਿੰਦਗੀ ਨੂੰ ਲਾਡ-ਪਿਆਰ ਦੀ ਖਾਦ ਮਿਲੀ। ਐਨ ਸਹੀ ਧੁੱਪ, ਹਵਾ, ਪਾਣੀ ਵੀ ਮਿਲਿਆ...ਉਹ ਪਲਿਆ-ਫੁੱਲਿਆ। ਇੱਥੇ ਉਸਦੇ ਹਿੱਸੇ ਦੀ ਧੁੱਪ, ਹਵਾ, ਪਾਣੀ ਨੂੰ ਕਿਸੇ ਬੰਨ੍ਹਿਆ ਨਹੀਂ, ਵੰਡਿਆ ਨਹੀਂ। ਸਭ ਦੇ ਹਿੱਸੇ ਵਿਚ ਭਰਪੂਰ ਧੁੱਪ ਸੀ, ਹਵਾ ਸੀ, ਪਾਣੀ ਸੀ। ਇਸ ਸੁੰਦਰ ਕਿਆਰੀ ਵਿਚ ਉਹ ਵੀ ਸਜ ਗਿਆ।

ਗੋਪਾਲ ਕਦੋਂ, ਕਿਵੇਂ ਸ਼ਿਸ਼ਰ ਦਾ ਨਿੱਕਾ ਵੀਰ ਬਣਦਾ ਚਲਾ ਗਿਆ, ਕਿਸੇ ਨੂੰ ਅਹਿਸਾਸ ਹੀ ਨਾ ਹੋਇਆ। ਥੋੜ੍ਹਾ ਗਲਾਧੜੀ, ਥੋੜ੍ਹਾ ਚਾਂਭਲਿਆ ਵੀ! ਕਈ ਵਾਰ ਉਹ ਸੁਆਲਾਂ ਨਾਲ ਘਿਰ ਜਾਂਦਾ, 'ਜੇ ਅੰਬਾ ਬਿਲਡਿੰਗ ਨਾ ਆਉਂਦਾ, ਫੇਰ?' ਉਹ ਜਾਣ ਬੁੱਝ ਕੇ ਇਸ 'ਫੇਰ' ਨਾਲ ਜੂਝਣਾ ਚਾਹੁੰਦਾ ਹੈ। ਤਾਂ ਉਹ ਇੱਕ ਫੁੱਟਬਾੱਲ ਹੁੰਦਾ..ਏਧਰੋਂ ਓਧਰ...ਓਧਰੋਂ ਏਧਰ! ਜ਼ਿੰਦਗੀ ਉਹਨੂੰ ਕਿੱਕ ਮਾਰਿਆ ਕਰਦੀ...ਉਹ ਵੀ ਬੜਾ ਮਿੱਥ ਕੇ ਅਤੇ ਪ੍ਰੇਮ ਨਾਲ...।

ਇੱਕ ਦਿਨ ਉਸ ਜਾ ਅੰਮਾਂ ਨੂੰ ਘੇਰਿਆ ਸੀ,

"ਤੁਹਾਨੂੰ ਕੀ ਮਿਲਦਾ ਹੈ ਅੰਮਾਂ ਏਨੇ ਬੱਚੇ ਸਾਂਭ ਕੇ?"

"ਤਸੱਲੀ!...ਬੜੀ ਤਸੱਲੀ ਵੇ ਨਨਕੂ ਗੋਪਾਲ!"

ਓਸ ਦਿਨ ਅੰਮਾਂ ਆਪਣੀ ਜ਼ਿੰਦਗੀ ਦਾ

ਪੂਰਾ ਕੱਚਾ ਚਿੱਠਾ ਦੱਸ ਗਈ ਸੀ, "ਪਾਪਾ ਸਭ ਦੀ ਦੁੱਖ-ਬਲਾਅ ਨੂੰ ਬੁੱਕ-ਅੰਜਲੀ ਵਿਚ ਭਰ ਕੇ ਪੀ ਜਾਣ ਵਾਲੇ ਸੰਤ ਜੋ ਸਨ...ਮੈਂ ਜ਼ਰਾ ਬਹੁਤੀ ਹੀ ਦਿਲ ਦੀ ਥੋੜ੍ਹੀ ਸੀ। ਕਿਸੇ ਦੇ ਦਰਦ ਤੋਂ ਏਨੀ ਦੁਖੀ ਹੋ ਜਾਣਾ ਕਿ ਡੂੰਘੇ ਮੌਨਵਰਤ ਵਿਚ ਚਲੀ ਜਾਂਦੀ। ਪਾਪਾ ਨੇ ਪਛਾਣ ਲਿਆ। ਫੇਰ ਤਾਂ ਉਨ੍ਹਾਂ ਦਾ ਐਟਿਟਿਊਡ ਹੀ ਬਦਲ ਗਿਆ।"

ਉਹ ਆਪਣੇ ਨਾਲ ਮੈਨੂੰ ਵੀ ਜੇਲ੍ਹ ਦੇ ਕੈਦੀਆਂ ਨੂੰ ਮਿਲਾਉਣ ਲੈ ਜਾਂਦੇ, ਓਦੋਂ ਸਾਡੇ ਹੱਥਾਂ ਵਿਚ ਗਿਫ਼ਟ ਪੈਕ ਹੁੰਦੇ। ਢੇਰ ਸਾਰੀਆਂ ਹਮਦਰਦੀਆਂ, ਢੇਰ ਸਾਰਾ ਪਿਆਰ ਵੀ! ਅਸੀਂ ਓਦੋਂ ਅਸੀਂ ਨਾ ਰਹਿੰਦੇ। ਆਪਣਾ ਦੁੱਖ-ਤਕਲੀਫ਼, ਖੁਸ਼ੀ-ਗ਼ਮੀ ਬਹੁਤ ਛੋਟੀ ਲੱਗਣ ਲੱਗਦੀ। ਸੀਖਾਂ ਪਿੱਛੇ ਕਈ ਵਾਰ ਬੇਕਸੂਰਾਂ ਨੂੰ ਵੀ ਵੇਖਿਆ। ਨਬਾਲਗਾਂ ਨੂੰ ਵੀ, ਆਪੇ ਦੇ ਬੋਝ ਹੇਠ ਦਬੀਆਂ ਬਜ਼ਾਰੂ ਨਾਰੀਆਂ ਨੂੰ ਵੀ। ਚੁੱਪੀ ਨੂੰ ਓਦੋਂ ਚੀਰ ਸਕਣਾ ਸੰਭਵ ਨਾ ਹੁੰਦਾ। ਪਿਤਾਜੀ ਦੀਆਂ ਕੋਸ਼ਿਸ਼ਾਂ ਨਾਲ ਹੀ ਉਨ੍ਹਾਂ ਕੈਦੀਆਂ ਨੂੰ ਗਾਉਣ-ਵਜਾਉਣ, ਪੇਂਟਿੰਗ ਦੀ ਸਿਖਲਾਈ ਦਿੱਤੀ ਜਾਣ ਲੱਗੀ ਸੀ। ਓਦੋਂ ਅਸੀਂ ਭੈਣਾਂ-ਭਰਾ ਉਨ੍ਹਾਂ ਮਿੱਟੀ-ਰੰਗਾਂ ਦੇ ਬਦਲਦੇ ਜਾਣ ਦੇ ਵੀ ਗਵਾਹ ਬਣੇ ਸੀ। ਸਾਡੇ 'ਤੇ ਵੀ ਰੰਗ ਚੜ੍ਹਿਆ ਅਤੇ ਬੱਸ... ਸ਼ੁਰੂ।

******

ਅਤੇ ਇੱਕ ਦਿਨ ਕਿਆਰੀਆਂ ਸਿੰਝਦਿਆਂ ਖਿੜੀ ਖਿੜੀ ਰਹਿਣ ਵਾਲੀ ਅੰਮਾਂ ਲਾਸ਼ ਬਣ ਕੇ ਮੁਰਝਾਈ ਪਈ ਸੀ। ਉਨ੍ਹਾਂ ਦੀ ਗਲਤੀ ਸਿਰਫ਼ ਏਨੀ, ਗੇਟੋਂ ਬਾਹਰ ਪਿਸਤੌਲ ਫੜੀ ਸ਼ੋਹਦਿਆਂ ਦੇ ਝੁੰਡ ਨੂੰ ਇੱਕ-ਦੂਜੇ 'ਤੇ ਵਾਰ ਕਰਨੋਂ ਮਨਾਂਹ ਕੀਤਾ ਸੀ।

ਉਸ ਨੇ ਜ਼ਬਰਦਸਤ ਝਿੜਕਾਂ ਉਨ੍ਹਾਂ ਨੂੰ ਮਾਰੀਆਂ ਸੀ,
"ਸ਼ਰਮ ਨਹੀਂ ਆਉਂਦੀ? ਜ਼ਿੰਦਗੀ ਦੇਣ ਦੀ ਸ਼ਕਤੀ ਨਹੀਂ, ਫੇਰ ਲੈਂਦੇ ਕਿਉਂ ਹੋ? ਇਹ ਉਮਰ ਕਿਤਾਬ ਫੜਨ ਦੀ ਹੈ ਜਾਂ ਹਥਿਆਰ?"
ਉਨ੍ਹਾਂ ਲੋਕਾਂ ਦਾ ਨਿਸ਼ਾਨਾ ਬਦਲ ਗਿਆ ਸੀ ਅਤੇ ਦੋਏ ਤਰਫ਼ ਦੀ ਇੱਕ ਇੱਕ ਗੋਲੀ ਅਜਬ ਜਿਹੇ ਅਸਹਿਣਸ਼ੀਲ ਅਤੇ ਬੇਈਮਾਨ ਵਕਤ ਦੀ ਗਵਾਹ ਬਣ ਗਈ। ਝੱਟ ਅੰਮਾਂ ਦੇ ਲਹੂ ਨਾਲ ਗੁੱਝ ਗਈ ਕੂਲੀ ਘਾਅ।
....
ਅੱਜ ਅੰਮਾਂ ਦੀਆਂ ਮੱਛੀਆਂ ਵੀ ਜਿਵੇਂ ਉਦਾਸ। ਹਤਾਸ਼, ਬੁੱਤ ਬਣਿਆ ਗੋਪਾਲ ਅਕਵੇਰੀਅਮ ਦੇ ਉਤਲੀ ਕੰਧ 'ਤੇ ਸਜ ਗਈ ਅੰਮਾਂ ਦੀ ਮਾਲਾ ਨੂੰ ਵੇਖੀ ਜਾ ਰਿਹਾ ਸੀ। ਅਜਬ ਜਿਹੀ ਬੇਚੈਨੀ ਵਿਚ ਘਿਰਿਆ ਉਹ ਉਸ ਤਸਵੀਰੋਂ ਝਾਕਦੀਆਂ ਅੱਖਾਂ ਨੂੰ ਪੁੱਛ ਬੈਠਾ, "ਏਨੀ ਵੀ ਕੀ ਜਲਦੀ ਸੀ...ਹੁਣ ਇਨ੍ਹਾਂ ਨੂੰ ਕੌਣ ਦੇਖੇਗਾ ਅੰਮਾਂ? ਤੇਰ੍ਹਵੀਂ 'ਤੇ ਸ਼ਿਸ਼ਿਰ ਵੀ ਤਾਂ ਪਰਤ ਗਿਆ ਹੈ।"
ਬੱਚੇ ਵੀ ਬੁੱਤ ਬਣੇ! ਬਾਹਰ ਵਰਾਂਡੇ ਵਿਚ ਚੁੱਪਚਾਪ ਬੈਠੇ ਸਨ। ਹਰ ਪਾਸੇ ਪਿਨ ਡ੍ਰਾੱਪ ਸੰਨਾਟਾ!
ਤਦੇ ਸਭ ਤੋਂ ਨਿੱਕਾ ਰਾਹੀ ਕੋਲ ਆਇਆ। ਹੱਥ ਖਿੱਚ ਕੇ ਕਹਿੰਦਾ, "ਵੀਰੇ, ਕਹਾਣੀ ਨਹੀਂ ਸੁਣਾਓਗੇ?....ਅੰਮਾਂ ਵਾਂ...ਗੂੰ।"
"ਅੰਮਾਂ ਵਾਂਗੂ?" ਉਹ ਚੌਂਕਿਆ। ਉਸਦੀਆਂ ਨਿਗਾਹਾਂ ਉੱਤੇ ਗਈਆਂ। ਅੰਮਾਂ ਦੀਆਂ ਡੂੰਘੀਆਂ ਅੱਖਾਂ ਐਨਕ ਪਿੱਛਿਓਂ ਮੁਸਕੜੀਆਂ ਹੱਸ ਰਹੀਆਂ ਸਨ। ਇੱਕ ਹਸਰਤ ਉਨ੍ਹਾਂ ਵਿਚ ਘੁੱਟ ਘੁੱਟ ਵੜੀ ਹੋਈ ਸੀ। ....

ਲੇਖਕਾ ਬਾਰੇ: ਜਨਮ 25 ਅਪ੍ਰੈਲ। ਦੋ ਨਾਵਲ, 6 ਕਹਾਣੀ ਸੰਗ੍ਰਹਿ, ਦੋ ਸਫ਼ਰਨਾਮੇ, 2 ਲਘੂ ਕਥਾ ਸੰਗ੍ਰਹਿ। "ਹੰਸ" ਦੇ "ਸੱਤਾ ਵਿਮਰਸ਼ ਅਤੇ ਦਲਿਤ ਅੰਕ" ਸਮੇਤ ਅੰਕਾਂ ਵਿਚ; ਦੇਸ਼, ਵਿਦੇਸ਼ ਦੇ ਕਈ ਅਖ਼ਬਾਰਾਂ-ਰਸਾਲਿਆਂ ਵਿਚ ਛਪੇ। ਮਲਿਆਲਮ, ਤੇਲਗੂ, ਅੰਗ੍ਰੇਜ਼ੀ, ਭੋਜਪੁਰੀ, ਮੈਥਿਲੀ, ਖੜੀਆ ਵਿਚ ਅਨੁਵਾਦ। ਪੀਐੱਚਡੀ ਹੁੰਦੀ ਹੈ ਇਨ੍ਹਾਂ ਦੀਆਂ ਕਿਤਾਬਾਂ ਉੱਤੇ। ਕਈ ਇਨਾਮ ਹਾਸਲ।

rashmita25@gmail.com

ਦੋ ਹੰਝੂ (ਰੂਸੀ ਕਹਾਣੀ)

ਈਵਾਨ ਤੁਰਗਨੇਵ

ਉਹ ਕੈਦੀ ਸੀ। ਉਸ ਨੂੰ ਉਮਰ ਕੈਦ ਦੀਸਜ਼ਾ ਮਿਲੀ ਸੀ। ਇੱਕ ਦਿਨ ਮੌਕਾ ਪਾ ਕੇ ਉਹ ਜੇਲ੍ਹ ਵਿੱਚੋਂ ਭੱਜ ਨਿੱਕਲਿਆ। ਉਹ ਬੜੀ ਤੇਜ਼ੀ ਨਾਲ ਭੱਜਿਆ ਜਾ ਰਿਹਾ ਸੀ। ਦੌੜਦਾ ਦੌੜਦਾ ਉਹ ਏਨਾ ਥੱਕ ਗਿਆ ਕਿ ਸੀ ਕਿ ਵਾਰ ਵਾਰ ਧਰਤੀ ਉੱਤੇ ਡਿੱਗ ਪੈਂਦਾ ਸੀ।
ਸਾਹਮਣੇ ਇੱਕ ਚੌੜੀ ਨਦੀ ਸੀ। ਨਦੀ ਬਹੁਤੀ ਡੂੰਘੀ ਨਹੀਂ ਸੀ ਪਰ ਉਸ ਨੂੰ ਤੈਰਨਾ ਭੋਰਾ ਵੀ ਨਹੀਂ ਆਉਂਦਾ ਸੀ। ਲੱਕੜ ਦਾ ਇੱਕ ਚੌਰਸ ਟੁਕੜਾ ਕੰਢੇ ਕੋਲ ਤੈਰ ਰਿਹਾ ਸੀ। ਸਿਪਾਹੀਆਂ ਦੇ ਡਰੋਂ ਉਸ ਬੇਚੈਨ ਆਦਮੀ ਨੇ ਉਸੇ ਉੱਤੇ ਆਪਣਾ ਇੱਕ ਪੈਰ ਰੱਖ ਕੇ ਚੜ੍ਹਨ ਦੀ ਕੋਸ਼ਿਸ਼ ਕੀਤੀ।
ਤਦੇ ਕੰਢੇ 'ਤੇ ਦੋ ਆਦਮੀ ਆ ਪਹੁੰਚੇ। ਉਨ੍ਹਾਂ ਵਿੱਚੋਂ ਇੱਕ ਉਸ ਆਦਮੀ ਦਾ ਦੋਸਤ ਸੀ ਦੂਸਰਾ ਦੁਸ਼ਮਣ। ਜੋ ਦੁਸ਼ਮਣ ਸੀ, ਉਹ ਸਭ ਕੁਝ ਵੇਖ ਕੇ ਵੀ ਕੁਝ ਨਾ ਬੋਲਿਆ, ਚੁੱਪ ਖੜ੍ਹਾ ਰਿਹਾ। ਪਰ ਉਸਦਾ ਮਿੱਤਰ ਆਪਣੀ ਪੂਰੀ ਵਾਹ ਲਾ ਕੇ ਉੱਚੀ ਉੱਚੀ ਚੀਕਣ ਲੱਗਾ, "ਇਹ ਕੀ ਕਰਦਾ ਹੈਂ? ਤੇਰਾ ਦਿਮਾਗ਼ ਤਾਂ ਨਹੀਂ ਫਿਰ ਗਿਆ? ਪਾਗਲ ਹੋ ਗਿਐਂ? ਵੇਖਦਾ ਨਹੀਂ, ਇਹ ਲੱਕੜ ਦਾ ਟੁਕੜਾ ਬਿਲਕੁਲ ਗਲਿਆ ਹੋਇਆ ਅਤੇ ਨਿਕੰਮਾ ਹੈ? ਤੇਰਾ ਭਾਰ ਨਹੀਂ ਲੈਣਾ ਇਸ ਨੇ। ਇਹ ਅੱਧ ਵਿਚਾਲੇ ਜਾ ਕੇ ਟੁੱਟ ਜਾਏਗਾ, ਫਿਰ ਤੂੰ ਮਰਿਆ ਹੀ ਮਰਿਆ।"

"ਹੋਰ ਫੇਰ ਕਿਵੇਂ ਨਦੀ ਪਾਰ ਕਰਾਂ? ਵੇਖਦਾ ਨਹੀਂ ਸਿਪਾਹੀ ਮੇਰੇ ਮਗਰ ਲੱਗੇ ਹਨ?" ਇਹ ਕਹਿੰਦਿਆਂ ਉਹ ਬਦਕਿਸਮਤ ਆਦਮੀ ਮੁੜ ਉਸ ਲੱਕੜ ਉੱਤੇ ਚੜ੍ਹਨ ਦਾ ਆਹਰ ਕਰਨ ਲੱਗਾ।
"ਪਰ ਮੈਂ ਤੇਰਾ ਅਜਿਹਾ ਅੰਤ ਨਹੀਂ ਹੋਣ ਦੇਣਾ। ਉਸ ਦਾ ਮਿੱਤਰ ਜ਼ੋਰ ਨਾਲ ਚੀਖਿਆ ਅਤੇ ਲੱਕੜ ਨੂੰ ਦੂਰ ਕਰ ਦਿੱਤਾ।
ਜਾਨ ਜਾਣ ਦੇ ਡਰੋਂ ਮਜਬੂਰ ਹੋਇਆ, ਕੈਦੀ ਉਸ ਲੱਕੜ ਨੂੰ ਮੁੜ ਹਾਸਲ ਕਰਨ ਲਈ ਹੀਲਾ ਵਸੀਲਾ ਕਰਨ ਲੱਗਾ, ਜੋ ਉਸਦੇ ਜਿਊਣ ਦਾ ਇੱਕੋ ਜ਼ਰੀਆ ਸੀ।
ਆਪਣੇ ਮਿੱਤਰ ਤੋਂ ਹੱਥ ਝਟਕੇ ਨਾਲ ਛੁਡਾਅ, ਉਹ ਉਸ ਲੱਕੜ ਦੇ ਟੁਕੜੇ ਲਈ ਪਾਣੀ ਵਿੱਚ ਕੁੱਦ ਪਿਆ।
ਇੱਕ ਵਾਰ...ਦੋ ਵਾਰ...ਉਹ ਉੱਤੇ ਆਂਇਆ ਫੇਰ ਉਹ ਸਦਾ ਲਈ ਪਾਣੀ ਵਿਚ ਲੀਨ ਹੋ ਗਿਆ।

ਉਸ ਦਾ ਦੁਸ਼ਮਣ ਦਿਲ ਖੋਲ੍ਹ ਕੇ ਹੱਸਦਾ ਹੱਸਦਾ ਪਰਤ ਗਿਆ, ਪਰ ਉਸਦਾ ਮਿੱਤਰ ਆਪਣੇ ਬਦਕਿਸਮਤ ਦੋਸਤ ਲਈ ਫੁੱਟ ਫੁੱਟ ਕੇ ਰੋਂਦਾ, ਵਿਰਲਾਪ ਕਰਨ ਲੱਗਾ।
ਉਸਦੇ ਦਿਮਾਗ਼ ਵਿਚ ਪਲ ਭਰ ਲਈ ਵੀ ਇਹ ਖ਼ਿਆਲ ਨਾ ਆਇਆ ਕਿ ਆਪਣੇ ਮਿੱਤਰ ਦੀ ਮੌਤ ਲਈ ਉਹ ਆਪ ਜਵਾਬਦੇਹ ਹੈ। ਉਹ ਰੋ ਰੋ ਕੇ ਆਖੀ ਜਾ ਰਿਹਾ ਸੀ, "ਉਸ ਨੇ ਮੇਰੀ ਗੱਲ ਨਾ ਸੁਣੀ, ਮੇਰੀ ਇੱਕ ਨਾ ਮੰਨੀ।" ਲੋਕਾਂ ਉਸ ਨੂੰ ਧਰਵਾਸਾ ਦਿੱਤਾ, ਚੁੱਪ ਕਰਾਇਆ ਤਾਂ ਉਸ ਨੇ ਖ਼ੁਦ ਨੂੰ ਤਸੱਲੀ ਦੇਣ ਦਾ ਰਾਹ ਲੱਭ ਲਿਆ,
"ਜੇ ਉਹ ਜਿਊਂਦਾ ਰਹਿੰਦਾ ਤਾਂ ਵੀ ਉਸ ਨੂੰ ਸਾਰੀ ਜ਼ਿੰਦਗੀ ਕੈਦ ਵਿਚ ਹੀ ਸੜਨਾ ਪੈਣਾ ਸੀ, ਘੱਟੋਘੱਟ ਹੁਣ ਉਸਦੀ ਤਕਲੀਫ਼ ਤਾਂ ਖਤਮ ਹੋ ਗਈ। ਹੋ ਸਕਦੈ, ਉਸਦੀ ਕਿਸਮਤ ਵਿਚ ਏਹੀ ਲਿਖਿਆ ਹੋਏ।"

ਫਿਰ ਵੀ, ਜਦੋਂ ਵੀ ਲੋਕਾਂ ਵਿਚ ਉਸ ਕੈਦੀ ਦੀ ਚਰਚਾ ਚੱਲਣੀ, ਉਸ ਦੀਆਂ ਅੱਖਾਂ ਭਰ ਆਉਂਦੀਆਂ।
ਸੱਚ ਤਾਂ ਇਹ ਹੈ ਕਿ ਆਪਣੇ ਬਦਨਸੀਬ ਦੋਸਤ ਲਈ ਉਹ ਭਲਾ ਆਦਮੀ ਸਦਾ ਦੋ ਹੰਝੂ ਵਹਾਉਂਦਾ ਰਿਹਾ।

ਅਨੁ: ਨਿਰਮਲ ਪ੍ਰੇਮੀ ਰਾਮਗੜ੍ਹ 94631 61691

ਨਿੱਕਿਆਂ ਦੀ ਨੁੱਕਰ

ਮੈਂ ਤਾਂ ਰੱਬ ਬਣ ਗਿਆ

ਇੱਕ ਵਾਰ -ਬੱਚਿਆਂ ਦੇ ਕਹਿਣ 'ਤੇ - ਮੈਡਮ ਜੀ ਨੇ ਛੁੱਟੀਆਂ ਦਾ ਕੰਮ ਨਾ ਦਿੱਤਾ।
ਬੱਚੇ ਬਹੁਤ ਖੁਸ਼ ਹੋਏ!

ਮੈਡਮ ਨੇ ਕਿਹਾ, "ਪਰ ਤੁਸੀਂ ਛੁੱਟੀਆਂ ਵਿੱਚ ਆਪਣੇ ਮਾਤਾ ਪਿਤਾ ਦੀ ਕਿਸੇ ਕੰਮ ਵਿੱਚ ਮਦਦ ਕਰਨੀ ਹੈ, ਜਿਸ ਨਾਲ ਉਨ੍ਹਾਂ ਨੂੰ ਖੁਸ਼ੀ ਮਿਲੇ।"
ਅਨਮੋਲ ਛੁੱਟੀਆਂ ਦੇ ਪਹਿਲੇ ਦਿਨ ਹੀ ਸਵੇਰੇ 6 ਵਜੇ ਉੱਠਿਆ। ਉਸ ਨੇ ਸੋਚਿਆ ਕਿ ਅੱਜ ਮੈਂ ਮੰਮੀ ਨੂੰ ਕੰਮ ਕਰਦਿਆਂ ਨੂੰ ਵੇਖਾਂਗਾ ਅਤੇ ਜਿਹੜਾ ਉਨ੍ਹਾਂ ਦਾ ਕੰਮ ਸੌਖਾ ਲੱਗੇਗਾ, ਉਸ ਵਿੱਚ ਹਰ ਰੋਜ਼ ਮਦਦ ਕਰਾਂਗਾ।
ਮੰਮੀ ਉਸਦੇ ਉਠਣ ਤੋਂ ਪਹਿਲਾਂ ਹੀ ਨਹਾਅ ਧੋਅ ਕੇ ਰਸੋਈ ਵਿਚ ਡੈਡੀ ਲਈ ਨਾਸ਼ਤਾ ਤਿਆਰ ਕਰ ਰਹੇ ਸਨ! ਅਤੇ ਨਾਲ ਹੀ ਡੈਡੀ ਲਈ ਦੁਪਹਿਰ ਦਾ ਟਿਫ਼ਨ ਵੀ ਬਣਾਅ ਰਹੇ ਸਨ! ਡੈਡੀ ਨੂੰ ਕੰਮ 'ਤੇ ਭੇਜ ਕੇ, ਮੰਮੀ ਨੇ ਦਾਦਾ-ਦਾਦੀ ਨੂੰ ਨਾਸ਼ਤਾ ਦਿੱਤਾ ਅਤੇ ਫਿਰ ਅਨਮੋਲ ਅਤੇ ਉਸਦੇ ਭੈਣ-ਭਰਾਵਾਂ ਨੂੰ ਨਹਾਅ-ਧੁਆ ਕੇ ਨਾਸ਼ਤਾ ਖਵਾਇਆ। ਬਾਅਦ ਵਿਚ ਉਨ੍ਹਾਂ ਸਾਰੇ ਘਰ ਦੀ ਸਫ਼ਾਈ ਕੀਤੀ ਅਤੇ ਫਿਰ ਕੱਪੜੇ ਧੋਅ ਕੇ ਦੁਪਹਿਰ ਦੇ ਖਾਣੇ ਵੱਲ ਹੋ ਗਏ! ਉਸ ਤੋਂ ਬਾਅਦ, ਉਨ੍ਹਾਂ ਕੁਝ ਚਿਰ ਬੱਚਿਆਂ ਨੂੰ ਕੋਲ ਬਿਠਾਅ ਕੇ ਪੜ੍ਹਾਇਆ। ਸ਼ਾਮ ਨੂੰ ਚਾਹ ਪੀ ਕੇ ਪਾਠ ਕੀਤਾ। ਸੁੱਕ ਚੁੱਕੇ ਕੱਪੜੇ ਤਾਰ ਤੋਂ ਲਾਹ ਕੇ ਸਾਂਭੇ। ਫਿਰ ਉਹ ਰਾਤ ਦੇ ਖਾਣੇ ਦੀ ਤਿਆਰੀ ਕਰਨ ਲੱਗੇ! ਸਾਰਿਆਂ ਨੂੰ ਰਾਤ ਦੀ ਰੋਟੀ ਖੁਆ ਕੇ, ਚੌਂਕਾ-ਭਾਂਡਾ ਸਾਂਭ ਕੇ, ਸੌਣ ਲੱਗਿਆਂ ਬੱਚਿਆਂ ਨੂੰ ਕਹਾਣੀਆਂ ਸੁਣਾਈਆਂ!
ਅਨਮੋਲ ਸਾਰੀ ਰਾਤ ਇਹੀ ਸੋਚਦਾ ਰਿਹਾ ਕਿ ਮੰਮੀ ਦਾ ਤਾਂ ਕੋਈ ਵੀ ਕੰਮ ਸੌਖਾ ਨਹੀਂ ਹੈ- ਹੁਣ ਮੈਂ ਉਨ੍ਹਾਂ ਦੀ ਮਦਦ ਕਿਵੇਂ ਕਰਾਂ?
ਤਾਂ, ਉਸਨੇ ਸੌਣ ਲੱਗਿਆਂ ਆਪਣੀ ਮੰਮੀ ਨੂੰ ਹੀ ਇਸ ਤਰ੍ਹਾਂ ਪੁੱਛਿਆ- "ਮੰਮੀ, ਜੇ ਰੱਬ ਤੁਹਾਡੇ ਕੋਲ ਆਵੇ ਅਤੇ ਤੁਹਾਡੀ ਕਿਸੇ ਕੰਮ ਵਿੱਚ ਮਦਦ ਲਈ ਪੁੱਛੇ ਤਾਂ ਤੁਸੀਂ ਕੀ ਕਹੋਗੇ?"
ਮਾਂ ਨੇ ਹੱਸ ਕੇ ਕਿਹਾ, "ਮੈਂ ਚਾਹੁੰਦੀ ਹਾਂ, ਹਰ ਰੋਜ਼ ਸਵੇਰੇ ਕੋਈ ਚਾਹ ਦਾ ਇਕ ਕੱਪ ਮੈਨੂੰ ਬਣਿਆ ਬਣਾਇਆ ਦੇ ਦੇਵੇ, ਬੱਸ!" ਅਨਮੋਲ ਹੈਰਾਨ ਸੀ ਕਿ ਮਾਂ ਨੇ ਏਨੇ ਔਖੇ ਕੰਮ ਛੱਡ ਰੱਬ ਤੋਂ ਮੰਗਿਆ ਤਾਂ ਕੀ ਮੰਗਿਆ- ਇੱਕ ਕੱਪ ਚਾਹ...!
ਖ਼ੈਰ, ਅਨਮੋਲ ਅਗਲੇ ਦਿਨ ਸਵੇਰੇ ਪੰਜ ਵਜੇ ਉੱਠਿਆ ਅਤੇ ਚਾਹ ਦਾ ਕੱਪ ਬਣਾਅ ਕੇ ਮਾਂ ਨੂੰ ਕਹਿੰਦਾ, "ਉੱਠੋ ਮਾਂ, ਚਾਹ ਪੀ ਲਓ।" ਮਾਂ ਉੱਠੀ, ਅੱਖਾਂ ਖੁਸ਼ੀ ਦੇ ਹੰਝੂਆਂ ਨਾਲ ਭਿੱਜੀਆਂ ਹੋਈਆਂ ਸਨ ਅਤੇ ਉਸ ਨੇ ਕਿਹਾ , "ਓਏ! ਮੇਰਾ ਪੁੱਤ ਤਾਂ ਰੱਬ ਬਣ ਗਿਆ।"
ਉਸ ਤੋਂ ਬਾਅਦ ਉਹ ਸਾਰੀਆਂ ਛੁੱਟੀਆਂ ਵਿਚ ਮਾਂ ਦਾ ਇਹ ਕੰਮ ਕਰਦਾ ਰਿਹਾ।

ਪਰਮਿੰਦਰ ਕੌਰ 9877346150

ਈ-ਮੇਲ ਕਿਸ ਨੇ ਲੱਭੀ, ਲੁਕੀ ਹੋਈ ਕਹਾਣੀ

ਈ-ਮੇਲ ਇੱਕ ਬਹੁਤ ਵੱਡਾ ਮੀਲ ਪੱਥਰ ਹੈ- ਇੱਕ ਡਿਜੀਟਲ ਇਨਕਲਾਬ ਦਾ। ਈ-ਮੇਲ ਨੇ ਏ ਚੀਜ਼ ਨੂੰ ਹਮੇਸ਼ਾ ਲਈ ਬਦਲ ਦਿੱਤਾ ਹੈ ਕਿ ਦੁਨੀਆ ਵਿਚ ਲੋਕ ਇੱਕ ਦੂਜੇ ਨਾਲ ਕਿਸ ਤਰ੍ਹਾਂ ਰਾਬਤਾ-ਸੰਪਰਕ ਕਰ ਰਹੇ ਹਨ।

ਸਾਡੇ ਵਿਚੋਂ ਬਹੁਤੇ ਲੋਕ ਇਹੀ ਸਮਝਦੇ ਹਨ ਕਿ ਈ-ਮੇਲ ਦੀ ਕਾਢ ਅਮਰੀਕਾ ਦੀਆਂ ਟੈਕ-ਮਹਾਂਕੰਪਨੀਆਂ ਵਿੱਚੋਂ ਕਿਸੇ ਇੱਕ ਦੀ ਲੈਬ ਵਿਚ ਕੱਢੀ ਗਈ ਹੋਏਗੀ। ਅਸਲੀ ਕਹਾਣੀ, ਪਰ, ਦੁੱਖ ਦੀ ਗੱਲ ਹੈ ਕਿ, ਘੱਟ ਜਾਣੀ ਜਾਂਦੀ ਹੈ ਪਰ ਇਹ ਤਾਂ ਹੋਰ ਵੀ ਪ੍ਰੇਰਣਾ ਦਿੰਦੀ ਹੈ।

1978 ਵਿਚ, ਸ਼ਿਵਾ ਅੱਯਾਦੁਰਾਈ ਨਾਂ ਦੇ ਇਕ 14 ਸਾਲ ਦੇ ਭਾਰਤੀ ਮੁੰਡੇ ਨੇ ਦੁਨੀਆ ਦੇ ਪਹਿਲੇ ਪੂਰੇ ਈ-ਮੇਲ ਢਾਂਚੇ ਦਾ ਡਿਜ਼ਾਈਨ ਬਣਾਇਆ ਸੀ। ਜਦੋਂ ਉਸ ਦੀ ਉਮਰ ਦੇ ਬੱਚੇ ਸਕੂਲੀ ਕਿਤਾਬਾਂ ਅਤੇ ਖੇਡਣ ਵਿਚ ਰੁੱਝੇ ਹੋਏ ਸਨ, ਸ਼ਿਵਾ ਉਹ ਸੰਦ ਬਣਾਅ ਰਿਹਾ ਸੀ ਜਿਸ ਨੇ ਸੰਪਰਕ-ਰਾਬਤਾ ਕਰਨ ਨੂੰ ਹਮੇਸ਼ਾ ਲਈ ਬਦਲ ਦੇਣਾ ਸੀ।

ਉਸ ਦੇ ਪ੍ਰੋਗਿਰਾਮ ਵਿਚ ਉਹ ਸਾਰੀਆਂ ਜ਼ਰੂਰੀ ਚੀਜ਼ਾਂ ਸਨ ਜਿਨ੍ਹਾਂ ਉੱਤੇ ਅੱਜ ਵੀ ਅਸੀਂ ਟੇਕ ਰੱਖਦੇ ਹਾਂ- ਇਨਬੌਕਸ, ਆਊਟਬੌਕਸ, ਡ੍ਰਾਫ਼ਟ, ਐਡਰੈੱਸ ਬੁਕ, ਅਤੇ ਅਟੈਚਮੈਂਟਾਂ ਵੀ। ਫੇਰ ਵੀ, ਇਹ ਅਸਾਧਾਰਨ ਰਾਹ ਲੱਭਣ ਦੇ ਬਾਵਜੂਦ, ਉਸ ਦਾ ਨਾਂ ਆਪਣੇ ਹੀ ਦੇਸ਼ ਵਿਚ ਬਹੁਤ ਸਾਰਿਆਂ ਨੂੰ ਨਹੀਂ ਪਤਾ। ਦੁਨੀਆ ਨੂੰ ਉਸ ਵੱਲੋਂ ਦਿੱਤੀ ਗਈ ਇਸ ਚੀਜ਼ ਬਦਲੇ ਉ ਸ ਦੇ ਨਾਂ ਨੂੰ ਹੱਕੀ ਮਾਣ ਸਨਮਾਨ ਦੇਣ ਨਾਲੋਂ, ਉਸ ਦੇ ਉੱਤੋਂ ਦੀ ਅਕਸਰ ਹੋਰ ਨਾਵਾਂ ਨੂੰ ਚਮਕਾਅ ਕੇ ਵਿਖਾਇਆ ਜਾਂਦਾ ਹੈ, ਕੁਝ ਹੋਰਾਂ ਨੂੰ ਚੇਤੇ ਕੀਤਾ ਜਾਂਦਾ ਹੈ। ਇਹ ਇੱਕ ਦੁਖ ਦੇਣ ਵਾਲ ਗੱਲ ਹੈ- ਇੱਕ ਸਮਾਜ ਵਾਂਗ ਅਸੀਂ ਅਕਸਰ ਆਪਣੇ ਹੀ ਹੀਰੋਆਂ ਨੂੰ ਪਛਾਣਨ ਤੋਂ ਰਹਿ ਜਾਂਦੇ ਹਾਂ, ਓਦੋਂ ਵੀ ਜਦੋਂ ਉਨ੍ਹਾਂ ਨੇ ਦੁਨੀਆ ਨੂੰ ਏਨੀ ਇਨਕਲਾਬੀ ਚੀਜ਼ ਦਿੱਤੀ ਹੋਏ।

ਸ਼ਿਵਾ ਅੱਯਾਦੁਰਾਈ ਦੀ ਕਹਾਣੀ ਸਿਰਫ਼ ਈ-ਮੇਲ ਬਾਰੇ ਹੀ ਨਹੀਂ ਹੈ; ਇਹ ਤਾਂ ਭਾਰਤੀ ਕਾਢਕਾਰੀ ਦੀ ਚੁੰਧਿਆਉਂਦੀ ਹੋਸ਼ਿਆਰੀ ਬਾਰੇ ਅਤੇ ਇਸਦਾ ਜਸ਼ਨ ਮਨਾਉਣ ਦੀ ਲੋੜ ਬਾਰੇ ਹੈ।

ਉਸਦਾ ਸਫ਼ਰ ਸਾਬਤ ਕਰਦਾ ਹੈ ਕਿ ਤੀਬਰ-ਕਮਾਲ-ਬੁੱਧੀਮਾਨਤਾ ਨਾ ਕਿਸੇ ਇੱਕੋ ਉਮਰ ਅਤੇ ਨਾ ਹੀ ਕਿਸੇ ਇੱਕੋ ਇਲਾਕੇ ਵਿਚ ਲੱਭਦੀ ਹੈ, ਅਤੇ ਭਾਰਤ ਵਿਚ ਵੀ, ਹਮੇਸ਼ਾ, ਅਜਿਹੀ ਦੂਰਦ੍ਰਿਸ਼ਟੀ ਨਾਲ ਕੰਮ ਕਰਨ ਵਾਲੇ ਹੋਏ ਹਨ, ਜਿਨ੍ਹਾਂ ਕਿ ਭਵਿੱਖ ਦਾ ਮੂੰਹ ਮੱਥਾ ਸੁਆਰ ਦਿੱਤਾ।

ਸਮਾਂ ਹੈ ਕਿ ਅਸੀਂ ਇਸ ਘੱਟ-ਮਸ਼ਹੂਰ ਹੀਰੋ ਨੂੰ ਉਸਦਾ ਬਣਦਾ ਮਾਣ ਦਈਏ, ਕਿਉਂਕਿ ਜਿਨ੍ਹਾਂ ਨੇ ਅਸਲੀ ਇਤਿਹਾਸ ਬਣਾਇਆ ਹੁੰਦਾ ਹੈ, ਉਨ੍ਹਾਂ ਨੂੰ ਯਾਦ ਰੱਖਣਾ ਉਨ੍ਹਾਂ ਦਾ ਹੱਕ ਹੈ। (NET)



ਦੀਵਾ ਜੋ ਬਣਿਆ ਮਸ਼ਾਲ- ਸੀ ਬਾਬਾ ਨਜਮੀ!

(ਇੱਕ ਹਰਮਨਪਿਆਰੇ ਕਵੀ, ਪਾਕਿਸਤਾਨ ਦੇ, ਪੰਜਾਬੀ ਲਈ ਜੂਝਦੇ ਰਹੇ-ਸੰ.)

ਝੱਖੜਾਂ ਵਿੱਚ ਦੀਵਾ ਪੰਜਾਬੀ
ਰੱਖਿਆ ਸੀ ਜੋ ਬਾਬਾ ਨਜਮੀ।

ਉਸ ਦੀਵੇ ਤੋਂ ਜਗੀ ਮਸ਼ਾਲ-
ਅਸੀਂ ਅੱਗੇ ਲੈ ਕੇ ਜਾਵਾਂਗੇ।
ਪਿੰਟੂ, ਚਿੰਟੂ, ਰਿੰਕੂ, ਰਿੱਕੀ
ਰੇਸ਼ਮਾ, ਰਾਣੀ, ਆ ਜਾ ਨਿੱਕੀ।
ਹੁਣ ਜ਼ਿੰਮੇਵਾਰੀ ਹੈ ਸਾਡੀ
ਬਖ਼ੂਬੀ ਨਿਭਾਵਾਂਗੇ।

ਸਿੱਖਾਂਗੇ ਹਰ ਭਾਸ਼ਾ
ਪਰ ਇਸ ਨੂੰ ਨਹੀਂ ਭੁਲਾਵਾਂਗੇ।
ਦੇਸ਼ ਕਿਸੇ ਵੀ ਜਾਈਏ ਭਾਵੇਂ

ਦੇਣ ਇਹਦੀ ਚੁਕਾਵਾਂਗੇ।
ਜਗਦੀ ਸਦਾ ਮਸ਼ਾਲ ਰੱਖਾਂਗੇ
ਲੋਕੀ ਵੀ ਜਗਾਵਾਂਗੇ।

ਪਰਮਿੰਦਰ ਕੌਰ

ਮੁੱਲਾਂਪੁਰਦਾਖਾ 9877346150

ਖ਼ੁਸ਼ਬੂ ਚੁਰਾਉਂਦੇ ਬੱਚੇ

ਅਨੀਤਾ ਰਸ਼ਮੀ

ਲੁੱਕ-ਚੋਪੜੀ ਕਾਲੀ ਸੜਕੋਂ
ਭੱਜਦੇ ਭੱਜਦੇ ਆ ਮਿਲਦੇ ਉਹ
ਬੱਚੇ
ਸਵੇਰੇ ਸਵੇਰੇ ਜਿਹੜੇ
ਫੁੱਟਦੀ ਕਿਰਨ ਦੇ ਨਾਲ
ਗਏ ਸੀ ਸੁੰਦਰ, ਸਾਫ਼
ਉਜਿਆਰੀ ਯੂਨੀਫ਼ਾਰਮ ਵਿਚ
ਕਈ ਸਕੂਲਾਂ ਨੂੰ
ਕਤਾਰਾਂ ਬੰਨ੍ਹ
ਆਪਣੇ ਪਿਤਾ ਦਾ ਹੱਥ ਫੜੀ
ਦੇਹਾਤੀ ਪਗਡੰਡੀਆਂ ਤੋਂ ਦੀ
ਲੰਘ

ਦੁਪਹਿਰ ਹੋਈ ਤਾਂ
ਮੁੜਦਿਆਂ ਹੀ ਪਿਤਾ ਸੰਗ
ਛੱਡ ਉਨ੍ਹਾਂ ਨੂੰ
ਡਿਓੜ੍ਹੀ ਵਿਚ
ਆ ਗਏ ਹਨ ਭੱਜੇ ਭੱਜੇ
ਪਗਡੰਡੀਆਂ, ਵੱਟਾਂ
ਲੰਘਦੇ -ਪੁਲਾਂਘਦੇ
ਮਿੱਟੀ ਨੇੜੇ ਆਪਣੀ,
ਏਨੀ, ਏਨੀ ਨੇੜੇ
ਕਿ
ਭਾਵੇਂ ਉਨ੍ਹਾਂ ਦੇ ਪਿੰਡਿਓਂ
ਮਿੱਟੀ ਦੀ ਖ਼ੁਸ਼ਬੋ ਚੁਰਾਅ ਲਓ।

ਅਨੁ: ਪ.ਸ.

"ਪਾਠਕ ਮੰਚ"-
ਹਿੰਦੀ ਕਵੀ ਵ੍ਹਾਟਸਐਪ ਗਰੁੱਪ

ਮਦਨ ਵੀਰਾ - ਕਵਿਤਾਵਾਂ

(1)
ਇੱਥੇ ਪਰੀ ਰਾਣੋ ਸੀ
ਨਿੱਕੀ ਜਿਹੀ ਮਾਣੋ ਸੀ

ਦੁੱਧ ਮਲਾਈ ਖਾਂਦੀ ਸੀ
ਮੋਟੀ ਹੁੰਦੀ ਜਾਂਦੀ ਸੀ
ਮੋਟੂ ਉਹਨੂੰ ਕਹਿਣਾ ਨਹੀਂ
ਚੁੱਪ ਉਹਨੇ ਰਹਿਣਾ ਨਹੀਂ
ਪਰਦੇ ਪਿੱਛੇ ਲੁਕ ਗਈ
ਦਰਵਾਜੇ ਪਿੱਛੇ ਛੁਪ ਗਈ

ਆਹ ਮਿੱਠਾ ਦੁੱਧ ਹੈ
ਔਹ ਪਈ ਮਲਾਈ ਹੈ
ਦੁੱਧ ਵੱਲ ਤੱਕ ਕੇ
ਮਲਾਈ ਵੱਲ ਦੇਖ ਕੇ
ਭੱਜੀ-ਭੱਜੀ ਆਈ ਹੈ।

(2)
ਨਿੱਕੀ ਜਿਹੀ ਤਿਤਲੀ
ਫੁੱਲਾਂ ਉੱਤੋਂ ਫਿਸਲੀ
ਪੱਤਿਆਂ ਦਾ ਹਾਸਾ
ਪਾਣੀ'ਚ ਪਤਾਸਾ

ਸੈਂਡਲ ਤੇਰਾ ਲਹਿ ਗਿਆ
ਕੰਨ'ਚ ਪੱਤਾ ਕਹਿ ਗਿਆ
ਮੇਰਾ ਕਿਹਾ ਮੰਨ ਲੈ
ਬੱਧਰ ਕੱਸ ਕੇ ਬੰਨ ਲੈ

ਮੁੜ ਕੇ ਜੇ ਆਉਣਾ
ਸੈਂਡਲ ਪੈਣਾ ਲਾਉਣਾ।

(3)
ਸੌਂ ਜਾ ਧੀਏ ਰਾਣੀਏ
ਮੱਖਣੀ ਮਖਾਣੀਏ
ਡੈਡੀ ਤੇਰੇ ਆਉਣਾ ਏ
ਕੰਮ ਮੈਂ ਮਕਾਉਣਾ ਏ

ਖੀਰ ਮੈਂ ਬਣਾਵਾਂਗੀ
ਪੂੜੇ ਵੀ ਖੁਆਵਾਂਗੀ
ਸੌਂ ਜਾ ਲਾਡੋ ਮੇਰੀਏ
ਮਿੱਠੀਏ ਗਨੇਰੀਏ।

(4)
ਸੋਹਣੇ ਵਰੂ ਕਾਕਾ ਜੀ
ਕਰੋ ਨਾ ਖੜਾਕਾ ਜੀ
ਪਰੂ ਹੁਣੇ ਹੀ ਸੁੱਤੀ ਏ
ਸੁੱਤੀ ਨੂੰ ਜਗਾਓ ਨਾ
ਸ਼ੋਰ ਮਚਾਓ ਨਾ
ਪਰੂ ਘਬਰਾਏਗੀ
ਨੀਂਦ ਟੁੱਟ ਜਾਏਗੀ
ਨੀਂਦ ਉਹਦੀ ਜੇ ਟੁੱਟ ਗਈ
ਸਮਝੋ ਪਰੂ ਰੁੱਸ ਗਈ।

(5)
ਡੋਰ ਬੈੱਲ ਵੱਜੀ ਏ
ਗੇਟ 'ਤੇ ਭੂਆ ਰੱਜੀ ਏ
ਹੱਥ ਵਿੱਚ ਮਠਿਆਈ ਏ
ਤਾਜ਼ੀ ਲੈ ਕੇ ਆਈ ਏ
ਭੱਜ ਕੇ ਫ਼ਤਿਹ ਬੁਲਾਉਂਦਾ ਹਾਂ
ਪੈਰੀਂ ਹੱਥ ਲਗਾਉਂਦਾ ਹਾਂ
ਮੰਮੀ ਜੀ ਨੂੰ ਬੋਲ ਕੇ
ਛੇਤੀ ਡੱਬਾ ਖੋਲ੍ਹ ਕੇ
ਪਹਿਲਾਂ ਚੈੱਕ ਕਰਾਓ ਜੀ
ਗੱਲ-ਬਾਤ ਫਿਰ ਸੁਣਾਓ ਜੀ।

H.No. 82, St.No. 1, Shalimar Nagar, Near Gurdwara, Jodhamal Road, Hoshiarpur. Ph : 94178-26296

ਵਧੇਰੇ ਮੋਬਾਇਲ ਵਰਤਣਾ ਬੱਚਿਆਂ ਲਈ ਖ਼ਤਰਨਾਕ

ਅੱਜ ਬਚਪਨ ਤੋਂ ਹੀ ਬੱਚਾ ਮੋਬਾਇਲ ਫ਼ੋਨ ਚਲਾਉਣ ਦਾ ਆਦੀ ਹੁੰਦਾ ਜਾ ਰਿਹਾ ਹੈ ਅਤੇ ਇਸ ਵਿਚ ਵਧੇਰੇ ਯੋਗਦਾਨ ਮਾਪਿਆਂ ਦਾ ਹੁੰਦਾ ਹੈ।

ਉਹ ਆਪਣੇ ਕੰਮਾਂ ਵਿਚ ਰੁੱਝੇ ਰੋਂਦੇ ਬੱਚੇ ਨੂੰ ਚੁੱਪ ਕਰਾਉਣ ਲਈ ਮੋਬਾਇਲ ਫ਼ੋਨ ਖੇਡਣ ਲਈ ਫੜਾਅ ਦਿੰਦੇ ਹਨ ਅਤੇ ਹੌਲੀ-ਹੌਲੀ, ਮੋਬਾਇਲ, ਬੱਚੇ ਦੀ ਨਵੀਂ ਨਕੋਰ ਜ਼ਿੰਦਗੀ ਦਾ ਹਿੱਸਾ ਬਣਨਾ ਸ਼ੁਰੂ ਹੋ ਜਾਂਦਾ ਹੈ। ਬੱਚਾ ਮੋਬਾਇਲ ਫ਼ੋਨ ਰਾਹੀਂ ਆਪਣੀ ਹੀ ਤਰ੍ਹਾਂ ਦੀ ਇੱਕ ਨਿਵੇਕਲੀ ਜ਼ਿੰਦਗੀ ਸਿਰਜਣ ਲੱਗਦਾ ਹੈ। ਇੱਕ ਸਮਾਂ ਉਹ ਵੀ ਆਉਂਦਾ ਹੈ ਕਿ ਬੱਚਾ ਮੋਬਾਇਲ ਤੋਂ ਬਿਨਾਂ ਨਹੀਂ ਰਹਿ ਪਾਉਂਦਾ। ਇਸ ਹਾਲਤ ਵਿੱਚ ਮਾਪਿਆਂ ਲਈ ਇੱਕ ਬਹੁਤ ਵੱਡੀ ਸਮੱਸਿਆ ਖੜ੍ਹੀ ਹੋ ਜਾਂਦੀ ਹੈ। ਬੱਚਾ ਆਪਣੇ ਆਲੇ-ਦੁਆਲੇ ਦੇ ਵਾਤਾਵਰਨ ਤੋਂ ਟੁੱਟ ਕੇ ਮੋਬਾਇਲ ਤੱਕ ਰਹਿ ਜਾਣਾ ਸ਼ੁਰੂ ਹੋ ਜਾਂਦਾ ਹੈ। ਸਮਾਂ ਪਾ ਕੇ ਉਹ ਇੱਕ ਲਾ-ਇਲਾਜ ਬਿਮਾਰੀ ਵਿਚ ਏਨਾ ਗਰੱਸਿਆ ਜਾਂਦਾ ਹੈ ਕਿ ਕਦੋਂ ਉਹ ਜੀਵਨ ਵਿਚ ਇੱਕ ਖੱਡ ਵਿਚ ਜਾ ਡਿੱਗਦਾ ਹੈ, ਕਿਸੇ ਨੂੰ ਪਤਾ ਹੀ ਨਹੀਂ ਲੱਗਦਾ।

ਪਹਿਲਾ ਸਮਾਂ ਹੁੰਦਾ ਸੀ ਇੱਕ ਛੋਟਾ ਬੱਚਾ ਘਰ ਦੇ ਜੀਆਂ ਨਾਲ ਖੇਡਦਾ ਹੁੰਦਾ ਸੀ। ਘਰਾਂ ਵਿਚ ਚਾਰ-ਪੰਜ ਬੱਚੇ ਹੁੰਦੇ ਸਨ। ਸਾਂਝੇ ਪਰਿਵਾਰਾਂ ਵਿਚ ਮਹੌਲ ਬੱਚਿਆਂ ਲਈ ਢੁਕਵਾਂ ਹੁੰਦਾ ਸੀ। ਮਾਤਾ-ਪਿਤਾ, ਦਾਦਾ-ਦਾਦੀ ਦੇ ਦੁਆਲੇ ਬੱਚੇ ਚਿੰਬੜੇ ਹੁੰਦੇ ਸਨ। ਨਾਨਾ-ਨਾਨੀ, ਦਾਦਾ-ਦਾਦੀ ਬੱਚਿਆਂ ਨੂੰ ਕਹਾਣੀਆਂ, ਆਦਿ, ਸੁਣਾਅ ਕੇ ਉਹਨਾਂ ਦੇ ਮਨੋਰੰਜਨ ਅਤੇ ਨੈਤਿਕ ਕਦਰਾਂ-ਕੀਮਤਾਂ ਦੇ ਵਿਕਾਸ 'ਚ ਆਪਣਾ ਯੋਗਦਾਨ ਪਾਉਂਦੇ ਸਨ।

ਅੱਜ ਇਹਨਾਂ ਕਿੱਸਿਆਂ-ਕਹਾਣੀਆਂ ਦੀ ਕਮੀ ਬੱਚਿਆਂ 'ਚ ਸਾਫ਼ ਨਜ਼ਰ ਆਉਂਦੀ ਹੈ। ਇਹੀ ਕਾਰਨ ਹੈ ਕਿ ਅੱਜ ਦੇ ਬੱਚੇ ਸੁਭਾਅ ਵਿਚ ਕਾਹਲਾਪਣ, ਉਦਾਸੀ, ਗੁੱਸਾ, ਨੀਂਦ ਦੀ ਕਮੀ, ਯਾਦਦਾਸ਼ਤ ਘਟਣੀ, ਬੁਰੇ ਖ਼ਿਆਲ ਆਣੇ, ਨਿੱਕੀ-ਨਿੱਕੀ ਗੱਲ 'ਤੇ ਰੋ ਪੈਣਾ, ਬੁਰੇ ਸੁਫ਼ਨੇ ਆਉਣੇ ਅਤੇ ਅੱਗੇ ਜਾ ਕੇ ਸਕੂਲੋਂ ਭੱਜਣ ਜਾਂ ਨਸ਼ੇ ਕਰਨ ਲੱਗ ਪੈਣ ਵਰਗੇ ਕੰਮਾਂ 'ਚ ਪੈ ਰਹੇ ਹਨ। ਮੋਬਾਇਲ ਬੱਚੇ ਨੂੰ ਦੇਣਾ ਮਾਪਿਆਂ ਲਈ ਸਭ ਤੋਂ ਵੱਡੀ ਭੁੱਲ ਹੁੰਦੀ ਹੈ। ਇਹ ਬੱਚਿਆਂ ਦੇ ਸਰਬਪੱਖੀ ਵਿਕਾਸ 'ਚ ਅੱਜ ਦੀ ਸਭ ਤੋਂ ਵੱਡੀ ਰੁਕਾਵਟ ਬਣ ਚੁੱਕਾ ਹੈ। 2024 ਵਿਚ ਆਈ ਸਿੱਖਿਆ ਦੀ ਸਲਾਨਾ ਸਟੇਟਸ ਰਿਪੋਰਟ ਅਨੁਸਾਰ ਭਾਰਤ ਵਿੱਚ 14 ਤੋਂ 16 ਸਾਲ ਦੇ ਉਮਰ ਗਰੁੱਪ ਵਿਚ 82% ਬੱਚੇ ਅਜਿਹੇ ਹਨ ਜੋ ਜਾਣਦੇ ਹਨ ਕਿ ਸਮਾਰਟ ਫ਼ੋਨ ਕਿਵੇਂ ਚਲਾਉਣਾ ਹੈ। ਇਹਨਾਂ ਵਿੱਚੋਂ 57% ਬੱਚੇ ਹੀ ਸਮਾਰਟ ਫ਼ੋਨ ਦਾ ਸਿੱਖਿਆ ਲਈ ਪ੍ਰਯੋਗ ਕਰਦੇ ਹਨ। 76% ਬੱਚੇ ਸਮਾਰਟ ਫ਼ੋਨ ਦਾ ਸੋਸ਼ਲ ਸਾਈਟਾਂ ਦੇਖਣ ਲਈ ਵਧੇਰੇ ਪ੍ਰਯੋਗ ਕਰਦੇ ਹਨ। 605 ਜ਼ਿਲ੍ਹਿਆਂ ਦੇ 1797 ਪਿੰਡਾਂ ਦੇ 6 ਲੱਖ ਬੱਚਿਆਂ ਉੱਤੇ ਕੀਤੇ ਇਸ ਸਰਵੇਅ ਦੇ ਨਤੀਜੇ ਬੜੇ ਹੈਰਾਨ ਕਰਨ ਵਾਲੇ ਹਨ- ਸਪੱਸ਼ਟ ਹੋਇਆ ਹੈ ਕਿ ਲਗਭਗ 90% ਲੜਕੇ ਅਤੇ ਲੜਕੀਆਂ ਕੋਲ ਘਰ 'ਚ ਹੀ ਸਮਾਰਟ ਫ਼ੋਨ ਹੈ। 27% 14 ਸਾਲ ਦੇ ਉਮਰ ਗਰੁੱਪ ਦੇ ਅਤੇ 37.8% 16 ਸਾਲ ਦੇ ਉਮਰ ਗਰੁੱਪ ਦੇ ਬੱਚਿਆਂ ਕੋਲ ਖ਼ੁਦ ਆਪਣੇ ਸਮਾਰਟ ਫ਼ੋਨ ਹਨ। ਲਿੰਗ ਅਨੁਸਾਰ 36.2% ਮੁੰਡਿਆਂ ਅਤੇ 26.9% ਕੁੜੀਆਂ ਕੋਲ ਆਪਣੇ ਸਮਾਰਟ ਫ਼ੋਨ ਹਨ। 78.83% ਮੁੰਡੇ ਅਤੇ 73.4% ਕੁੜੀਆਂ ਸੋਸ਼ਲ ਮੀਡੀਆ ਦਾ ਉਪਯੋਗ ਕਰਨ ਲਈ ਫ਼ੋਨ ਵਰਤ ਰਹੇ ਹਨ।

ਸਲਾਨਾ ਸਟੇਟਸ ਰਿਪੋਰਟ ਅਨੁਸਾਰ 80% ਬੱਚੇ ਪੜ੍ਹਾਈ ਲਈ ਫ਼ੋਨ ਦਾ ਪ੍ਰਯੋਗ ਕਰਦੇ ਹਨ- ਪਰ 90% ਬੱਚੇ ਸੋਸ਼ਲ ਮੀਡੀਆ ਚਲਾਉਣ ਲਈ ਵੀ ਫ਼ੋਨ ਵਰਤਦੇ ਹਨ। ਸੋਸ਼ਲ ਮੀਡੀਆ ਉੱਤੇ ਸੁਰੱਖਿਆ ਦੇ ਨਿਯਮਾਂ ਦੀ ਜਾਣਕਾਰੀ ਬੱਚਿਆਂ 'ਚ ਬਹੁਤ ਘੱਟ ਹੈ। ਜਿਵੇਂ- ਸਿਰਫ਼ 62% ਬੱਚੇ ਸੋਸ਼ਲ ਸਾਈਟਾਂ ਨੂੰ ਬਲੌਕ ਕਰਨਾ ਜਾਣਦੇ ਹਨ; ਸਿਰਫ਼ 52.2% ਬੱਚੇ ਜਾਣਦੇ ਹਨ ਕਿ ਆਪਣੀ ਪ੍ਰੋਫ਼ਾਈਲ ਨੂੰ ਪ੍ਰਾਈਵੇਟ ਕਿਵੇਂ ਕਰਨਾ ਹੈ; ਸਿਰਫ਼ 57.7% ਬੱਚੇ ਆਪਣੀ ਆਈਡੀ / ਪਾਸਵਰਡ ਚੇਂਜ ਕਰਨਾ ਜਾਣਦੇ ਹਨ। ਲੜਕਿਆਂ ਨਾਲੋਂ ਇਹ ਜਾਗਰੁਕਤਾ ਲੜਕੀਆਂ ਵਿਚ ਹੋਰ ਵੀ ਘੱਟ ਹੈ। ਇਸ ਸਰਵੇਅ ਅਨੁਸਾਰ ਸਮਾਰਟ ਫ਼ੋਨ ਦੀ ਜਨਰਲ ਵਰਤੋਂ ਜਿਵੇਂ ਅਲਾਰਮ ਦੀ ਜਾਣਕਾਰੀ, ਸਰਚ ਕਰਨਾ, ਯੂਟਿਊਬ ਵੀਡੀਓ ਖੋਜਣਾ ਵਰਗੇ ਕੰਮਾਂ ਵਿੱਚ 70.2% ਲੜਕੇ ਅਤੇ 62.2% ਲੜਕੀਆਂ ਸਫ਼ਲ ਰਹੀਆਂ। ਕੇਰਲ ਵਰਗੇ ਰਾਜ ਵਿਚ ਇਸ ਮਾਮਲੇ ਵਿਚ ਲੜਕੇ ਅਤੇ ਲੜਕੀਆਂ ਦੀ ਪ੍ਰਤੀਸ਼ਤ ਬਰਾਬਰ ਹੈ। ਸਿਰਫ਼ 18% ਪਰਿਵਾਰ ਹਨ ਜਿਨ੍ਹਾਂ ਦਾ ਕੋਈ ਇੱਕ ਮੈਂਬਰ ਕੰਪਿਊਟਰ ਚਲਾਉਣਾ ਜਾਣਦਾ ਹੈ (ਜੋ ਨਿਗਾਹ ਰੱਖ ਸਕੇ -ਸੰ.)। ਉਪਰੋਕਤ ਡਾਟਾ ਇਹ ਦੱਸਣ ਲਈ ਕਾਫ਼ੀ ਹੈ ਕਿ ਮੋਬਾਇਲ, ਕਿਤਾਬਾਂ ਦੇ ਮੁਕਾਬਲੇ, ਸਿੱਖਣ-ਸਿਖਾਉਣ ਦੀ ਪ੍ਰਕਿਰਿਆ 'ਚ ਸ਼ਾਇਦ ਓਨਾ ਸਫ਼ਲ ਨਹੀਂ ਹੋ ਸਕਿਆ ਜਿੰਨਾ ਹੋ ਸਕਦਾ ਸੀ, ਯਾਨੀ ਅਜੇ ਵੀ ਅਸੀਂ ਮੋਬਾਇਲ ਦੀ ਠੀਕ ਵਰਤੋਂ ਕਰਨੀ ਨਹੀਂ ਜਾਣ ਸਕੇ / ਜਾਣਨਾ ਨਹੀਂ ਚਾਹੁੰਦੇ।

ਫ਼ੋਨ ਦੇ ਆਦੀ ਹੋਏ ਬੱਚੇ ਇੱਕ ਤਰ੍ਹਾਂ ਨਾਲ ਮੋਬਾਇਲ-ਨਸ਼ੇੜੀ ਬਣਨ ਦੇ ਰਾਹ 'ਤੇ ਹਨ। ਜਿਨ੍ਹਾਂ ਨੂੰ ਮੋਬਾਇਲ ਦੀ ਲਤ ਲੱਗਦੀ ਹੈ ਉਹ ਬੱਚੇ ਖਾਣ-ਪੀਣ ਅਤੇ ਪਰਿਵਾਰ ਦੇ ਮੈਂਬਰਾਂ ਨੂੰ ਛੱਡ, ਮੋਬਾਇਲ ਨਾਲ ਚੰਬੜ ਜਾਂਦੇ ਹਨ। ਇਸ ਨਾਲ ਬੱਚੇ ਦਾ ਬੌਧਿਕ ਅਤੇ ਸਰੀਰਕ ਵਿਕਾਸ ਪੂਰੀ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ। ਹੁਣੇ ਜਿਹੇ, ਇੱਕ ਸਮਾਜ ਸੇਵੀ ਸੰਸਥਾ "ਮਨੁੱਖਤਾ ਦੀ ਸੇਵਾ", ਗੁਰਪ੍ਰੀਤ ਸਿੰਘ ਮਿੰਟੂ ਜੀ ਦੀ ਚਲਾਈ, ਵਿਚ ਇੱਕ ਬੱਚਾ ਉਹ ਵੀ ਆਇਆ ਜੋ ਛੇਵੀਂ ਜਮਾਤ ਤੋਂ ਬਾਅਦ ਮੋਬਾਇਲ ਦਾ ਆਦੀ ਹੋਣ ਕਰਕੇ ਸਕੂਲ ਹੀ ਨਹੀਂ ਗਿਆ! ਨਾਲ ਹੀ, ਉਸਨੂੰ ਖਾਣਾ-ਪੀਣਾ ਵੀ ਵਿਸਰ ਗਿਆ ਅਤੇ ਉਹ ਮਾਨਸਿਕ ਰੋਗੀ ਬਣ ਗਿਆ।

ਮਾਪੇ ਆਪਣੇ ਬੱਚਿਆਂ ਨੂੰ ਨਿਗਰਾਨੀ ਵਿਚ ਰੱਖਣ ਤਾਂ ਜੋ ਆਪਣੇ ਬੱਚਿਆਂ ਨੂੰ ਇੱਕ ਸੁਨਹਿਰੀ ਭਵਿੱਖ ਦੇ ਸਕਣ ਅਤੇ ਮਾਪਿਆਂ ਨੂੰ ਆਪ ਵੀ ਇੱਕ ਚੰਗੇ ਭਵਿੱਖ ਦੀ ਆਸ ਬੱਝੇ।

ਮਾਸਟਰ ਵਿਨੋਦ ਕੁਮਾਰ

ਕਜ਼ਾਕ , ਕਜ਼ਾਕ ਦੇ ਮੂੰਹੋਂ

ਸੁਰਜੀਤ ਸਿੰਘ ਜਰਮਨੀ (ਡਾ.)

"7 **ਬੱਚੇ** ਜੰਮਦਿਆਂ ਹੀ ਮਰ ਗਏ ਤਾਂ ਮਾਂ ਨੂੰ ਕਿਸੇ ਆਖਿਆ ਜਿਹੜਾ ਹੁਣ ਗਰਭ 'ਚ ਏ ਇਹਨੂੰ ਆਪਣੇ ਘਰੋਂ ਨਾ ਖਵਾਈਂ! ਸ਼ਾਇਦ ਪੁਰਾਣੇ ਸਮੇਂ ਵਿਚ ਕੋਈ ਵਿਚਾਰ ਹੋਵੇਗੀ। ਤਾਂ ਮਾਂ ਨੇ ਮਾਸੂਮ ਨੂੰ ਬਚਾਉਣ ਲਈ ਲੋਕਾਂ ਘਰੋਂ ਮੰਗ ਕੇ ਲਿਆ ਕੇ ਖਵਾਉਣਾ। ਅਖੀਰ ਥੋੜ੍ਹਾ ਵੱਡਾ ਹੋਇਆ ਤਾਂ ਬੰਬੇ ਚਲਾ ਗਿਆ, ਰੋਜ਼ੀ ਰੋਟੀ ਭਾਲਣ, ਉਥੇ ਜਾ ਪੇਟਿੰਗ ਦਾ ਕੰਮ ਸ਼ੁਰੂ ਕੀਤਾ। ਉਸ ਵਕਤ ਵੱਡੇ ਵੱਡੇ ਫ਼ਿਲਮਾਂ ਦੇ ਬੋਰਡ ਹੱਥਾਂ ਨਾਲ ਪੇਂਟ ਕੀਤੇ ਜਾਂਦੇ ਸਨ। ਕਿਸੇ ਦੀ ਠੋਢੀ 'ਤੇ ਤਿਲ ਵੀ ਲਾਉਣਾ ਹੁੰਦਾ ਤਾਂ ਸਵਾ ਫੁੱਟ ਦਾ ਤਿਲ ਹੀ ਹੁੰਦਾ। ਜਿਥੇ ਬੋਰਡ ਬਨਾਉਣ ਦਾ ਕੰਮ ਮਿਲਣਾ ਤੁਰ ਪੈਣਾ!

"ਨਾਲ ਦੇ ਉਸਤਾਦ ਦੀ ਛੋਟੀ ਬੱਚੀ ਸੀ- ਉਸਤਾਦ ਨੇ ਬੱਚੀ ਨੂੰ ਉਸੇ ਏਰੀਏ 'ਚ ਭੀਖ ਮੰਗਣ ਲਾ ਦੇਣਾ!! ਇਕ ਦਿਨ ਪੂਰਾ ਦਿਨ ਲੰਘ ਗਿਆ ,ਕਿਸੇ ਬੱਚੀ ਨੂੰ ਧੇਲੀ ਨਾ ਦਿੱਤੀ! ਸਗੋਂ ਇਕ ਬੰਦਾ ਕੋਲ ਆ ਕਹਿੰਦਾ- 'ਇਤਨੀ ਸੋਹਣੀ ਬੱਚੀ ਨੂੰ ਕਿਸ ਨੇ ਭੀਖ ਦੇਣੀ? ਲੋਕ ਭੀਖ ਤਾਂ ਲੰਗੜੇ ਲੂਲਿਆਂ ਨੂੰ ਦੇਂਦੇ ਨੇ। ਏਨਾ ਸੁਣਦੇ ਉਸਤਾਦ ਨੇ ਉਥੇ ਬੱਚੀ ਲੰਮੇ ਪਾ ਕੇ ਉਂਗਲਾਂ ਨਾਲ ਉਸਦੀਆਂ ਅੱਖਾਂ ਕੱਢ ਦਿੱਤੀਆਂ! ਦੇਖ ਦਿਲ ਦਹਿਲ ਗਿਆ!!

"ਉਥੋਂ ਭੱਜਿਆ ਤੇ ਜਾ ਕੇ ਲੋਕਾਂ ਦੀਆਂ ਜੇਬਾਂ ਕੱਟਣ ਲੱਗ ਗਿਆ। ਇਕ ਦਿਨ ਉਸ ਇਲਾਕੇ ਦੇ ਡਾਕੂ ਆ ਗਏ, ਆਪਣੇ ਨਾਲ ਹੀ ਚੁੱਕ ਲੈ ਗਏ। ਡਿਊਟੀ ਲਾਈ, ਕਿ ਜਿਹੜੀਆਂ ਲਾਰੀਆਂ ਜਾਂਦੀਆਂ, ਤੂੰ ਉਪਰ ਚੜ੍ਹ ਕੇ ਰੱਸੇ ਵੱਢਣੇ ਨੇ। ਨਾਲ ਦਾ ਸਾਥੀ ਤਗੜਾ ਹੁੰਦਾ ਸੀ, ਉਹ ਮਾਲ ਥੱਲੇ ਸੁੱਟਣ ਦਾ ਕੰਮ ਕਰਦਾ ਤੇ ਬਾਕੀ ਡਾਕੂ ਸੜਕ ਤੋਂ ਮਾਲ ਚੱਕਦੇ- ਮਗਰ ਮਗਰ ਆਉਂਦੇ! ਇਕ ਦਿਨ ਨਾਲ ਵਾਲਾ ਲਾਰੀ ਤੋਂ ਡਿੱਗਾ, ਡਿੱਗਦੇ ਸਾਰ ਪ੍ਰਾਣ ਨਿਕਲ ਗਏ। ਮਨ 'ਤੇ ਬਹੁਤ ਅਸਰ ਹੋਇਆ। ਡਾਕੂਆਂ ਤੋਂ ਨਿਗ੍ਹਾ ਬਚਾਅ ਪਟਿਆਲੇ ਆ ਗਿਆ- ਇਥੇ ਯੂਨੀਵਰਸਿਟੀ 'ਚ ਬੋਰਡ ਪੇਂਟ ਕਰਨ ਦਾ ਕੰਮ ਮਿਲ ਗਿਆ। ਉਥੇ ਹੀ ਫਿਰ ਹੌਲੀ ਹੌਲੀ ਲਿਖਣ ਦਾ ਚਸਕਾ ਵੀ ਲੱਗ ਗਿਆ ਅਤੇ ਮੈਂ ਆਪਣੇ ਲੇਖ ਨਾਲ ਦੇ ਡਾਕ ਘਰ ਪਾ ਆਇਆ ਕਰਨੇ, ਕਿਉਂਜੋ ਇਹ ਡਰ ਸੀ ਕੇ ਜੇ ਅਖ਼ਬਾਰ ਵਾਲਿਆਂ ਨੂੰ ਦੇਣ ਗਿਆ ਤਾਂ ਉਹਨਾਂ (ਮੈਨੂੰ) ਦੇਖ ਕੇ ਛਾਪਣੇ ਨਹੀਂ।

"ਇਕ ਦਿਨ ਕੋਈ ਬੰਦਾ ਯੂਨੀਵਰਸਿਟੀ ਆਇਆ। ਗਰਮੀਆਂ ਦੇ ਦਿਨ, ਅੱਧੀ ਕੁ ਪੈਂਟ ਤੇ ਬਨੈਣ ਪਾ ਮੈਂ ਕੁਝ ਪੇਂਟ ਕਰ ਰਿਹਾ ਸੀ। ਆ ਕੇ ਇਕ ਚਿੱਠੀ ਜਿਹੀ ਫੜਾਅ, ਕਹਿੰਦਾ, "ਇਹ ਵਾਈਸ ਚਾਂਸਲਰ ਨੂੰ ਦੇਣੀ ਸੀ, ਹੁਣ ਯੂਨੀਵਰਸਿਟੀ ਵੀ.ਸੀ. ਕਿਸੇ ਮੀਟਿੰਗ 'ਚ ਹੈ, ਤੂੰ ਫੜਾਅ ਦੇਵੇਂਗਾ?"

'ਹਾਂ' ਵਿਚ ਸਿਰ ਹਿਲਾਅ ਮੈਂ ਚਿੱਠੀ ਫੜ ਲਈ, ਤੇ ਉਸ ਨੇ ਪੁਛਿਆ- "ਨਾਂ ਕੀ ਤੇਰਾ?"

ਮੈਂ ਆਖਿਆ "ਕਿਰਪਾਲ ਕਜਾਕ"। ਉਹ ਹੈਰਾਨ ਹੋ ਕਹਿੰਦਾ- "ਤੂੰ ਕਿਰਪਾਲ ਕਜਾਕ ਏਂ?"

ਮੈਂ ਕਿਹਾ, "ਹਾਂ।"

"ਉਤਨੀ ਦੇਰ ਨੂੰ ਉਥੇ ਕੋਈ ਹੋਰ ਪ੍ਰੋਫ਼ੈਸਰ ਵੀ ਆ ਗਏ। ਇਹ ਸੱਜਣ ਉਹਨਾਂ ਨੂੰ ਹੈਰਾਨੀ ਨਾਲ ਕਹਿੰਦਾ- "ਇਹ ਕਿਰਪਾਲ ਕਜਾਕ ਹੈ! ਜਿਸ ਦੇ ਲੇਖ ਅਖ਼ਬਾਰਾਂ 'ਚ ਛਪਦੇ ਨੇ!"

"ਦੂਸਰਾ ਸੱਜਣ ਪਹਿਲੇ ਨੂੰ ਆਂਹਦਾ, "ਇਸਨੂੰ ਬਠਾਓ ਗੱਡੀ 'ਚ!"

ਤੇ ਕਿਸੇ ਪਾਸੇ ਲੈ ਤੁਰੇ। ਜਾਂ ਪਹੁੰਚਾਇਆ ਵਾਈਸ ਚਾਂਸਲਰ ਦੀ ਮੀਟਿੰਗ ਦੇ ਬਾਹਰ। ਅੰਦਰ ਬੰਦਾ ਭੇਜ ਸੂਚਿਤ ਕੀਤਾ। ਵਾਈਸ ਚਾਂਸਲਰ ਨੇ ਅੰਦਰ ਬੁਲਾਅ ਲਿਆ। ਸਾਰੇ ਮੀਟਿੰਗ ਕਰਨ ਵਾਲੇ ਸਰੋਤਿਆਂ ਦੇ ਵਿਚ ਬੈਠਾਅ ਕੇ, ਵੀ.ਸੀ. ਸ੍ਹਾਬ ਹੈਰਾਨ ਹੋ ਪੁਛਣ ਲੱਗੇ, "ਨਾਮ ਕੀ ਤੇਰਾ?"

"ਮੈਂ ਕਿਹਾ, "ਜੀ ਕਜਾਕ ਕਹਿੰਦੇ"- ਪੂਰਾ ਨਾਮ, ਕਿਉਂਕਿ ਕਜਾਕ ਦਾ ਅਰਥ ਡਾਕੂ ਲੁਟੇਰਾ ਹੁੰਦਾ, ਮੈਂ ਕਿਹਾ, "ਜੀ ਕਿਰਪਾਲ ਕਜਾਕ।"

"ਨਾਲ ਹੀ ਬੈਠਾਅ ਲਿਆ। ਉਸ ਤੋਂ ਬਾਅਦ ਦਾ ਸਫ਼ਰ ਬਹੁਤ ਖ਼ੂਬਸੂਰਤ ਅਤੇ ਮੇਰੀ ਪੀ ਐਚਡੀ ਦੀ ਰਿਸਰਚ ਦਾ ਬਹੁਤ ਅਹਿਮ ਕਿੱਸਾ, ਜਿਸ ਵਿਚ ਵਾਲ ਵਾਲ ਬਚਿਆ, ਨਾਲ ਅੱਗੇ ਵਧਿਆ, ਤੇ ਫਿਰ ਉਸੇ ਦਿਨ ਤੋਂ ਯੂਨੀਵਰਸਿਟੀ 'ਚ ਪੜ੍ਹਾਉਣ ਵਾਲਾ ਸਫ਼ਰ ਸ਼ੁਰੂ ਹੋ ਗਿਆ।

(ਚੱਲਦਾ)

ਲਹਿਰਾਂ ਦਾ / ਕੰਬਣਾ ....ਜੇ ......ਤੂੰ ਵੇਖਿਆ ਹੁੰਦਾ ...ਠਹਿਰੇ ਹੋਏ...ਉਨ੍ਹਾਂ ਪਾਣੀਆਂ ਵਿਚ....
ਤੂੰ ਰੋੜਾ, ਕਦੇ ਨਾ ਸੁੱਟਦਾ....ਅਜਿਹਾ ਕਿਉਂ...ਕੀਤਾ ਤੂੰ?! – ***ਅੰਜਨਾ ਅਨਿਲ***

ਹਿੰਦੀ ਤੋਂ : ਪ.ਸ.

ਕਾਮਰੇਡ ਬਾਪੂ ਜ਼ਿੰਦਾਬਾਦ

ਸੁਰਜੀਤ ਭਗਤ, ਲੁਧਿਆਣਾ*

(ਵੈਸੇ ਤਾਂ ਮੈਂ ਆਪਣੇ ਪਿਤਾ ਜੀ ਕਾਮਰੇਡ ਦੇਸਾ ਸਿੰਘ ਜੀ ਨੂੰ ਕਦੇ ਵੀ ਮਨੋਂ ਵਿਸਾਰਿਆ ਨਹੀਂ, ਪਰ ਕਈ ਵਰ੍ਹੇ ਪਹਿਲਾਂ ਅਖ਼ਬਾਰ ਲਈ ਲਿਖਿਆ ਇੱਕ ਲੇਖ ਉਨ੍ਹਾਂ ਦੀ ਨਿੱਘੀ ਯਾਦ ਨੂੰ ਸਮਰਪਤ ਕਰ ਰਿਹਾ ਹਾਂ -ਲੇਖਕ)

ਸਦਰ ਮੁਕਾਮ ਤੋਂ ਮਿਲੇ ਹੁਕਮਾਂ ਦੀ ਤਾਮੀਲ ਕਰਦਿਆਂ ਸਰਕਾਰੀ ਕੇਸ ਦੇ ਸਬੰਧ ਵਿਚ ਜ਼ਿਲ੍ਹਾ ਕਚਹਿਰੀਆਂ ਵਿਚ ਜਾ ਕੇ ਵਕੀਲ ਨੂੰ ਮਿਲਣਾ ਸੀ।
ਇਸ ਲਈ ਸ਼ਹਿਰ ਦੇ ਇਕ ਕੋਨੇ ਤੋਂ ਦੂਜੇ ਕੋਨੇ ਤੱਕ ਜਾਣਾ ਪੈਣਾ ਸੀ।
ਵਕੀਲ ਸਾਹਿਬ ਆਪਣੇ ਕੈਬਿਨ ਵਿਚ ਮੌਜੂਦ ਹੋਣ, ਇਹ ਪੱਕਾ ਕਰਨ ਲਈ ਉਨ੍ਹਾਂ ਨੂੰ ਕਈ ਫ਼ੋਨ ਲਗਾਏ ਪਰ ਉਹ ਫ਼ੋਨ ਨਹੀਂ ਸਨ ਚੁੱਕ ਰਹੇ।
ਇਸੇ ਉਧੇੜ-ਬੁਣ ਵਿਚ ਅੱਧਾ ਰਸਤਾ ਤੈਅ ਕਰ ਲਿਆ। ਮੈਨੂੰ ਵਲ਼ ਵਲ਼ ਕੇ ਗੁੱਸਾ ਆ ਰਿਹਾ ਸੀ। ਖ਼ੈਰ, ਉਨ੍ਹਾਂ ਫ਼ੋਨ ਚੁੱਕਿਆ ਅਤੇ ਮੈਨੂੰ ਲੁਧਿਆਣਾ ਦੇ ਗਿੱਲ ਰੋਡ 'ਤੇ ਲੇਬਰ ਦਫ਼ਤਰ ਦੇ ਨੇੜੇ ਆਪਣੇ ਕੈਬਿਨ ਵਿਚ ਪਹੁੰਚਣ ਲਈ ਹੁਕਮ ਕਰ ਦਿੱਤਾ।
ਉੱਥੇ ਪੁੱਜਾ ਤਾਂ ਵਕੀਲ ਸਾਹਿਬ ਦਾ ਕਿਧਰੇ ਨਾਮੋ-ਨਿਸ਼ਾਨ ਵੀ ਨਹੀਂ ਸੀ! ਪਹਿਲਾਂ ਹੀ ਦੁਪਹਿਰ ਦੀ ਕੜਕਦੀ ਧੁੱਪ ਦੇ ਸਤਾਏ ਹੋਏ ਨੂੰ ਹੋਰ ਗਰਮੀ ਵਿਚ ਬਹਿ ਕੇ ਵਕੀਲ ਨੂੰ ਉਡੀਕਣਾ ਔਖਾ ਲੱਗ ਰਿਹਾ ਸੀ।
ਕੋਈ ਅੱਧੇ ਘੰਟੇ ਬਾਅਦ ਵਕੀਲ ਸਾਹਿਬ ਲੇਬਰ ਦਫ਼ਤਰੋਂ ਤਪੇ ਹੋਏ ਆਏ ਅਤੇ ਬੜੇ ਹੀ ਰੁੱਖੇ ਲਹਿਜੇ ਵਿਚ ਦਸ ਕੁ ਸਫ਼ਿਆਂ ਦੀ ਲਿਖਤ ਮੇਰੇ ਹਵਾਲੇ ਕਰਦੇ ਹੋਏ ਹਿਦਾਇਤ ਕਰਨ ਲੱਗੇ ਕਿ ਮੈਂ ਇਨ੍ਹਾਂ ਦੀਆਂ ਫ਼ੋਟੋ ਕਾਪੀਆਂ ਕਰਵਾਅ ਕੇ ਉਨ੍ਹਾਂ ਨੂੰ ਦੇ ਦੇਵਾਂ ਅਤੇ ਅਸਲ ਕਾਪੀਆਂ ਸਦਰ ਮੁਕਾਮ ਚੰਡੀਗੜ੍ਹ ਵਿਚ ਅਗਲੇ ਦਿਨ ਤੱਕ ਪੁੱਜਦੀਆਂ ਕਰ ਦੇਵਾਂ।
'ਵਕੀਲ ਸਾਹਿਬ' ਨੂੰ ਮੇਰੇ ਸਰਕਾਰੀ ਰੁਤਬੇ ਦਾ ਭੋਰਾ ਵੀ ਖ਼ਿਆਲ ਨਹੀਂ ਸੀ ਜਾਪਦਾ। ਮੈਨੂੰ ਉਸ ਦੇ ਰੁੱਖੇਪਣ 'ਤੇ ਹੋਰ ਵੀ ਗੁੱਸਾ ਚੜ੍ਹ ਰਿਹਾ ਸੀ ਪਰ ਪਤਾ ਨਹੀਂ ਕਿਉਂ, ਉਨ੍ਹਾਂ ਕੋਲੋਂ ਲੇਬਰ ਦਫ਼ਤਰ ਬਾਰੇ ਪੁੱਛਣ ਵਿਚ ਉਤਸੁਕ ਸਾਂ।
"ਸਰ ਤੁਸੀਂ ਲੇਬਰ ਦੇ ਕੇਸ ਵੀ ਲੜਦੇ ਹੋ?" ਝਿਜਕਦੇ ਹੋਏ ਵਕੀਲ ਨੂੰ ਪੁੱਛ ਹੀ ਲਿਆ।
"ਹਾਂ, ਮੈਂ ਵੀਹ ਪੰਝੀ ਸਾਲਾਂ ਤੋਂ ਇੱਥੇ ਕੰਮ ਕਰਦਾਂ", ਉਸ ਨੇ ਹਿਮਾਚਲੀ-ਪੰਜਾਬੀ ਦਾ ਮਿਲਗੋਭਾ ਕਰਦੇ ਹੋਏ ਕਿਹਾ, "ਕਿਉਂ ਕੀ ਗੱਲ?" ਬੋਲਾਂ ਵਿਚ ਰੁੱਖੇਪਣ ਦੀ ਰੜਕ ਅਜੇ ਗਈ ਨਹੀਂ ਸੀ। ਉਸ ਦੇ ਇਹ ਪੁੱਛਣ 'ਤੇ ਮੈਂ ਝਿਜਕਦੇ ਜਿਹੇ ਨੇ ਕਿਹਾ, "ਮੇਰੇ ਪਿਤਾ ਜੀ ਵੀ ਕਾਫ਼ੀ ਲੰਮਾ ਸਮਾਂ ਇਸੇ ਦਫ਼ਤਰ ਵਿਚ ਕੰਮ ਕਰਦੇ ਰਹੇ ਹਨ।"
"ਕੀ ਨਾਂ ਸੀ ਉਹਦਾ?"
ਰੁੱਖੇਪਣ ਦੀ ਰੱਸੀ ਵਾਲਾ ਵੱਟ ਅਜੇ ਸੜਿਆ ਨਹੀਂ ਸੀ।
"ਜੀ ਕਾਮਰੇਡ ਦੇਸਾ ਸਿੰਘ।"
ਇਹ ਨਾਮ ਸੁਣਦਿਆਂ ਹੀ ਵਕੀਲ ਉਤੇ ਜਿਵੇਂ ਸੱਤ ਘੜਿਆਂ ਦਾ ਪਾਣੀ ਪੈ ਗਿਆ ਹੋਵੇ। ਉਹ ਹੈਰਾਨੀ ਜਿਹੀ ਨਾਲ ਪੁੱਛਣ ਲੱਗੇ, "ਤੁਸੀਂ ਉਨ੍ਹਾਂ ਦੇ ਬੇਟੇ ਹੋ?"
"ਹੂੰ।" ਮੈਂ ਮੂੰਹੋਂ ਬੋਲਣ ਦੀ ਬਜਾਇ ਇਸ ਹਾਮੀ ਲਈ ਨੱਕ ਦੀ ਆਵਾਜ਼ ਦਾ ਸਹਾਰਾ ਲਿਆ।
"ਸਲਾਮ ਹੈ ਇਹੋ ਜਿਹੇ ਕਾਮਰੇਡਾਂ ਨੂੰ।" ਉਹਨੇ ਫ਼ੌਜੀਆਂ ਵਾਂਗ ਸੱਜੇ ਹੱਥ ਨਾਲ ਕੱਸ ਕੇ ਸਲੂਟ ਮਾਰਿਆ। ਫਿਰ ਗੱਲ ਅੱਗੇ ਤੋਰੀ ਕਿ ਉਹ ਤਾਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਦੇ ਸਨ।
"ਅਜਿਹੇ ਇਨਸਾਨ ਰੋਜ਼ ਰੋਜ਼ ਨਹੀਂ ਜੰਮਦੇ।"
ਹੁਣ ਪਿਤਾ ਜੀ ਲਈ ਉਨ੍ਹਾਂ ਦਾ ਸਤਿਕਾਰ ਸਪੱਸ਼ਟ ਰੂਪ ਵਿਚ ਵਿਖਾਈ ਦੇ ਰਿਹਾ ਸੀ। ਰੁੱਖਾਪਣ ਇਕ ਦਮ ਕੂਲਾ ਹੋ ਗਿਆ ਸੀ।
"ਹੋਇਆ ਕੀ ਭਾਅਜੀ?" ਮੈਂ ਹੁਣ ਉਨ੍ਹਾਂ ਦੀ ਨਰਮਾਈ ਦਾ ਫ਼ਾਇਦਾ ਲੈਂਦੇ ਹੋਏ 'ਵਕੀਲ ਸਾਹਿਬ' ਤੋਂ 'ਭਾਅਜੀ' 'ਤੇ ਆ ਗਿਆ ਸਾਂ।
"ਗੱਲ ਇਸ ਤਰ੍ਹਾਂ ਹੈ ਸਰਦਾਰ ਸਾਹਿਬ...," ਨਰਮਾਈ ਨੇ ਹੁਣ ਸਤਿਕਾਰ ਦਾ ਥਾਂ ਲੈ ਲਿਆ ਸੀ, "ਗੱਲ ਕਾਫ਼ੀ ਸਾਲ ਪੁਰਾਣੀ ਹੈ। ਮੈਂ ਕਿਸੇ ਕੇਸ ਵਿਚ ਮਾਲਕਾਂ ਵੱਲੋਂ ਸਾਂ ਅਤੇ ਕਾਮਰੇਡ ਜੀ ਮਜ਼ਦੂਰਾਂ ਵੱਲੋਂ ਪੇਸ਼ ਹੋ ਰਹੇ ਸਨ। ਸਮਝੌਤੇ ਦੀ ਗੱਲ ਚੱਲੀ ਪਰ ਪੇਚ ਇਕ ਹਜ਼ਾਰ 'ਤੇ ਆਣ ਕੇ ਫਸ ਗਿਆ ਸੀ। ਮਾਲਕ ਪੰਜ ਹਜ਼ਾਰ ਦੇਣ ਨੂੰ ਤਿਆਰ ਸਨ ਪਰ ਮਜ਼ਦੂਰ ਛੇ ਹਜ਼ਾਰ 'ਤੇ ਅੜਿਆ ਹੋਇਆ ਸੀ। ਮਾਲਕ ਵੀ ਏਨੇ ਜ਼ਿੱਦੀ ਕਿ ਇਕ ਦੁਆਨੀ ਵੀ ਵੱਧ ਦੇਣ ਨੂੰ ਤਿਆਰ ਨਹੀਂ ਸਨ। ਉਨ੍ਹਾਂ ਆਪਣੀ ਜ਼ਿੱਦ ਪੁਗਾਉਣ ਲਈ ਮਜ਼ਦੂਰ ਨੂੰ ਪੰਜ ਹਜ਼ਾਰ ਹੀ ਦੇਣਾ ਮੰਨਿਆ, ਭਾਵੇਂ ਉਸ ਦੇ ਪ੍ਰਤੀਨਿੱਧ ਕਾਮਰੇਡ ਨੂੰ ਹਜ਼ਾਰ ਰੁਪਏ ਦੇਣੇ ਪੈ ਜਾਣ। ਇਹ ਪੇਸ਼ਕਸ਼ ਲੈ ਕੇ ਜਦੋਂ ਮੈਂ ਕਾਮਰੇਡ ਕੋਲ ਗਿਆ ਤਾਂ ਉਨ੍ਹਾਂ ਨੇ ਇਹ ਕਹਿੰਦਿਆਂ ਸਾਫ਼ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਵਕੀਲ ਸਾਹਿਬ, ਤੁਹਾਡੀ ਜੇਬ ਵਿਚੋਂ ਤਾਂ ਕੁੱਲ ਮਿਲਾਅ ਕੇ ਛੇ ਹਜ਼ਾਰ ਹੀ ਜਾਣਾ ਹੈ- ਤੁਸੀਂ ਇਕ ਹਜ਼ਾਰ ਮੈਨੂੰ ਦੇਣ ਦੀ ਬਜਾਇ ਮਜ਼ਦੂਰ ਨੂੰ ਛੇ ਹਜ਼ਾਰ ਦੇ ਦਿਓ।"
ਵਕੀਲ ਸਾਹਿਬ ਇਹ ਗੱਲ ਦੱਸਦੇ ਹੋਏ ਮਾਣ ਮਹਿਸੂਸ ਕਰ ਰਹੇ ਸਨ ਅਤੇ ਦੱਸ ਰਹੇ ਸਨ ਕਿ ਏਨੇ ਪੈਸਿਆਂ ਦੀ ਉਨ੍ਹਾਂ ਦਿਨ੍ਹਾਂ ਵਿਚ ਕਾਫ਼ੀ ਕਦਰ ਹੁੰਦੀ ਸੀ ਪਰ ਕਾਮਰੇਡ ਨੇ ਆਪਣੇ ਅਸੂਲਾਂ 'ਤੇ ਚੱਲਦਿਆਂ ਇਹ ਪੈਸੇ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਸਾਰੇ ਪੈਸੇ ਮਜ਼ਦੂਰ ਨੂੰ ਹੀ ਦਿਵਾਏ।

ਵਕੀਲ ਸਾਹਿਬ ਨੇ ਇਹ ਕਹਿੰਦੇ ਹੋਏ ਆਪਣੀ ਸੀਟ ਤੋਂ ਉਠ ਕੇ ਇਕ ਵਾਰ ਫਿਰ ਬਾਪੂ ਦੇ ਨਾਮ ਨੂੰ ਸਲੂਟ ਮਾਰਿਆ। ਮੈਨੂੰ ਕੋਲ ਬੈਠੇ ਨੂੰ ਇੰਝ ਮਹਿਸੂਸ ਹੋ ਰਿਹਾ ਸੀ ਕਿ ਇਹ ਸਲੂਟ ਦੋ ਦਹਾਕੇ ਪਹਿਲਾਂ ਸਾਨੂੰ ਵਿਛੋੜਾ ਦੇ ਗਏ ਬਾਪੂ ਜੀ ਦੇ ਨਾਲ ਨਾਲ ਮੇਰੀ ਪੱਗ ਨੂੰ ਵੀ ਵੱਜ ਰਿਹਾ ਹੈ।

(* ਅਤਿ ਦੇ ਕੋਮਲ-ਹਲੀਮ ਲੇਖਕ ਪਿੱਛੇ ਜਿਹੇ ਦੁਨੀਆ ਤੋਂ ਚਲੇ ਗਏ ਹਨ। ਉਨ੍ਹਾਂ ਨਾਲ ਮੁੱਢ ਬਚਪਨ ਵਿਚ ਕੁਝ ਖੇਡ-ਸਾਥ ਬਾਰੇ ਉਨ੍ਹਾਂ ਦੱਸਿਆ ਸੀ, ਯਾਦ ਨੂੰ ਸਲਾਮ ਹੈ -ਪ.ਸ.)

ਕਸ਼ਮੀਰ ਵਾਦੀ ਵਿੱਚ ਪੰਜਾਬੀ ਬੋਲੀ ਦੀ ਮੌਜੂਦਾ ਹਾਲਤ

ਰਿਪਨਜੋਤ ਕੌਰ ਸੋਨੀ ਬੱਗਾ (ਪ੍ਰਿੰਸੀਪਲ)

ਭਾਸ਼ਾ ਵਿਭਾਗ ਦੇ ਜਨਤਕ ਸੱਦੇ ਉੱਤੇ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਸਮਾਗਮ ਵਿੱਚ ਸ਼ਿਰਕਤ ਕਰਨ ਲਈ, ਮੈਨੂੰ ਵੀ ਸ੍ਰੀਨਗਰ ਜਾਣ ਦਾ ਮੌਕਾ ਮਿਲਿਆ।

ਭਾਸ਼ਾ ਵਿਭਾਗ ਵੱਲੋ 2 ਦਿਨਾਂ ਦੇ ਅਲੱਗ ਅਲੱਗ ਪ੍ਰੋਗਰਾਮ ਸਨ, ਪਹਿਲੀ ਪਾਤਸ਼ਾਹੀ ਦੇ ਗੁਰਦੁਆਰੇ ਗੁਰਦੁਆਰਾ ਸ੍ਰੀ ਮਤਨ ਸਾਹਿਬ ਤੋਂ ਸ਼ੁਰੂ ਹੋਣ ਵਾਲੇ।

ਮੱਤਨ ਸਾਹਿਬ ਗੁਰਦੁਆਰਾ

ਮੱਤਨ ਸਾਹਿਬ ਗੁਰਦੁਆਰਾ, ਸ੍ਰੀਨਗਰ, ਵਿਚ ਪ੍ਰੋਗਰਾਮ ਬਹੁਤ ਵਧੀਆ ਸੀ। ਸਾਨੂੰ ਕਿਸੇ ਨੂੰ ਵੀ ਉਸ ਗੁਰਦੁਆਰੇ ਦੇ ਇਤਿਹਾਸ ਬਾਰੇ ਏਨਾ ਨਹੀਂ ਪਤਾ ਸੀ, ਉੱਥੇ ਜਾ ਕੇ ਬਹੁਤ ਵੈਰਾਗ ਆਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਵਾਕ ਲੈ ਕੇ ਕੀਰਤਨ ਅਤੇ ਅਰਦਾਸ ਹੋਈ। ਗੁਰ ਵਿਚਾਰ ਅਤੇ ਕਵਿਤਾ ਗਾਇਨ ਪ੍ਰੋਗਰਾਮ ਵਿੱਚ ਗੁਰੂ ਸਾਹਿਬ ਬਾਰੇ ਸਾਰੀ ਗੱਲਬਾਤ ਹੋਈ। *ਕਸ਼ਮੀਰੀ ਸਿੱਖਾਂ ਨੂੰ ਪਹਿਲੀ ਵਾਰ ਮਿਲਣ ਦਾ ਮੌਕਾ ਮਿਲਿਆ ਅਤੇ ਇਹ ਦੇਖਿਆ ਕਿ ਉਹਨਾਂ ਨੇ 550 ਸਾਲ ਸਿੱਖੀ ਅਤੇ ਪੰਜਾਬੀ ਜ਼ੁਬਾਨ ਨੂੰ ਕਿਵੇਂ ਸੰਭਾਲਿਆ ਹੋਇਆ ਹੈ।* (ਮੇਰੇ ਆਪਣੇ ਵਿਚਾਰ ਹਨ ਕਿ ਉੱਥੇ ਬੀਰ ਸਿੰਘ ਨੂੰ ਗਵਾਉਣ ਦੀ ਜਗ੍ਹਾ ਦੋ ਘੰਟੇ ਕਿਸੇ ਹਜ਼ੂਰੀ ਰਾਗੀ ਵੱਲੋਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਕੀਰਤਨ ਕਰਵਾਅ ਲੈਂਦੇ ਤਾਂ ਉਹ ਬਹੁਤ ਵਧੀਆ ਰਹਿਣਾ ਸੀ।) ਪੰਜਾਬ ਤੋਂ ਗਏ ਡੈਲੀਗੇਟਾਂ ਲਈ ਖਾਣ ਪੀਣ ਦਾ ਪ੍ਰਬੰਧ ਉੱਥੇ ਇੱਕ ਪੰਜਾਬੀ ਹਿੰਦੂ ਵੀਰ ਨੇ ਬਹੁਤ ਵਧੀਆ ਤਰੀਕੇ ਨਾਲ ਕੀਤਾ ਸੀ।

ਪ੍ਰੋਗਰਾਮ ਦੇ ਵਿੱਚ ਇੱਕ ਸਵੇਰ ਅਸੀਂ ਆਪਣਾ ਆਪਣਾ, ਸਭ ਨੇ, ਕਿਧਰੇ ਨਾ ਕਿਧਰੇ ਘੁੰਮਣ ਜਾਣਾ ਸੀ। ਮੈਂ ਸੋਚਿਆ ਕਿਉਂ ਨਾ ਸ੍ਰੀਨਗਰ ਦੇ ਸਕੂਲਾਂ ਵਿੱਚ ਘੁੰਮ ਕੇ ਪਤਾ ਕੀਤਾ ਜਾਏ ਕਿ ਕਿੱਥੇ ਕਿੱਥੇ ਪੰਜਾਬੀ ਪੜ੍ਹਾਈ ਜਾਂਦੀ ਹੈ? ਪੰਜਾਬੀ ਬੋਲੀ ਦੀ ਕਿੰਨੀ ਕੁ ਚੜ੍ਹਤ ਹੈ ਇਥੇ? ਮੈਨੂੰ ਇਹ ਦੇਖ ਕੇ ਬਹੁਤ ਖੁਸ਼ੀ ਹੋਈ ਕਿ ਸਾਰੇ ਕਸ਼ਮੀਰੀ ਲੋਕ ਸਾਡੇ ਨਾਲ ਪੰਜਾਬੀ ਵਿੱਚ ਗੱਲ ਕਰ ਰਹੇ ਸਨ! ਕਦੀ ਇਹ ਮਹਿਸੂਸ ਹੀ ਨਹੀਂ ਸੀ ਹੋ ਰਿਹਾ ਕਿ ਇਹ ਸਾਢੇ ਪੰਜ ਸੌ ਸਾਲਾਂ ਤੋਂ ਕਸ਼ਮੀਰ ਵਿੱਚ ਰਹਿ ਰਹੇ ਹਨ। ਇਹਨਾਂ ਨੇ ਕਿਵੇਂ ਬੋਲੀ ਨੂੰ ਸਾਂਭਿਆ ਹੋਇਆ ਹੈ- ਜਿਵੇਂ ਅਸੀਂ ਪੰਜਾਬ ਵਿੱਚ ਹੋਈਏ, ਇੰਝ ਮਹਿਸੂਸ ਹੋ ਰਿਹਾ ਸੀ! ਪੰਜਾਬ ਦੇ ਸਮਾਗਮਾਂ ਨਾਲੋਂ ਵੱਧ ਪੰਜਾਬੀ ਇੱਥੇ ਬੋਲੀ ਜਾ ਰਹੀ ਸੀ।



ਮੈਨੂੰ ਤਿੰਨ ਰਿਟਾਇਰਡ ਕਸ਼ਮੀਰੀ ਸਿੱਖ ਅਫ਼ਸਰ ਮਿਲੇ, ਅਤੇ ਇੱਕ ਡਾਕਟਰ ਸਾਹਿਬ, ਜੋ ਉੱਥੇ ਮੈਡੀਕਲ ਕਾਲਜ ਵਿੱਚ ਮੈਡੀਸਨ ਦੇ ਡਾਕਟਰ ਸਨ। ਏਨੀ ਸੁਹਣੀ ਪੰਜਾਬੀ ਮੈਂ ਪੰਜਾਬ ਦੇ ਸ਼ਹਿਰਾਂ ਵਿੱਚ ਪੰਜਾਬੀਆਂ ਨੂੰ ਬੋਲਦੇ ਨਹੀਂ ਦੇਖਿਆ। ਉਹਨਾਂ ਦੇ ਬੱਚੇ ਵੀ ਪੰਜਾਬੀ ਬੋਲ ਰਹੇ ਸਨ, ਉੱਥੋਂ ਦੀ ਭਾਸ਼ਾ ਦੇ ਨਾਲ ਨਾਲ।

ਟੈਗੋਰ ਹਾਲ ਵਿਖੇ ਪ੍ਰੋਗਰਾਮ ਦੇ ਪਹਿਲੇ ਦਿਨ, ਮੈਨੂੰ, ਖ਼ਾਲਸਾ ਹਾਇਰ ਸੈਕੰਡਰੀ ਸਕੂਲ, ਸ੍ਰੀਨਗਰ, ਤੋਂ ਆਏ ਕੁਝ ਬੱਚੇ ਅਤੇ ਉਹਨਾਂ ਦੇ ਅਧਿਆਪਕ ਮਿਲੇ। ਬੱਚਿਆਂ ਮੇਰੇ ਨਾਲ ਤਸਵੀਰਾਂ ਖਿਚਵਾਈਆਂ ਅਤੇ ਬਹੁਤ ਖੁਸ਼ ਹੋਏ ਅਤੇ ਪੰਜਾਬੀ ਵਿੱਚ ਹੀ ਅਸੀਂ ਗੱਲਾਂ ਕੀਤੀਆਂ। ਮੈਂ ਉਹਨਾਂ ਨਾਲ ਬੈਠ ਕੇ ਹੀ ਪ੍ਰੋਗਰਾਮ ਦੇਖਿਆ। ਸਿੱਖ ਭਾਈਚਾਰੇ ਵੱਲੋਂ ਚਲਾਏ ਜਾਂਦੇ "ਬਾਣੀ ਚੈਨਲ" ਵਾਲੇ ਸਾਰੇ ਪ੍ਰੋਗਰਾਮ ਦਾ ਲਾਈਵ ਪ੍ਰਸਾਰਨ ਕਰ ਰਹੇ ਸਨ। ਸਕੂਲ ਦੀ ਮੈਨੇਜਮੈਂਟ ਵੱਲੋਂ ਮੈਨੂੰ ਖ਼ਾਲਸਾ ਸਕੂਲ ਦੇਖਣ ਲਈ ਬੁਲਾਇਆ ਗਿਆ।

ਅਗਲੇ ਦਿਨ ਸਵੇਰੇ, ਮੈਂ ਇਲੈਕਟ੍ਰਿਕ ਆਟੋ ਫੜ ਖ਼ਾਲਸਾ ਹਾਇਰ ਸੈਕੰਡਰੀ ਸਕੂਲ ਗਈ। ਉੱਥੇ ਬੱਚਿਆਂ ਨਾਲ ਕੁਝ ਸਮਾਂ ਰਾਬਤਾ ਬਣਾਇਆ, ਉਹਨਾਂ ਨੂੰ ਜਲਵਾਯੂ ਪਰਿਵਰਤਨ ਅਤੇ ਵਾਤਾਵਰਣ ਬਾਰੇ ਜਾਗਰੂਕ ਕੀਤਾ। ਪ੍ਰਿੰਸੀਪਲ ਸ੍ਰੀ ਬੀ ਐਨ ਥਾਪਰ ਜੀ ਨੂੰ ਮਿਲੀ। ਉਹਨਾਂ ਦੱਸਿਆ ਕਿ 1942 ਤੋਂ ਇਹ ਸਕੂਲ ਖੁੱਲ੍ਹੇ ਹੋਏ ਹਨ; ਆਪਣੀ 36 ਸਾਲਾਂ ਦੀ ਨੌਕਰੀ ਤੋਂ ਬਾਅਦ ਹੁਣ ਉਹ ਇਸ ਸਕੂਲ ਦੀ ਸੇਵਾ ਵਿੱਚ ਲੱਗੇ ਹੋਏ ਹਨ। ਪਿੱਛੇ ਜਿਹੇ ਉਹਨਾਂ ਸਕੂਲ ਦੀ ਲਾਇਬਰੇਰੀ ਨੂੰ ਈ-ਲਾਇਬਰੇਰੀ (ਬਿਜਲਈ) ਬਣਾਇਆ ਹੈ (ਓਥੇ ਜਾਏ ਬਿਨਾ ਤੁਸੀਂ ਥੋਂ ਦਾ ਬਹੁਤ ਕੁਝ ਪੜ੍ਹ-ਲੱਭ ਸਕਦੇ ਹੋ- ਸੰ.)। ਸਕੂਲ ਦੇ ਵਿਹੜੇ ਵਿੱਚ ਸ੍ਰੀਨਗਰ ਦੀ ਸ਼ਾਨ, ਚਿਨਾਰ ਦਾ ਰੁੱਖ ਲੱਗਾ ਸੀ ਹਾਲਾਂਕਿ ਉਹ ਅੱਧਾ ਟੁੱਟਾ ਸੀ।

ਖ਼ਾਲਸਾ ਐਜੂਕੇਸ਼ਨ ਸੁਸਾਇਟੀ ਵੱਲੋਂ ਕਸ਼ਮੀਰ ਵਿੱਚ ਦੋ ਸਕੂਲ ਚਲਾਏ ਜਾਂਦੇ ਹਨ ਅਤੇ ਤਿੰਨ ਸਕੂਲ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੀ ਲੜੀ ਦੇ ਹਨ। ਇਹਨਾਂ ਸਕੂਲਾਂ ਵਿੱਚ ਪੰਜਾਬੀ, ਉਰਦੂ, ਕਸ਼ਮੀਰੀ ਅਤੇ ਹਿੰਦੀ ਵਿਸ਼ਾ ਪੜ੍ਹਾਇਆ ਜਾਂਦਾ ਹੈ। ਖ਼ਾਲਸਾ ਸਕੂਲਾਂ ਵਿੱਚ ਸਭ ਰਲ਼ ਮਿਲ਼ ਕੇ ਪੜ੍ਹਦੇ ਹਨ, ਸਿੱਖ ਹਿੰਦੂ, ਮੁਸਲਮਾਨ।

ਸਕੂਲਾਂ ਬਾਰੇ ਜਾਣਕਾਰੀ

ਸ੍ਰੀਨਗਰ ਦੇ ਤਕਰੀਬਨ 20 ਤੋਂ ਵੱਧ ਪ੍ਰਾਈਵੇਟ ਸਕੂਲਾਂ ਵਿੱਚ ਪਹਿਲੀ ਤੋਂ ਅੱਠਵੀਂ ਜਮਾਤ ਤੱਕ ਪੰਜਾਬੀ ਵਿਸ਼ਾ ਪੜ੍ਹਾਇਆ ਜਾਂਦਾ ਹੈ- 2017 ਤੱਕ ਪਹਿਲੀ ਤੋਂ ਦਸਵੀਂ ਤੱਕ ਪੜ੍ਹਾਇਆ ਜਾਂਦਾ ਸੀ ਪਰ ਹੁਣ ਅੱਠਵੀਂ ਤੱਕ ਹੀ। ਲੱਗੀਆਂ ਹਨ, ਉਹ ਕਸ਼ਮੀਰੀ ਲੋਕਾਂ ਦੀਆਂ ਹੀ ਲਿਖੀਆਂ ਹੋਈਆਂ ਹਨ। ਉਨ੍ਹਾਂ ਵਿੱਚ ਮੈਨੂੰ ਦੋ ਮੁਸਲਮਾਨ

ਭਾਈਚਾਰੇ ਅਤੇ ਦੋ ਪੰਜਾਬੀ ਹਿੰਦੂ ਭਾਈਚਾਰੇ ਨਾਲ ਸੰਬੰਧਤ ਲੇਖਕ ਵੀ ਦਿਖੇ, ਬੜਾ ਚੰਗਾ ਲੱਗਾ ਕਿ ਉਹਨਾਂ ਵੀ ਪੁਰਾਣੇ ਵੇਲਿਆਂ ਵਿੱਚ ਪੰਜਾਬੀ ਜ਼ੁਬਾਨ ਪੜ੍ਹੀ ਹੋਈ ਹੈ।



ਪਾਠਕ੍ਰਮ ਵਿਚ ਕੀ ਕੀ?

ਪਹਿਲੀ ਤੋਂ ਲੈ ਕੇ ਅੱਠਵੀਂ ਤੱਕ ਦੇ ਪਾਠਕ੍ਰਮ ਵਿੱਚ ਸ੍ਰੀ ਹਰਮਿੰਦਰ ਸਾਹਿਬ ਅੰਮ੍ਰਿਤਸਰ ਬਾਰੇ ਜਾਣਕਾਰੀ, ਭਾਈ ਲਾਲੋ ਜੀ ਦੀ ਸਾਖੀ, ਬੰਦਾ ਸਿੰਘ ਬਹਾਦਰ, ਮਹਾਰਾਜਾ ਰਣਜੀਤ ਸਿੰਘ, ਹਰੀ ਸਿੰਘ ਨਲਵਾ, ਸ਼ਹੀਦ ਭਗਤ ਸਿੰਘ, ਰਬਿੰਦਰ ਨਾਥ ਟੈਗੋਰ ਦੀ ਜੀਵਨੀ, ਆਦਿ, ਦਿਖੇ। ਗੁਰੂ ਨਾਨਕ ਦੇਵ ਜੀ ਅਤੇ ਨੁੰਦ ਰਿਸ਼ੀ ਉੱਤੇ ਵੀ ਲੇਖ ਹਨ। ਵਾਤਾਵਰਣ ਅਤੇ ਜੰਮੂ ਕਸ਼ਮੀਰ ਨਾਲ ਸੰਬੰਧਤ ਕਵਿਤਾ ਅਤੇ ਲੇਖ ਦਿਖੇ।

ਇੱਕ ਰਸੂਖ਼ਦਾਰ ਕਸ਼ਮੀਰੀ ਪੰਡਤ ਨੇ ਉੱਥੇ ਡੀਪੀਐਸ ਸਕੂਲ ਖੋਲ੍ਹਿਆ ਹੋਇਆ ਹੈ- ਉੱਥੇ ਵੀ ਕਾਫ਼ੀ ਪੰਜਾਬੀ ਬੱਚੇ ਪੜ੍ਹਦੇ ਹਨ, ਜੋ ਪੰਜਾਬੀ ਵਿਸ਼ਾ ਪੜ੍ਹਨਾ ਤਾਂ ਚਾਹੁੰਦੇ ਹਨ ਪਰ ਉੱਥੇ ਪੰਜਾਬੀ ਨਹੀਂ ਪੜ੍ਹਾਈ ਜਾ ਰਹੀ। ਮੈਨੂੰ ਕੁਝ ਮਾਂ ਪਿਓ ਮਿਲੇ -ਉਹਨਾਂ ਕਿਹਾ ਕਿ ਅਸੀਂ ਉੱਥੇ ਸਾਰੇ ਜਣੇ ਜਾ ਕੇ ਬੜੇ ਸਾਲਾਂ ਤੋਂ ਮੰਗ ਪੱਤਰ ਦੇ ਰਹੇ ਹਾਂ, ਸਾਰੀਆਂ ਸਿੱਖ ਸਭਾਵਾਂ ਅਤੇ ਸਭ ਵੱਲੋਂ ਕਿਹਾ ਹੈ, ਪਰ ਉਹ, ਬੱਚਿਆਂ ਨੂੰ, ਪਹਿਲੀ ਜਮਾਤ ਤੋਂ ਬੱਸ ਕਸ਼ਮੀਰੀ ਹੀ ਪੜ੍ਹਾਅ ਰਹੇ ਹਨ। ਮੈਂ ਜਾਣਕਾਰੀ ਦੇਣ ਵਾਲੇ ਸੱਜਣ ਨੂੰ ਕਿਹਾ ਕਿ ਕੋਈ ਗੱਲ ਨਹੀਂ, ਲੱਗੇ ਰਹੋ, ਕਦੇ ਤਾਂ ਵਿਚਾਰਾਂ ਵਿੱਚ ਸਹਿਮਤੀ ਹੋਵੇਗੀ ਤੇ ਉੱਥੇ ਵੀ ਪੰਜਾਬੀ ਦਾ ਵਿਸ਼ਾ ਪੜ੍ਹਾਇਆ ਜਾਏਗਾ! ਫਿਰ ਉਸ ਦਾ ਜਵਾਬ ਸੀ ਕਿ ਸਿੱਖ ਬੱਚੇ ਗੁਰਦੁਆਰੇ ਵਿੱਚ ਮਿਸ਼ਨਰੀ ਕਾਲਜ ਰਾਹੀਂ ਪੰਜਾਬੀ ਸਿੱਖਦੇ ਹਨ! ਲੁਧਿਆਣਾ ਦਾ "ਸਿੱਖ ਮਿਸ਼ਨਰੀ ਕਾਲਜ" ਉੱਥੇ ਬੱਚਿਆਂ ਨੂੰ ਪੰਜਾਬੀ ਸਿਖਾਉਂਦਾ ਹੈ।

ਇੱਕ ਕਸ਼ਮੀਰੀ ਸਿੱਖ ਪੰਜਾਬੀ ਅਧਿਆਪਕਾ ਨੇ ਮੈਨੂੰ ਦੱਸਿਆ ਕਿ ਸ੍ਰੀਨਗਰ ਦੇ ਦੋ ਕਾਲਜਾਂ- ਵਿਮੈਨ ਕਾਲਜ ਅਤੇ ਅਮਰ ਸਿੰਘ ਕਾਲਜ- ਵਿੱਚ ਬੀਏ ਵਿੱਚ ਪੰਜਾਬੀ ਦਾ ਵਿਸ਼ਾ ਪੜ੍ਹਾਇਆ ਜਾਂਦਾ ਹੈ- ਜੋ ਮੈਨੂੰ ਬਹੁਤ ਹੀ ਮਾਣ ਵਾਲੀ ਗੱਲ ਲੱਗੀ। ਗੌਰਮੈਂਟ ਡਿਗਰੀ ਕਾਲਜ ਤਰਾਲ, ਪੁਲਵਾਮਾ, ਵੀ ਪੰਜਾਬੀ ਦਾ ਵਿਸ਼ਾ ਪੜ੍ਹਾਇਆ ਜਾਂਦਾ ਹੈ।

ਇਹ ਗੱਲ ਹੋਰ ਹੈ ਕਿ ਹੁਣ ਕਸ਼ਮੀਰ ਦੇ ਬੱਚੇ ਵੀ ਬਾਰ੍ਹਵੀਂ ਕਰ ਕੇ ਬਾਹਰਲੇ ਦੇਸ਼ਾਂ ਦਾ ਰੁਖ਼ ਕਰਨ ਲੱਗ ਗਏ ਹਨ। ਸ੍ਰੀਨਗਰ ਤੋਂ ਇਲਾਵਾ ਵਾਦੀ ਦੇ ਦੂਜੇ ਸ਼ਹਿਰਾਂ ਜਿਵੇਂ ਕਿ ਬਦਗਾਮ, ਮੱਤਨ, ਬਾਰਾਮੂਲਾ, ਕੁਪਵਾੜਾ ਵਿਖੇ ਵੀ, ਹਿੰਦੀ ਵਿਸ਼ੇ ਦੇ ਨਾਲ ਨਾਲ, ਪੰਜਾਬੀ ਵਿਸ਼ਾ ਸਿੱਖ ਅਤੇ ਹਿੰਦੂ ਬੱਚਿਆਂ ਵੱਲੋਂ ਪੜ੍ਹਿਆ ਜਾਂਦਾ ਹੈ।

ਉਹੀ ਅਧਿਆਪਕਾ ਕਹਿ ਰਹੀ ਸੀ ਕਿ ਅੱਗੇ ਨਾਲੋਂ ਨਿਯਮ ਬਦਲੇ ਜਾ ਰਹੇ ਹਨ, ਹੁਣ ਗ੍ਰੇਡ ਦੇਣੇ ਸ਼ੁਰੂ ਕਰ ਦਿੱਤੇ ਗਏ ਹਨ। ਉਸ ਅਨੁਸਾਰ ਬੱਚਿਆਂ ਦਾ ਪੇਪਰ ਅੰਕਾਂ ਜਾਂ ਨੰਬਰਾਂ ਵਾਲਾ ਹੋਣਾ ਜ਼ਿਆਦਾ ਲਾਹੇਵੰਦ ਹੁੰਦਾ ਹੈ- ਪੰਜਾਬੀ ਵਿਸ਼ੇ ਦੇ ਪਾੜ੍ਹੇ ਲਈ।

ਇੱਕ ਗੱਲ ਮੈਂ ਮਹਿਸੂਸ ਕੀਤੀ ਕਿ - *ਕਸ਼ਮੀਰੀ ਸਿੱਖਾਂ ਨੇ ਆਪਣੀ ਮਾਂ ਬੋਲੀ ਪੰਜਾਬੀ ਨੂੰ ਬਚਾਉਣ ਲਈ ਸੰਘਰਸ਼ ਕੀਤਾ ਹੈ।* ਸਲਾਮ ਹੈ ਉਹਨਾਂ ਦੀ ਸੋਚ ਨੂੰ। ਗੁਰਮੁਖੀ ਲਈ ਉਹਨਾਂ ਦੇ ਪਿਆਰ ਕਰਕੇ, ਗੁਰਦੁਆਰਾ ਸਾਹਿਬ ਵਿਖੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਤਿੰਨ ਹੱਥ ਲਿਖਤਾਂ ਵੀ ਹਨ।

ਪੰਜਾਬੀ ਪੜ੍ਹਾਉਂਦੇ ਸਕੂਲ-

ਬਾਰਾਮੂਲਾ ਦੇ ਸੇਂਟ ਜੋਜ਼ਫ਼ ਅਤੇ ਗੁਰੂ ਨਾਨਕ ਪਬਲਿਕ ਸਕੂਲ, ਸ੍ਰੀਨਗਰ ਦੇ ਵੁਡਲੈਂਡ ਹਾਈ ਸਕੂਲ, ਟਾਈਨੀ ਹਾਰਟਸ ਸਕੂਲ, ਡੀਏਪੀਪੀ ਗਰਲਜ਼ ਹਾਇਰ ਸੈਕੰ.ਸਕੂਲ, ਬਰਨਹਾਲ ਸਕੂਲ, ਮੈਲੇਸਨ ਗਰਲਜ਼ ਹਾਈ ਸਕੂਲ, ਪ੍ਰੈਜ਼ੈਂਟੇਸ਼ਨ ਹਾਇਰ ਸੈਕੰਡਰੀ ਸਕੂਲ, ਕਸ਼ਮੀਰ ਵੈਲੀ ਸਕੂਲ, ਲਿੰਟਨ ਸਕੂਲ, ਸੈਕਰਡ ਮਿਸ਼ਨ ਸਕੂਲ, ਲੀਡਸ ਇੰਟਰਨੈਸ਼ਨਲ ਸਕੂਲ, ਮੌਡਰਨ ਪਬਲਿਕ ਸਕੂਲ, ਨਿਊ ਈਰਾ ਸਕੂਲ, ਨਿਊ ਕਾਨਵੈਂਟ ਸਕੂਲ, ਇਨੋਸੈਂਟ ਹਾਰਟਸ ਸਕੂਲ, ਆਦਿ..।

ਟਿਨਡੇਲ ਬਿਸਕੋ ਸਕੂਲ -ਜੋ ਅੰਗਰੇਜ਼ੀ ਮਾਧਿਅਮ ਹੈ- ਉੱਥੇ ਦੀਆਂ ਵੀ, ਸਾਰੀਆਂ ਬਰਾਂਚਾਂ ਵਿੱਚ ਹੀ, ਪਹਿਲੀ ਜਮਾਤ ਤੋਂ ਲੈ ਕੇ ਅੱਠਵੀਂ ਜਮਾਤ ਤੱਕ, ਕਸ਼ਮੀਰ ਬੋਰਡ ਵੱਲੋਂ ਛਾਪੀ ਜਾਂਦੀ ਪੰਜਾਬੀ ਦੀ ਕਿਤਾਬ ਰਾਹੀਂ ਪੰਜਾਬੀ ਪੜ੍ਹਾਈ ਜਾਂਦੀ ਹੈ। ਪੰਜਾਬੀ ਸਿੱਖਣ ਵਾਲੇ ਤਕਰੀਬਨ ਸੱਠ ਤੋਂ ਵੱਧ ਬੱਚੇ ਹਨ।

ਅਸਲ ਵਿਚ, ਬੱਚਿਆਂ ਨੇ ਦੋ ਭਾਸ਼ਾਵਾਂ ਪੜ੍ਹਨੀਆਂ ਹੁੰਦੀਆਂ ਹਨ -ਕਸ਼ਮੀਰੀ ਅਤੇ ਉਰਦੂ ਅਤੇ ਜਾਂ ਫਿਰ ਹਿੰਦੀ ਅਤੇ ਪੰਜਾਬੀ। (ਸੋ ਕਸ਼ਮੀਰ ਤੋਂ ਇਲਾਵਾ ਦੂਜੇ ਰਾਜਾਂ ਦੇ ਲੋਕ ਵੀ ਪੰਜਾਬੀ ਪੜ੍ਹਦੇ ਹਨ ਕਿਉਂਕਿ ਇਹ ਹਿੰਦੀ ਦੇ ਜ਼ਿਆਦਾ ਨੇੜੇ ਹੈ।) ਮੈਂ







ਖ਼ਾਲਸਾ ਹਾਇਰ ਸਕੈਂਡਰੀ ਸਕੂਲ, ਸ੍ਰੀਨਗਰ, ਵਿਖੇ ਇਹੀ ਦੇਖਿਆ।
ਇੱਕ ਹੋਰ ਸਕੂਲ ਹੈ ਲਿੱਦੜ ਖ਼ਾਲਸਾ ਹਾਇਰ ਸਕੈਂਡਰੀ ਸਕੂਲ, ਅਨੰਤਨਾਗ- ਲਿੱਦੜ ਘਾਟੀ ਵਿੱਚ। ਇਸ ਵਿੱਚ ਸਿੱਖਾਂ ਦੇ ਬੱਚੇ ਭਾਵੇਂ ਘੱਟ ਪੜ੍ਹਦੇ ਹਨ, ਅਤੇ, ਦੂਜੇ ਰਾਜਾਂ ਤੋਂ ਇੱਥੇ ਨੌਕਰੀਆਂ ਕਰਨ ਵਾਲਿਆਂ ਦੇ ਬੱਚੇ ਵੀ ਸਕੂਲ ਵਿੱਚ ਪੜ੍ਹਦੇ ਹਨ।
ਇੱਕ ਅਧਿਆਪਕ ਦੇ ਦੱਸਣ ਅਨੁਸਾਰ, ਇਸ ਤੋਂ ਇਲਾਵਾ, ਤਿੰਨ ਸ੍ਰੀ ਗੁਰੂ ਹਰਗੋਬਿੰਦ ਪਬਲਿਕ ਸਕੂਲ ਵੀ ਹਨ।
ਪੰਜਾਬੀ ਦੇ ਵਿਕਾਸ ਲਈ **ਪੰਜਾਬੀ ਵਿੱਚ ਚੈਨਲ** ਵੀ ਚਲਾਇਆ ਜਾਂਦਾ ਹੈ, ਜਿਸ ਵਿੱਚ ਤ੍ਰੈ-ਭਾਸ਼ੀ ਪ੍ਰੋਗਰਾਮ ਵੀ ਹੁੰਦੇ ਹਨ। "ਸ਼ੀਰਾਜਾ" ਨਾਮ ਦਾ ਪੰਜਾਬੀ ਰਸਾਲਾ ਨਿੱਕਲਦਾ ਹੈ, ਜਿਸ ਦੇ ਐਡੀਟਰ ਪੋਪਿੰਦਰ ਸਿੰਘ ਪਾਰਸ ਹਨ। **ਜੰਮੂ ਕਸ਼ਮੀਰ ਅਕੈਡਮੀ ਆਫ਼ ਆਰਟ ਕਲਚਰ ਐਂਡ ਲੈਂਗਵੇਜਿਜ਼** ਵੱਲੋਂ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਬਹੁਤ ਵਧੀਆ ਕੰਮ ਹੋ ਰਿਹਾ ਹੈ। 2-ਮਾਸਿਕ "ਸ਼ੀਰਾਜ਼ਾ" ਅਤੇ "ਪੰਜਾਬੀ ਸਾਹਿਤ ਦਾ ਗੁਲਦਸਤਾ" ਪਿਛਲੇ 60 ਸਾਲਾਂ ਤੋਂ ਲਗਾਤਾਰ ਛਪ ਰਹੇ ਹਨ। ਇਸਦੇ ਨਾਲ ਨਾਲ ਵਰ੍ਹੇ ਵਿਚ ਇਕ ਵਾਰੀ "ਸਾਡਾ ਸਾਹਿਤ ਪੰਜਾਬੀ" ਵੀ ਛਪਦਾ ਆ ਰਿਹਾ ਹੈ। ਕਈ ਵਿਸ਼ੇਸ਼ ਅੰਕ ਅਕੈਡਮੀ ਵਲੋਂ ਛਾਪੇ ਗਏ ਹਨ।
ਜੰਮੂ ਵਿਸ਼ਵਵਿਦਿਆਲਿਆ ਵਿੱਚ ਪੰਜਾਬੀ ਵਿਭਾਗ ਵੀ ਕੰਮ ਕਰ ਰਿਹਾ ਹੈ। ਕਈ ਖੋਜਾਰਥੀ **ਪੀਐਚਡੀ ਖੋਜ ਕਾਰਜ** ਕਰ ਕੇ ਸਾਹਿਤ ਦੇ ਇਤਿਹਾਸ ਵਿਚ ਬਹੁਤ ਵਧੀਆ ਭੂਮਿਕਾ ਨਿਭਾਅ ਰਹੇ ਹਨ। ਕਸ਼ਮੀਰ ਤੋਂ ਇਲਾਵਾ, **ਜੰਮੂ ਦੇ ਕਾਲਜਾਂ ਵਿਚ ਵੀ ਪੰਜਾਬੀ** ਪੜ੍ਹਾਈ ਜਾ ਰਹੀ ਹੈ।
ਕਈ **ਸੰਸਥਾਵਾਂ** ਵੱਲੋਂ ਪੰਜਾਬੀ ਸਾਹਿਤ ਤੇ ਸਭਿਆਚਾਰ ਦੇ ਵਿਕਾਸ ਲਈ ਸਾਰਥਕ ਉਪਰਾਲੇ ਕੀਤੇ ਜਾ ਰਹੇ ਹਨ। **ਰੇਡਿਓ ਜੰਮੂ-ਕਸ਼ਮੀਰ** ਤੋਂ ਵੀ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਦੇ ਵਿਕਾਸ ਲਈ ਸਾਰਥਕ ਉਪਰਾਲੇ ਕੀਤੇ ਜਾ ਰਹੇ ਹਨ।
ਪਿੱਛੇ ਜਿਹੇ ਹੋਈ ਜਨ ਗਣਨਾ ਅਨੁਸਾਰ, ਕਸ਼ਮੀਰ ਵਿੱਚ ਡੇਢ ਲੱਖ ਤੋਂ ਜਿਆਦਾ ਸਿੱਖ ਰਹਿੰਦੇ ਹਨ, ਜਿਨ੍ਹਾਂ ਨੇ ਉੱਥੇ ਆਪਣੀ ਹੋਂਦ ਬਰਕਰਾਰ ਰੱਖੀ ਹੈ। ਫਿਰ ਵੀ ਉਹਨਾਂ ਨੂੰ ਉੱਥੇ ਕਾਫ਼ੀ ਮੁਸ਼ਕਲਾਂ ਪੇਸ਼ ਆ ਰਹੀਆਂ ਹਨ। ਵਾਦੀ ਦੇ ਬਡਗਾਮ, ਬਾਰਾਮੁੱਲਾ, ਕੁਪਵਾੜਾ, ਤਰਾਲ ਤੇ ਅਨੰਤਨਾਗ ਜ਼ਿਲਿਆਂ ਵਿੱਚ ਤਕਰੀਬਨ 136 ਪਿੰਡਾਂ ਵਿੱਚ ਸਿੱਖ ਵਸਦੇ ਹਨ।

ਤਰਾਲ ਦੇ ਪਿੰਡ ਸ਼ਤਰੂਗਨ ਜੋ "ਸਿੱਖਾਂ ਦੇ ਪਿੰਡ" ਦੇ ਨਾਂ ਤੋਂ ਜਾਣਿਆ ਜਾਂਦਾ ਹੈ, 1500 ਸਿੱਖ ਹਨ।

ਇਹ ਸਾਰਾ ਕੁਝ ਪਤਾ ਚੱਲਣ 'ਤੇ ਮੈਨੂੰ ਮਹਿਸੂਸ ਹੋਇਆ ਕਿ ਜਿਵੇਂ ਗੁਰੂ ਸਾਹਿਬ ਦੀ ਮਿਹਰ ਹੀ ਮੈਨੂੰ ਕਸ਼ਮੀਰ ਖਿੱਚ ਲਿਆਈ ਸੀ, ਅਤੇ ਮੈਂ, ਆਪਣੇ ਪੰਜਾਬੀ ਮਾਂ ਬੋਲੀ ਪ੍ਰਤੀ ਜਾਗਰੂਕਤਾ ਅਤੇ ਸੇਵਾ ਦੇ ਮਕਸਦ ਵਿੱਚ, ਸਫ਼ਲ ਹੋਈ।

ਪਟਿਆਲਾ 9878753423

ਰੇਡੀਓ ਦੀਆਂ ਯਾਦਾਂ: ਸੀਜ਼ਨ 2 ਐਪੀਸੋਡ 20

ਸਾਲ ਸੀ ਚੁਰਾਸੀ। ਸ਼ੁਰੂ ਹੀ ਹੋਇਆ ਸੀ ਅਜੇ। ਜਲੰਧਰ ਰੇਡੀਓ ਵਿੱਚ ਸੀ; ਡਿਊਟੀ ਅਫ਼ਸਰ ਬਣ ਗਈ ਸੀ ਪਰ ਲਾਇਬ੍ਰੇਰੀ ਦਾ ਕੰਮ ਵੀ ਮੈਂ ਹੀ ਕਰਦੀ ਸੀ, ਸ਼ਿਫ਼ਟ ਡਿਊਟੀਆਂ ਦੇ ਨਾਲ ਨਾਲ। ਹਿੰਦੀ ਪੰਜਾਬੀ ਦੇ ਅੱਛੇ ਮੈਗਜ਼ੀਨ ਆਉਂਦੇ ਸਨ ਲਾਇਬ੍ਰੇਰੀ ਵਿੱਚ। ਹਿੰਦੀ ਵਿੱਚ ਛਪਦੀ **ਸਾਰਿਕਾ**, ਜਿਸਦੇ ਸੰਪਾਦਕ ਕਮਲੇਸ਼ਵਰ ਵੀ ਰਹੇ, ਦੇ ਇੱਕ ਅੰਕ ਵਿੱਚ ਊਸ਼ਾ ਪ੍ਰਿਯੰਵਦਾ ਦਾ ਪੂਰੇ ਦਾ ਪੂਰਾ ਨਾਵਲ ਛਪਿਆ ਸੀ **ਸ਼ੇਸ਼ ਯਾਤਰਾ**। ਇਹ ਨਾਵਲ ਕਿਤਾਬ ਦੇ ਰੂਪ ਵਿੱਚ ਤਾਂ ਬਹੁਤ ਬਾਅਦ ਵਿੱਚ ਆਇਆ।

ਅੱਜਕੱਲ੍ਹ ਤਾਂ ਭਾਰਤ ਤੋਂ ਪ੍ਰਵਾਸ ਕਰ ਗਿਆਂ ਦੀ ਜ਼ਿੰਦਗੀ ਬਾਰੇ ਹਿੰਦੀ, ਪੰਜਾਬੀ ਸਾਹਿਤ ਭਰਿਆ ਪਿਆ ਹੈ- ਉਨ੍ਹਾਂ ਦਿਨਾਂ ਵਿੱਚ ਪ੍ਰਵਾਸੀ ਭਾਰਤੀਆਂ ਬਾਰੇ ਲਿਖਣਾ ਅਜੇ ਫ਼ੈਸ਼ਨ ਨਹੀਂ ਬਣਿਆ ਸੀ। ਨਾਵਲ ਬਹੁਤ ਵਧੀਆ ਹੈ, ਅੱਜ ਵੀ ਮੇਰੀ ਲਾਇਬ੍ਰੇਰੀ ਵਿੱਚ ਇਸਦਾ ਨਵਾਂ ਐਡੀਸ਼ਨ ਹੈ।

ਇਹ ਗੱਲ ਇਸ ਲਈ ਵੀ ਯਾਦ ਆਈ ਕਿ ਪੜ੍ਹ ਵੀ ਰਹੀ ਹਾਂ ਅੱਜਕੱਲ੍ਹ- ਪੜ੍ਹਦੇ ਪੜ੍ਹਦੇ ਇੱਕ ਪਾਸੇ ਰੱਖ ਕੇ, ਕਿਤਾਬ, ਕਾਲਮ ਲਿਖਣ ਬੈਠ ਗਈ ਹਾਂ। ਏਨੀ ਵਾਰ ਪੜ੍ਹ ਚੁੱਕੀ ਹਾਂ ਕਿ ਡਾਇਲੌਗ ਤੱਕ ਯਾਦ ਹਨ ਇਸਦੇ। ਏਨਾ ਭਾਵਪੂਰਨ ਲੇਖਨ ਹੈ ਪ੍ਰਿਯੰਵਦਾ ਜੀ ਦਾ ਕਿ ਇਸ ਤੋਂ ਵਧੀਆ ਕਿਰਤ ਅਜੇ ਤੱਕ ਤਾਂ ਪ੍ਰਵਾਸੀ ਭਾਰਤੀਆਂ ਬਾਰੇ ਮੇਰੀ ਨਜ਼ਰ ਵਿੱਚੋਂ ਨਹੀਂ ਗੁਜ਼ਰੀ।

ਕਿੰਨੇ ਅੱਛੇ ਅੱਛੇ ਮੈਗਜ਼ੀਨ ਬੰਦ ਹੋ ਗਏ ਹਨ! **ਇਲਸਟਰੇਟਿਡ ਵੀਕਲੀ, ਧਰਮਯੁਗ, ਸਾਰਿਕਾ, ਕਹਾਣੀ, ਆਰਸੀ, ਨਾਗਮਣੀ**। ਇਹ ਸਾਰੇ ਉਸ ਵੇਲੇ ਜ਼ਿੰਦਗੀ ਦਾ ਹਿੱਸਾ ਹੁੰਦੇ ਸਨ। ਕੁਝ **ਪ੍ਰੀਤਲੜੀ**, **ਅੱਖਰ** ਵਰਗੇ ਹਿੰਮਤ ਨਾਲ ਤੁਰੀ ਜਾ ਰਹੇ ਹਨ।

ਲਾਇਬ੍ਰੇਰੀਅਨ ਹੋਣ ਦਾ ਪੂਰਾ ਫ਼ਾਇਦਾ ਉਠਾਉਂਦੇ ਹੋਏ, ਸਾਰੇ ਮੈਗਜ਼ੀਨ, ਆਪ ਹੀ ਪੜ੍ਹਦੀ ਰਹੀ ਹਾਂ, ਸਭ ਤੋਂ ਪਹਿਲਾਂ। ਬਾਅਦ ਵਿੱਚ, ਪ੍ਰਮੋਸ਼ਨਾਂ ਤੋਂ ਬਾਅਦ, ਲਾਇਬ੍ਰੇਰੀ ਇੰਚਾਰਜ ਰਹੀ ਰਿਟਾਇਰਮੈਂਟ ਤੱਕ, ਹਰ ਸਟੇਸ਼ਨ 'ਤੇ। ਪੜ੍ਹਨ ਲਿਖਣ ਦਾ ਸਿਲਸਿਲਾ ਬਣਿਆ ਰਿਹਾ। ਹੁਣ ਆਪਣੀ ਲਾਇਬ੍ਰੇਰੀ ਹੈ, ਛੋਟੀ ਜਿਹੀ।

ਰੇਡੀਓ ਵਿੱਚ ਕੰਮ ਕਰਨ ਵਾਲਿਆਂ ਦਾ ਵਾਹ ਵਾਸਤਾ ਪੜ੍ਹਨ ਲਿਖਣ ਦੇ ਨਾਲ ਨਾਲ ਸਾਹਿਤਕਾਰਾਂ ਨਾਲ ਪੈਣਾ ਸੁਭਾਵਕ ਹੀ ਹੈ। ਤੇ ਮੈਨੂੰ ਇਸ ਅਦਾਰੇ ਨਾਲ ਜੁੜਨ ਦਾ ਸਭ ਤੋਂ ਵਧੀਆ ਪੱਖ ਇਹੀ ਲੱਗਦਾ ਰਿਹਾ, ਹਮੇਸ਼ਾ। ਦੂਜਾ ਵਧੀਆ ਪੱਖ ਲੱਗਾ ਅੱਖਾਂ ਵਿੱਚ ਸੁਫ਼ਨੇ ਭਰੀ ਮਿਲਣ ਆਏ ਉਹ ਲੋਕ ਜਿਹੜੇ ਤੁਹਾਨੂੰ ਮੁਸਕਰਾਉਣ ਦਾ ਬਹਾਨਾ ਦਿੰਦੇ ਹਨ। ਕਿਸੇ ਲਈ ਕੁਝ ਕਰ ਕੇ ਜਿਹੜੀ ਖ਼ੁਸ਼ੀ ਤੁਸੀਂ ਮਹਿਸੂਸ ਕਰਦੇ ਹੋ, ਉਹਨੂੰ ਬਿਆਨ ਕਰਨਾ ਗੂੰਗੇ ਦੇ ਗੁੜ ਖਾਣ ਬਾਰੇ ਦੱਸਣ ਵਾਂਗੂੰ ਹੀ ਹੈ।

ਸ਼ਿਮਲਾ ਦੇ ਮੌਸਮ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ਕਦੋਂ ਕਿਸ ਤਰ੍ਹਾਂ ਦਾ ਹੋ ਜਾਵੇਗਾ। ਇੱਕ ਵਾਰ, ਆਪਣੇ ਵੱਲੋਂ ਤਾਂ ਮੈਂ ਠੀਕ ਵਕਤ ਦੇਖ ਕੇ ਹੀ ਨਵੇਂ ਅਨਾਊਂਸਰਾਂ ਲਈ ਲਿਖਤੀ ਇਮਤਿਹਾਨ ਰੱਖਿਆ ਸੀ, ਪਰ ਸੌ ਦੇ ਕਰੀਬ ਬੱਚੇ ਜਦੋਂ ਇਮਤਿਹਾਨ ਲਈ ਪਹੁੰਚੇ, ਤਾਪਮਾਨ ਏਨਾ ਗਿਰ ਗਿਆ ਸੀ ਕਿ ਉਹ ਕੰਬ ਰਹੇ ਸਨ। ਜਿੰਨੇ ਹੀਟਰ ਲਗਵਆ ਸਕਦੀ ਸੀ ਹਾਲ ਵਿੱਚ ਲਗਵਾਅ ਦਿੱਤੇ। ਬੱਚਿਆਂ ਦੇ ਮੁਰਝਾਏ ਜਿਹੇ ਮੂੰਹ ਦੇਖ ਅੱਛਾ ਨਹੀਂ ਸੀ ਲੱਗ ਰਿਹਾ। ਸਰਕਾਰੀ ਤੌਰ 'ਤੇ ਚਾਹ ਵਗੈਰਾ ਦਾ ਕੋਈ ਇੰਤਜ਼ਾਮ ਨਹੀਂ ਸੀ ਪਰ ਮੈਂ ਆਪਣੇ ਵੱਲੋਂ ਤਾਂ ਪਿਆ ਹੀ ਸਕਦੀ ਸੀ, ਸੋ ਕੈਂਟੀਨ ਵਾਲੇ ਨੂੰ ਚਾਹ ਬਨਾਉਣ ਲਈ ਕਿਹਾ ਤੇ ਹਾਲ ਵਿੱਚ ਬੈਠਿਆਂ ਨੂੰ ਕਵੱਸਚਨ ਪੇਪਰ ਤੋਂ ਪਹਿਲਾਂ ਚਾਹ ਦਾ ਗਰਮ ਗਰਮ ਕੱਪ ਮਿਲਿਆ! ਬੱਚਿਆਂ ਨੂੰ ਅੱਜ ਤੱਕ ਉਹ ਚਾਹ ਨਹੀਂ ਭੁੱਲੀ ਤੇ ਨਾ ਹੀ ਚਾਹ ਪਿਆਉਣ ਵਾਲੀ।

ਜਲੰਧਰ ਰੇਡੀਓ ਦੇ ਇੱਕ ਕਲਾਕਾਰ ਦੀ ਅਨੋਖੀ ਕਹਾਣੀ ਵੀ ਸੁਣ ਹੀ ਲਓ। ਕਾਂਟਰੈਕਟ ਮੇਰੇ ਸਾਹਮਣੇ ਕਰ, ਪੁੱਛ ਰਿਹਾ ਸੀ- ਇਹ ਪੈਸੇ ਕਿੱਥੇ ਜਮ੍ਹਾਂ ਕਰਵਾਉਣੇ ਹਨ? ਮੈਂ ਕਾਂਟਰੈਕਟ 'ਤੇ ਨਜ਼ਰ ਮਾਰਦਿਆਂ ਉਹਦੇ ਮੂੰਹ ਵੱਲ ਦੇਖਿਆ। ਛੋਟਾ ਜਿਹਾ ਮੁੰਡਾ, ਕੁੜਤੇ ਪਜਾਮੇ 'ਚ, ਪੈਰੀਂ ਚੱਪਲਾਂ, ਹੱਥ ਵਿੱਚ ਸੰਭਾਲ ਕੇ ਫੜੀ ਤੂੰਬੀ, "ਤੂੰ ਗਿਆਰਾਂ ਵਜੇ ਆਉਣਾ ਸੀ ਨਾ?"

"ਹਾਂ ਜੀ, ਫ਼ਰੀਦਕੋਟੋਂ ਆਉਣਾ ਸੀ ਨਾ, ਲੇਟ ਹੋ ਗਿਆ।" ਮੈਂ ਉਹਨੂੰ ਬੈਠਣ ਦਾ ਇਸ਼ਾਰਾ ਕਰ ਬੈੱਲ ਵਜਾਈ ਤਾਂ ਕਿ ਚਪੜਾਸੀ ਨੂੰ ਚਾਹ ਲਿਆਉਣ ਲਈ ਕਹਿ ਸਕਾਂ। ਲੰਚ ਟਾਈਮ ਵਿੱਚ ਕਿਉਂ ਸੁਨਣੀ ਸੀ ਕਿਸੇ ਨੇ ਘੰਟੀ?! ਆਪ ਉੱਠ ਕੇ ਚਾਹ ਵਾਲੇ ਨੂੰ ਕਹਿ ਕੇ ਆਈ ਤੇ ਇਸ ਕਲਾਕਾਰ ਮੁੰਡੇ ਨੂੰ ਕਿਹਾ, "ਕਾਂਟਰੈਕਟ 'ਤੇ ਸਾਈਨ ਕਰ"। "ਪੈਸੇ ਕਿੱਥੇ ਜਮ੍ਹਾਂ ਕਰਵਾਉਣੇ?" ਉਸ ਦੁਬਾਰਾ ਪੁੱਛਿਆ। ਮੇਰਾ ਹਾਸਾ ਨਿੱਕਲ ਗਿਆ।

"ਪੈਸੇ, ਭਰਾ, ਤੂੰ ਦੇਣੇ ਨਹੀਂ, ਮਿਲਣੇ ਨੇ ਤੈਨੂੰ, ਰੇਡੀਓ ਵੱਲੋਂ।"

ਮੁੰਡੇ ਦਾ ਮੂੰਹ ਖਿੜ ਗਿਆ। ਮੈਨੂੰ ਲੱਗਦਾ ਹੈ ਤੁਸੀਂ ਪਛਾਣ ਲਿਆ ਹੋਵੇਗਾ ਮੁੰਡੇ ਨੂੰ, ਹੁਣ ਤੱਕ ਤਾਂ- "ਨਿੰਦਰ ਘੁਗਿਆਣਵੀ" – ਸਾਹਿਤਕਾਰ, ਕਲਾਕਾਰ ਤੇ ਬਹੁਤ ਪਿਆਰਾ ਇਨਸਾਨ।

ਭੁੱਲ ਦੀ ਸੋਧ: ਇਸ ਲੇਖ ਲੜੀ ਵਿਚ ਜੁਲਾਈ (18) ਦੇ ਸਿਰਲੇਖ ਦਾ ਇੱਕ ਹਿੱਸਾ ਮੁੜ ਅਗਸਤ (19) ਵਿਚ ਛਪ ਗਿਆ ਸੀ- ਗਲਤੀ ਲਈ ਖਿਮਾ ਦੇ ਜਾਚਕ ਹਾਂ -ਸੰ.)

ਉਹ ਜਿਉਂਦੀ ਹੈ.... -24

ਡਾ. ਉਮਾ ਤ੍ਰਿਲੋਕ

ਨਵੀਂ ਅੰਗ੍ਰੇਜ਼ੀ ਦੀ ਕਿਤਾਬ

ਉਹ ਦਿਨ, ਰਾਤਾਂ, ਮਹੀਨੇ, ਸਾਲ ਜੋ ਇਮਰੋਜ਼ ਨੇ ਅੰਮ੍ਰਿਤਾ ਨਾਲ ਬਿਤਾਏ, ਉਹ ਉਸ ਦੀਆਂ ਕਵਿਤਾਵਾਂ ਰਾਹੀਂ ਵਹਿ ਵਹਿ ਵਾਪਸ ਆ ਰਹੇ ਹਨ।

ਉਸ ਨਾਲ ਜੀਵੀ ਜਾਣ ਲਈ ਹੀ ਤਾਂ ਉਨ੍ਹਾਂ ਦਾ ਕਹਿਣਾ ਹੈ,
"ਮੈਨੂੰ ਜਿਊਣਾ ਪੈਣਾ ਹੈ, ਕਿਉਂਕਿ ਜ਼ਿੰਦਗੀ ਹੀ ਤਾਂ ਮੈਨੂੰ ਉਸਦੇ ਸਾਥ ਵਿਚ ਹੋਣ ਦਾ ਮੌਕਾ ਦਿੰਦੀ ਹੈ।"

ਉਹ ਅਕਸਰ ਕਹਿੰਦੇ ਹਨ,
"ਅੱਜ ਦਾ ਹੁਣ ਮੌਕਾ ਦਿੰਦਾ ਹੈ ਮੈਨੂੰ ਉਹ ਪਲ ਜਿਊਣ, ਮੁੜ ਮੁੜ ਜਿਊਣ, ਸਿਰਜਣ ਅਤੇ ਮੁੜ ਮੁੜ ਸਿਰਜਣ ਦਾ ਜੋ ਮੈਂ ਉਸ ਨਾਲ ਬਿਤਾਏ ਅਤੇ ਅੱਜ ਵੀ ਬਿਤਾਅ ਰਿਹਾ ਹਾਂ।"

ਆਪਣੀ ਚੁਰਾਸੀ ਸਾਲਾਂ ਦੀ ਜ਼ਿੰਦਗੀ ਵਿਚ, ਅੰਮ੍ਰਿਤਾ ਨੇ ਕਵਿਤਾਵਾਂ ਲਿਖੀਆਂ ਵੀ ਅਤੇ ਕਵਿਤਾ ਵਾਂਗ ਜੀਵੀ ਵੀ।
ਇਮਰੋਜ਼ ਦੇ ਹੱਥ ਫੜ ਉਸ ਆਪਣੀ ਜ਼ਿੰਦਗੀ ਦੇ ਪਰੇਸ਼ਾਨ ਪਾਣੀਆਂ ਨੂੰ ਪਾਰ ਕੀਤਾ...
ਅੱਜ ਉਸਦੇ ਖਾਲੀ ਬਿਸਤਰ 'ਤੇ ਬੈਠਿਆਂ, ਇਮਰੋਜ਼ ਨੂੰ ਲੱਗਦਾ ਹੈ ਕਿ ਅਜੇ ਵੀ ਉਹ ਓਥੇ ਬੈਠੀ ਹੈ ਅਤੇ ਪਿਆਰ ਅਤੇ ਵਿਛੋੜੇ ਬਾਰੇ ਆਪਣੀਆਂ ਕਵਿਤਾਵਾਂ ਲਿਖ ਰਹੀ ਹੈ....

ਕੱਲ੍ਹ ਰਾਤ ਵੀ, ਕੋਈ 2 ਵਜੇ, ਆਮ ਵਾਂਗ ਉਨ੍ਹਾਂ ਦੋ ਕੱਪ ਚਾਹ ਦੇ ਬਣਾਏ ...ਅੰਮ੍ਰਿਤਾ ਨਾਲ ਕਵਿਤਾਵਾਂ ਦੇ ਵਿਸ਼ਿਆਂ ਅਤੇ ਆਪਣੀਆਂ ਪੇਂਟਿੰਗਾਂ ਬਾਰੇ ਚਰਚਾ ਕਰਨ ਲਈ!

ਉਨ੍ਹਾਂ ਦੇ ਘਰ ਦੀਆਂ ਪੌੜੀਆਂ ਉੱਤਰਦੀ, ਮੈਂ ਸੋਚੀਂ ਪਈ ਸੀ, ਕਿ ਕੀ ਇਹ ਸਹੀ ਹੈ, ਬੀਤੇ ਵਿਚ ਰਹੀ ਜਾਣਾ, ਜਿਸਦੀ ਕਿ ਹੁਣ ਹੋਂਦ ਨਹੀਂ ਹੈ, ਭਾਵੇਂ ਇਸ ਤੋਂ ਤੁਹਾਨੂੰ ਖੁਸ਼ੀ ਮਿਲ ਰਹੀ ਹੋਏ- ਅਤੇ ਅਸਲੀਅਤ ਦੇ ਡਾਢੇਪਣ ਦਾ ਮੁਕਾਬਲਾ ਕਰਨ ਲਈ ਇੱਕ ਲਗਾਤਾਰੀ?

25

ਇੱਕ ਵਾਰ ਮੈਂ ਇਮਰੋਜ਼ ਤੋਂ ਪੁੱਛਿਆ, ਉਹ ਕੀ ਹੈ ਜੋ ਤੁਹਾਡੇ ਰਿਸ਼ਤੇ ਨੂੰ ਏਨਾ ਮਿੱਠਾ ਅਤੇ ਤੀਬਰ ਬਣਾਉਂਦਾ ਹੈ?

ਉਹ ਮੁਸਕਰਾਏ ਅਤੇ ਕਿਹਾ,
ਵਿਸ਼ਵਾਸ ਦੇ
ਅਧਾਰ 'ਤੇ
ਤੇ ਯਕੀਨ ਦੇ
ਰੰਗਾਂ ਨਾਲ
ਇਹ ਪੇਂਟਿੰਗ ਬਣ ਗਈ

ਮਹਿੰਦੀ ਦੇ ਰੰਗਾਂ
ਗੀਤਾਂ ਦੇ ਰੰਗਾਂ
ਤੇ ਸ਼ਗਨਾਂ ਦੇ ਰੰਗਾਂ
ਨੇ ਰਲ ਕੇ
ਸਾਡੇ ਲਈ ਜ਼ਿੰਦਗੀ ਦਾ ਬੂਹਾ ਖੋਲ੍ਹਿਆ
ਅਸੀਂ ਆਂਦੇ ਜਾਂਦੇ
ਇੱਕ ਦੂਜੇ ਨੂੰ
ਜੀ ਆਇਆਂ ਨੂੰ ਆਖਿਆ।
ਜ਼ਿੰਦਗੀ ਨੇ ਵੀ
ਜੀ ਆਇਆਂ ਨੂੰ ਆਖਿਆ..
...ਤੇ ਜ਼ਿੰਦਗੀ ਨੂੰ ਅਸੀਂ ਵੀ।"

26

ਸਾਝਰਿਆਂ ਵਿਚ ਜਦੋਂ ਪੰਛੀ ਅਜੇ ਊਂਘ ਹੀ ਰਹੇ ਹੁੰਦੇ ਹਨ,
ਜਦੋਂ ਹਵਾ ਵੀ ਅਜੇ ਹੁਣੇ ਹੀ ਉੱਠੀ ਹੁੰਦੀ ਹੈ,
ਜਦੋਂ ਸੱਜਰਾਪਣ ਜਿਊਂਦਾ ਹੁੰਦਾ ਹੈ, ਜਦੋਂ ਇੱਕ ਭਿੰਨੀ ਭਿੰਨੀ ਮਹਿਕ ਤੈਰਦੀ ਉਸਦੇ ਹੋਠਾਂ ਤੱਕ ਅੱਪੜਦੀ ਹੈ, ਇਮਰੋਜ਼ ਅੰਮ੍ਰਿਤਾ ਨਾਲ ਰਾਬਤਾ ਸ਼ੁਰੂ ਕਰਦਾ ਹੈ।

ਉਹ ਸੂਰਜ ਦੀ ਲੋਅ ਆਪਣੇ ਹੱਥਾਂ ਵਿਚ ਫੜ ਉਸ ਵਾਸਤੇ ਇੱਕ ਪ੍ਰੇਮ ਕਵਿਤਾ ਲਿਖਦਾ ਹੈ।
ਇਹ ਹੈ ਉਹ ਉੱਚਾ ਸੁੱਚਾ ਮਹੌਲ ਜਿਸ ਵਿਚ ਇਮਰੋਜ਼ ਅੰਮ੍ਰਿਤਾ ਨਾਲ ਵਸਦਾ ਹੈ।

"ਓਸ ਅੰਮ੍ਰਿਤਾ ਨਾਲ ਜੋ ਹੁਣ ਨਹੀਂ ਰਹੀ।"

ਕਈ ਵਾਰ ਉਹ ਅੰਮ੍ਰਿਤਾ ਦੀ ਇਕੱਲੀਕਾਰੀ ਜ਼ਿੰਦਗੀ ਬਾਰੇ ਗੱਲ ਕਰਦੇ ਹਨ। ਉਨ੍ਹਾਂ ਨੂੰ ਉਸਦੀ ਉਦਾਸੀ ਚੇਤੇ ਆਉਂਦੀ ਹੈ ਜਿਸ ਨੇ ਉਸ ਦੀ ਜ਼ਿੰਦਗੀ ਉੱਤੇ, ਉਸਦੇ ਕੰਮ ਅਤੇ ਉਸਦੇ ਸਮਿਆਂ ਉੱਤੇ ਅਸਰ ਪਾਇਆ।

ਉਹ ਦਰਦ ਅਤੇ ਕਿਸੇ ਦੀ ਹਾਲਤ ਲਈ ਤਰਸ-ਪਿਆਰ ਦੀ ਤੀਬਰਤਾ, ਜੋ ਉਸਦੇ ਲਿਖੇ ਵਿਚ ਏਨੀ ਸਾਫ਼ ਸਾਫ਼ ਨਜ਼ਰ ਆਉਂਦੀ ਹੈ, ਉਸਦੀ ਆਪਣੀ ਜ਼ਿੰਦਗੀ ਵਿਚੋਂ ਆਏ ਲੱਗਦੇ ਹਨ।

ਅੰਮ੍ਰਿਤਾ ਦੇ ਮਸ਼ਹੂਰ ਨਾਵਲ, ਡਾ. ਦੇਵ, ਵਿਚ ਏਨੀ ਤਾਂਘ

ਉਹ ਜਿਊਂਦੀ ਹੈ.... -24

ਅਤੇ ਪਿਆਸ-ਉਡੀਕ ਸੀ ਕਿ ਇਹ ਕਹਾਣੀ, ਕਿਸੇ ਆਦਰਸ਼ ਮਰਦ ਬਾਰੇ ਜੋ ਉਹ ਆਪ ਮਹਿਸੂਸ ਕਰਦੀ ਸੀ, ਉਸੇ ਦੀ ਤਸਵੀਰਕਸ਼ੀ ਲੱਗਦੀ ਸੀ।

ਦਿਲਚਸਪ ਹੈ ਕਿ ਡਾ. ਦੇਵ ਦੇ ਛਪਣ ਦੇ ਛੇਤੀ ਹੀ ਬਾਅਦ, ਟੈਲੀਫ਼ੋਨ ਦੀ ਘੰਟੀ ਵੱਜੀ।
ਜਦੋਂ ਅੰਮ੍ਰਿਤਾ ਨੇ ਫ਼ੋਨ ਚੁੱਕਿਆ ਤਾਂ ਫ਼ੋਨ ਕਰਨ ਵਾਲਾ ਕਹਿੰਦਾ,
"ਮੈਂ ਤੇਰਾ ਡਾ. ਦੇਵ ਬੋਲ ਰਿਹਾਂ।"
ਕੱਚੀ ਜਿਹੀ ਹੋ, ਉਸ ਝੱਟ ਫ਼ੋਨ ਰੱਖ ਦਿੱਤਾ।

ਕੁਝ ਦਿਨਾਂ ਬਾਅਦ, ਜਦੋਂ ਇਮਰੋਜ਼ ਉਸਨੂੰ ਮਿਲਣ ਆਏ, ਉਸ ਨੇ ਉਨ੍ਹਾਂ ਨੂੰ ਕਿਹਾ,
"ਲੋਕ ਮੇਰੇ ਨਾਲ ਸ਼ਰਾਰਤਾਂ ਕਰਦੇ ਹਨ।
ਪਤਾ ਹੈ, ਇੱਕ ਫ਼ੋਨ ਕਰਨ ਵਾਲਾ ਕਹਿੰਦਾ ਕਿ ਉਹ ਮੇਰਾ ਡਾ. ਦੇਵ ਹੈ।"

ਇਮਰੋਜ਼ ਹੱਸ ਪਏ ਪਰ ਉਸਨੂੰ ਇਹ ਨਹੀਂ ਦੱਸਿਆ ਕਿ ਉਹ ਆਪ ਹੀ ਸਨ ਇਹ ਫ਼ੋਨ ਕਰਨ ਵਾਲੇ।

ਇਮਰੋਜ਼ ਕਹਿਣ ਨੂੰ ਵੀ ਅਤੇ ਸਚਮੁਚ ਵੀ ਉਸ ਦਾ ਦੇਵ ਬਣਨਾ ਚਾਹੁੰਦੇ ਸਨ।

ਜਦੋਂ ਉਹ ਉਸਦੀ ਜ਼ਿੰਦਗੀ ਵਿਚ ਆ ਗਏ, ਉਸ ਕਿਹਾ ਸੀ

"ਤੂੰ ਤਾਂ ਮੇਰੇ ਤਖ਼ੱਯਲ* ਤੋਂ ਵੀ ਵਧ ਕੇ ਹੈਂ"

* ਖ਼ਿਆਲੋ ਗਏ

...ਸ਼ਾਇਦ ਉਸਦਾ ਮਤਲਬ ਡਾ. ਦੇਵ ਤੋਂ ਸੀ।

ਉਨ੍ਹਾਂ ਅੱਗੇ ਕਿਹਾ,

"ਸਾਰੀ ਖ਼ੂਬਸੂਰਤੀ, ਸਾਰੀ ਸ਼ਾਇਰੀ,
ਤੇ ਸਾਰੇ ਰੰਗ
ਜ਼ਿੰਦਗੀ, ਜ਼ਿੰਦਗੀ ਤੋਂ ਵਧ ਕੇ।"

(ਤੂੰ ਹੈਂ- ਸੰ.)

ਇਮਰੋਜ਼ ਕਈ ਵਾਰ ਆਪਣੀ ਖ਼ੁਸ਼ੀ ਪ੍ਰਗਟਾਉਂਦੇ ਹਨ, ਜਦੋਂ ਕਹਿ ਰਹੇ ਹੁੰਦੇ ਹਨ,

"ਮੇਰੇ ਨਾਲ ਉਹ ਭਰਪੂਰ ਸੀ ਪਰ ਸਾਹਿਰ ਨਾਲ ਬੇਚੈਨ ਰਹਿੰਦੀ।"

ਉਹ ਅਕਸਰ ਇਹ ਵੀ ਕਹਿੰਦੇ ਹਨ

"ਮੇਰੇ ਜਿਸਮ ਤੇ ਮੇਰੀ ਰੂਹ ਦੀ ਤਪਸ਼ ਉਹਨੂੰ ਨਿੱਘ ਦੇਂਦੀ ਰਹੀ ...ਤੜਫ਼ਾਅ ਨਹੀਂ।"

ਉਹ ਅਕਸਰ ਅੰਮ੍ਰਿਤਾ ਦੇ ਸ਼ਬਦ ਚੇਤੇ ਕਰਦੇ ਹਨ,

"ਉਹ ਕਹਿੰਦੀ ਰਹਿੰਦੀ ਹੈ, ਜਦੋਂ ਤੂੰ ਨਾਲ ਹੁੰਨਾ ਹੈਂ ਤੇ ਸਾਰੀਆਂ ਰੰਜਿਸ਼ਾਂ ਭੁੱਲ ਜਾਂਦੀਆਂ ਹਨ।
ਦੁਨੀਆ ਦੀਆਂ ਜ਼ਿਆਦਤੀਆਂ ਵੀ ਮਾਫ਼ ਕਰ ਦਿੰਦੀ ਹਾਂ। ਤੁਝ ਵਿਚ ਕੀ ਹੈ ਮੇਰੇ ਜਾਦੂਗਰ?"

ਆਪਣੀਆਂ ਭਾਵਨਾਵਾਂ ਬਾਰੇ ਉਹ ਕਹਿੰਦੇ ਹਨ,

"ਮੈਨੂੰ ਤਾਂ ਬੱਸ ਇੱਕ ਹੀ ਗੱਲ ਸੁੱਝਦੀ ਹੈ...
ਮੁਹੱਬਤ ਭਰੀ ਨਜ਼ਰ ਨਾਲ ਵੇਖ ਲਵੇ ਕੋਈ,
ਤਾਂ ਸਾਰੀਆਂ ਬੁਰਿਆਈਆਂ ਮਿਟ ਜਾਂਦੀਆਂ ਹਨ...
ਬੱਸ ਖ਼ੂਬਸੂਰਤੀ ਹੀ ਖ਼ੂਬਸੂਰਤੀ ਰਹਿ ਜਾਂਦੀ ਹੈ।"

ਅੰਮ੍ਰਿਤਾ ਬਾਰੇ ਹੀ ਅੱਗੇ ਉਨ੍ਹਾਂ ਕਿਹਾ,

"ਹੋਰ ਫੇਰ ਉਹ ਤਾਂ ਖ਼ੁਦ ਵੀ ਖ਼ੂਬਸੂਰਤੀ ਦਾ ਮੁਜੱਸਮਾ ਹੈ...
ਓਹਦੀ ਤਾਂ ਗੱਲ ਹੀ ਹੋਰ ਹੈ...
ਉਹ ਤਾਂ ਬਿਲਕੁਲ ਹੀ ਮੁਖ਼ਤਲਿਫ਼ ਹੈ,
ਕਿਸੇ ਨਾਲ ਰਲਦੀ ਹੀ ਨਹੀਂ।"

ਅਨੁ: ਪੂਨਮ ਸਿੰਘ

ਆਪਣੇ ਬੰਦੇ

ਬੁਢਲਾਡੇ ਤੋਂ ਮਾਨਸਾ ਜਾਣ ਵਾਲੀ ਬੱਸ ਫਫੜੇ ਭਾਈ ਕੇ ਪਹੁੰਚ ਗਈ। ਸਾਹਮਣੇ ਬੱਸ ਅੱਡੇ 'ਤੇ ਦੋ ਬੈਗ ਅਤੇ ਇੱਕ ਭਾਰੀ ਗਠੜੀ ਚੁੱਕੀ ਖੜ੍ਹੇ ਬਜ਼ੁਰਗ ਅਤੇ ਉਸ ਨਾਲ ਅੱਠ-ਦਸ ਸਾਲ ਦੇ ਬੱਚੇ ਨੂੰ ਵੇਖ ਕੇ ਕਡੰਕਟਰ ਨੇ ਦੂਹਰੀ ਵ੍ਹਿਸਲ ਮਾਰ ਦਿੱਤੀ ਅਤੇ ਨਾਲ ਹੀ ਬੁੜਬੁੜਾਇਆ, "ਲੈ ਚੱਲ-ਲੈ ਚੱਲ, ਕਿੱਥੇ ਚੜ੍ਹਾਵੇਂਗਾ ਇਹਨਾਂ ਨੂੰ! ਸਾਰਾ ਘਰ ਈ ਚੱਕ ਕੇ ਤੁਰ ਪੈਂਦੇ ਨੇ।"
ਬੱਸ ਅਜੇ ਬੱਸ ਅੱਡੇ ਤੋਂ ਲੰਘੀ ਹੀ ਸੀ ਕਿ ਸਾਹਮਣਿਓਂ ਇਕ ਬੰਦਾ ਅਤੇ ਦੋ ਔਰਤਾਂ ਨੂੰ ਬੱਸ ਵੱਲ ਕਾਹਲੀ ਨਾਲ ਭੱਜੇ ਆਉਂਦੇ ਵੇਖ ਕੰਡਕਟਰ ਨੇ ਲੰਬੀ ਵਿਸਲ ਮਾਰ ਦਿੱਤੀ। "ਕਿਉਂ ਹੁਣ ਕੀ ਹੋ ਗਿਆ? ਇਹ ਤਾਂ ਉਂ ਵੀ ਫ੍ਰੀ ਵਾਲੀਆਂ (ਜਨਾਨਾ ਸਵਾਰੀ) ਨੇ।"
ਡਰਾਈਵਰ ਨੇ ਬੱਸ ਹੌਲੀ ਕਰਦਿਆਂ ਕੰਡਕਟਰ ਨੂੰ ਪੁੱਛਿਆ। "ਯਾਰ ਰੋਕ ਲੈ, ਆਪਣੇ ਬੰਦੇ ਐ।" ਇਹ ਕਹਿੰਦਿਆਂ ਕੰਡਕਟਰ ਤਾਕੀ ਖੋਲ੍ਹਣ ਲੱਗ ਗਿਆ।

ਰਵਿੰਦਰ ਫਫੜੇ 9815680980

1. ਤੇਰੇ ਖਿਆਲ...

ਤੇਰੇ ਬਾਰੇ ਸੋਚਦਿਆਂ ਸੋਚਦਿਆਂ
ਵੱਡੇ ਤੜਕੇ ਉੱਠ ਤੁਰ ਪੈਂਦਾ
ਜਾ ਕੇ ਘਰ ਤੋਂ ਕੁਝ ਕਦਮ ਦੂਰ
ਵੇਖਦਾ ਹਾਂ
ਮੀਲਾਂ ਤੀਕ ਪੱਸਰੇ ਖੇਤ,
ਪੈਲ਼ੀਆਂ
ਜਿਨ੍ਹਾਂ ਉੱਤੇ ਵਿਛੀ ਹੋਈ ਹੈ
ਹਰੀ ਚਾਦਰ
ਤੇਰੇ ਕੇਸਾਂ ਵਾਂਗ ਲੰਬੀ ਸੜਕ
ਕਿਨਾਰੇ ਲੱਗੀ ਬਿਰਖਾਂ ਦੀ ਕਤਾਰ,
ਜਿਸ 'ਚੋਂ ਪਾਟਦੀਆਂ ਨੇ ਕੱਚੀਆਂ ਵਾਟਾਂ,
ਪਿੰਡਾਂ ਦੀਆਂ, ਸੱਪ ਦੇ ਵਲ਼ ਵਾਂਗਰਾਂ।
ਕਿਸੇ ਵਿਰਲੇ ਟਾਂਵੇਂ ਖੰਭੇ 'ਤੇ
ਚਿੜੀਆਂ ਦਾ ਆਲ੍ਹਣਾ।
ਧਰਤੀ 'ਚੋਂ ਫੁੱਟ ਕੇ
ਹਵਾ ਨੂੰ ਚੀਰਦੀਆਂ
ਅੰਬਰ ਦਾ ਮੱਥਾ ਚੁੰਮਣ ਲੋਚਦੀਆਂ
ਛੱਲੀਆਂ ਦੇ ਖੇਤ...
ਜਦ ਮੈਂ ਇਹ ਸਭ ਕੁਝ ਵੇਖਦਾਂ
ਤਾਂ ਤੇਰਾ ਖਿਆਲ ਵਿੱਸਰ ਜਾਂਦਾ
ਪਰ ਜਦ ਪਰਤ ਕੇ ਆਉਂਦਾ ਹਾਂ
ਵਾਪਸ, ਘਰ ਵੱਲ,
ਤਾਂ ਬੂਹੇ 'ਤੇ ਬੈਠੇ ਉਡੀਕ ਰਹੇ ਹੁੰਦੇ ਨੇ
ਤੇਰੇ ਖ਼ਿਆਲ।

ਪਰਵਿੰਦਰ ਸਿੰਘ ਕਲਸੀ 95924 19243

ਤਿੰਨ ਸਿਖਿਆਦਾਇਕ ਸ਼ਖ਼ਸੀਅਤਾਂ -1

- 1925-26 ਗੁਰਬਖ਼ਸ਼ ਸਿੰਘ

(ਪਹਿਲੀ ਨੌਕਰੀ, ਬ੍ਰਿਟਿਸ਼ ਰੇਲਵੇ, ਭਾਰਤ ਵਿਚ -ਸੰ.)

ਸਵੇਰੇ ਤਿੰਨ ਕੁ ਵਜੇ ਸਾਡੀ ਗੱਡੀ ਦੋਹਾਦ ਪਹੁੰਚੀ , ਸਾਨੂੰ ਕੋਈ ਅੱਗੋਂ ਲੈਣ ਨਹੀਂ ਸੀ ਆਇਆ। ਉਸਾਰੀ ਦੇ ਨਵੇਂ ਸ਼ੁਰੂ ਹੋਣ ਵਾਲੇ ਕੰਮ ਉਤੇ ਮੇਰੀ ਨੌਕਰੀ ਲੱਗੀ ਸੀ। ਇੱਕ ਅੰਗਰੇਜ਼ ਸਹਾਇਕ ਇੰਜੀਨੀਅਰ ਮੇਰੇ ਨਾਲੋਂ ਪਹਿਲਾਂ ਪਹੁੰਚ ਚੁੱਕਾ ਸੀ ਪਰ ਉਹ "ਅੰਗਰੇਜ਼" ਸੀ।
ਅਸੀਂ ਮੁਸਾਫ਼ਰਖਾਨੇ ਵਿਚ ਟਿਕ ਗਏ। ਸਵੇਰ-ਸਾਰ ਚਲਦੀ ਲਾਈਨ ਦੇ ਇੱਕ ਪੰਜਾਬੀ ਸਿੱਖ ਪਲੇਟੀਅਰ ਨੂੰ ਮੇਰਾ ਪਤਾ ਲੱਗਾ। ਉਹ ਆ ਕੇ ਬੜੇ ਤਪਾਕ ਨਾਲ ਮਿਲੇ, ਤੇ ਬਿਨਾਂ ਬਹੁਤੀ ਕੋਈ ਦਲੀਲ ਦਿੱਤੇ ਜਾਂ ਸੁਣੇ ਉਹ ਸਾਨੂੰ ਆਪਣੇ ਘਰ ਲੈ ਗਏ।
ਬੜੇ ਅਨੋਖੇ ਆਦਮੀ ਸਨ ਇਹ! ਫੁੱਲਾਂ ਖਿੜਿਆ ਬੰਗਲਾ, ਵਿਚ ਵਧੀਆ ਫ਼ਰਨੀਚਰ, ਦੁਆਲੇ ਨੌਕਰਾਂ ਤੇ ਕੰਮਾਂ ਦੀ ਗਹਿਮਾ-ਗਹਿਮ। ਪਰ ਬੰਗਲੇ ਦੇ ਅੰਦਰ ਖੇੜਾ ਕੋਈ ਨਹੀਂ ਸੀ। ਪਤਨੀ, ਧੀਆਂ, ਪੁੱਤਰ ਹੁੰਦਿਆਂ ਵੀ ਕਮਰੇ ਚੁਪ ਸਨ। ਸਾਡੇ ਦਾਖਲੇ ਨੇ ਜ਼ਰੂਰ ਥੋੜਾ ਜਿੰਨਾ ਫ਼ਰਕ ਪਾਇਆ। ਸਰਦਾਰ ਸਾਹਿਬ ਵੀ ਕੁਝ ਚਿਰ ਵਧੇਰੇ ਬੰਗਲੇ ਵਿਚ ਰਹੇ।
"ਘਰ ਵਿਚ ਤਾਂ ਇਹ ਮਸਾਂ ਖਾਣਾ ਖਾਂਦੇ ਜਾਂ ਮਹੀਨੇ ਵਿਚ ਪੰਜ ਸੱਤ ਰਾਤਾਂ ਸੌਂਦੇ ਨੇ, ਨਹੀਂ ਤਾਂ ਜਾਂ ਕੰਮ ਜਾਂ ਦੌਰੇ।" ਪਤਨੀ ਨੇ ਦੱਸਿਆ ।

ਸਾਡੀ ਹੋਂਦ ਵਿਚ ਜਦੋਂ ਕਦੇ ਸਰਦਾਰ ਸਾਹਿਬ ਮੁਸਕਰਾ ਪੈਂਦੇ, ਤਾਂ ਉਨ੍ਹਾਂ ਦੇ ਪਿਛੋਂ ਸਰਦਾਰਨੀ ਕਹਿੰਦੀ-
"ਭਾਗਾਂ ਵਾਲਾ ਏ ਤੁਹਾਡਾ ਸਾਡੇ ਘਰ ਆਉਣਾ- ਹੱਸਣਾ ਤੇ ਮੁਸਕਰਾਉਣ ਦੋ ਚੀਜ਼ਾਂ ਨੇ ਜਿਹੜੀਆਂ ਏਸ ਭਰੇ ਘਰ ਵਿਚ ਢੂੰਡਿਆਂ ਨਹੀਂ ਲੱਭਦੀਆਂ।"

ਬੜਾ ਹੀ ਦਿਲਚਸਪ ਮੁਤਾਲਿਆ (ਸਮਝਣ ਲਈ ਵਿਸ਼ਾ- ਸੰ) ਇਹ ਸਰਦਾਰ ਸਾਹਿਬ ਸਨ। ਸਾਰੀ ਲਾਈਨ ਉਤੇ ਹਰ-ਦਿਲ-ਅਜ਼ੀਜ਼ ਕੁਲੀ ਤੋਂ ਲੈਕੇ ਮੁਖੀ ਇੰਜੀਨੀਅਰ ਤਕ ਉਨ੍ਹਾਂ ਦੀ ਬੜੀ ਇੱਜ਼ਤ ਸੀ। ਪੰਜਾਹ ਵਰ੍ਹੇ ਦੇ ਕਰੀਬ ਉਮਰ ਹੋਵੇਗੀ, ਸੱਤ ਸੌ ਰੁਪਈਆ ਮਹੀਨਾ ਉਨ੍ਹਾਂ ਦੀ ਤਨਖਾਹ ਸੀ।
ਜੀਵਨ-ਜਾਚਾਂ ਖੋਜ ਕੇ ਆਪਣੀ ਜੀਵਨ-ਜਾਚ ਵਿਚ ਕੋਈ ਵਾਧਾ ਕਰਨ ਦਾ ਸ਼ੌਕ ਮੇਰਾ ਪੁਰਾਣਾ ਹੈ। ਏਸ ਸਵਾਲ ਦਾ ਜਵਾਬ ਲੱਭਣ ਲਈ ਮੈਂ ਤੀਬਰ ਹੋ ਗਿਆ ਕਿ ਉਨ੍ਹਾਂ ਦੇ ਘਰ ਵਿਚ ਕਿਉਂ ਕੋਈ ਖੁਸ਼ੀ ਨਹੀਂ। ਕਿਸੇ ਪੁੱਤਰ, ਧੀ, ਪਤਨੀ ਨਾਲ ਉਨ੍ਹਾਂ ਦੇ ਦਿਲ ਦੀ ਕਿਉਂ ਕੋਈ ਸਾਂਝ ਨਹੀਂ ਸੀ। ਸਰਦਾਰ ਸਾਹਿਬ ਦੀ ਗ਼ੈਰ-ਹਾਜ਼ਰੀ ਵਿਚ ਸਾਰੇ ਮਿਲ ਬਹਿੰਦੇ, ਤਾਸ਼ ਵੀ ਖੇਡ ਲੈਂਦੇ, ਪਰ ਸਰਦਾਰ ਸਾਹਿਬ ਨੇ ਫਾਟਕ ਅੰਦਰ ਪੈਰ ਪਾਇਆ ਨਹੀਂ, ਕਿ ਤਾਸ਼ਾਂ ਲੁਕੀਆਂ ਤੇ ਹਾਸੇ ਸੁੰਨ ਹੋਏ ਨਹੀਂ।
ਪਰ ਮੇਰੇ ਉਤੇ ਬੜੇ ਮਿਹਰਬਾਨ ਸਨ। ਉਹ ਮੇਰੇ ਮਾਤਹਿਤ ਨਹੀਂ ਸਨ। ਉਹ ਚਲਦੀ ਲਾਈਨ ਦੇ ਅਤਿ ਵੱਡੇ ਪਲੇਟੀਅਰ ਸਨ ਤੇ ਮੈਂ ਉਸਾਰੀ ਦਾ ਅਤਿ ਛੋਟਾ ਇੰਜੀਨੀਅਰ ਸਾਂ। ਲਾਈਨ ਦੇ ਅਮਲੇ ਨਾਲ ਮੇਰਾ ਕੋਈ ਵਾਸਤਾ ਨਹੀਂ ਸੀ। ਪਰ ਕਿਸੇ ਮਾਤਹਿਤ ਨੇ ਆਪਣੇ ਅਫ਼ਸਰ ਦੀ, ਕਿਸੇ ਸਾਥੀ ਅਫ਼ਸਰ ਨੇ ਆਪਣੇ ਸਾਥੀ ਅਫ਼ਸਰ ਦੀ ਆਓ ਭਗਤ ਏਸ ਤਰ੍ਹਾਂ ਨਹੀਂ ਕੀਤੀ ਹੋਣੀ ਜਿਸ ਤਰ੍ਹਾਂ ਉਨ੍ਹਾਂ ਨੇ ਮੇਰੇ ਵਰਗੇ ਬੇ-ਤਜਰਬਾ ਇੰਜੀਨੀਅਰ ਦੀ ਕੀਤੀ। ਮੇਰੇ ਲਈ ਬੰਗਲਾ ਢੂੰਡਣ ਲਈ ਉਨ੍ਹਾਂ ਦੌਰੇ ਜਾਣਾ ਛੱਡ ਦਿੱਤਾ। ਪਲੰਘ, ਕੁਰਸੀਆਂ, ਮੇਜ਼, ਤਿਪਾਈਆਂ ਤੇ ਕਿੰਨਾ ਹੋਰ ਫ਼ਰਨੀਚਰ ਮੇਰੇ ਨੌਂਗੇ ਦਾ ਅੱਡ ਕਰ ਦਿੱਤਾ।

ਮੇਰਾ ਸਾਥੀ ਅੰਗਰੇਜ਼ ਇੰਜੀਨੀਅਰ ਰੇਲਵੇ ਵਿਸ਼ਰਾਮ-ਘਰ ਵਿਚ ਰਹਿ ਰਿਹਾ ਸੀ। ਉਸ ਨੇ ਆਪਣੇ ਨਾਲ ਆ ਕੇ ਰਹਿਣ ਦੀ ਦਾਅਵਤ ਮੈਨੂੰ ਨਾ ਦਿੱਤੀ, ਸ਼ਾਇਦ ਏਸ ਲਈ ਕਿ ਮੇਰੇ ਨਾਲ ਮੇਰਾ ਪਰਵਾਰ ਸੀ, ਜਾਂ ਮੈਂ ਹਿੰਦੁਸਤਾਨੀ ਸਾਂ। ਪਰ ਇੱਕ ਹਫ਼ਤੇ

"ਮੈਂ ਸਰਦਾਰ ਸਾਹਿਬ ਏਸ ਨਤੀਜੇ ਉਤੇ ਪਹੁੰਚਾ ਹਾਂ ਕਿ ਧਨ ਦਿੱਤਿਆਂ ਧਨ ਮਿਲਦਾ ਹੈ, ਕੰਮ ਦਿੱਤਿਆਂ ਅਹਿਸਾਨ ਮਿਲਦਾ ਹੈ- ਪਰ ਖੁਸ਼ੀ ਲੈਣ ਲਈ ਖੁਸ਼ੀ ਹੀ ਦੇਣੀ ਪੈਂਦੀ ਹੈ-ਖੁਸ਼ੀ ਮੈਂ ਕਿਸੇ ਨੂੰ ਦਿੱਤੀ ਨਹੀਂ ਖੁਸ਼ੀ ਕਿਧਰੋਂ ਮੈਨੂੰ ਮਿਲੀ ਨਹੀਂ-"

ਬਾਅਦ ਉਸ ਨੇ ਮੈਨੂੰ ਇਹ ਸੁਣਾ ਦਿੱਤਾ ਕਿ ਮੁਖੀ ਇੰਜੀਨੀਅਰ ਆ ਰਿਹਾ ਹੈ, ਉਹ ਇੱਕ ਮਾਤਹਿਤ ਦੇ ਬੰਗਲੇ ਵਿਚ ਰਹਿਣਾ ਪਸੰਦ ਨਹੀਂ ਕਰੇਗਾ। ਬੰਗਲੇ ਜਾਂ ਮਕਾਨ ਉਸ ਛੋਟੀ ਥਾਂ ਲੱਭੇ ਜਾਣੇ ਕਿਹੜੇ ਸੁਖਾਲੇ ਸਨ। ਮੈਂ ਪਲੇਟੀਅਰ ਸਾਹਿਬ ਨੂੰ ਆਪਣੇ ਸਾਥੀ ਅਫ਼ਸਰ ਦਾ ਖ਼ਿਆਲ ਦੱਸ ਦਿੱਤਾ।
"ਇਹ ਨਵਾਂ ਆਦਮੀ ਏ ਨਾ- ਇਹ ਮੈਨੂੰ ਅਜੇ ਜਾਣਦਾ ਨਹੀਂ -ਪਰ ਤੁਸੀਂ ਨਿਸ਼ਚਿੰਤ ਰਹੋ- ਕਿਸੇ ਮੜੇ ਮੁਖੀ ਇੰਜੀਨੀਅਰ ਦੀ ਮਜਾਲ ਨਹੀਂ ਕਿ ਏਉਂ ਦੀ ਆਪਣੀ ਸੋਚ ਉਹ ਮੂੰਹੋਂ ਬਾਹਰ ਕੱਢ ਸਕੇ।"
ਤੇ ਏਧਰੋਂ ਉਧਰੋਂ ਮੈਨੂੰ ਪਤਾ ਲੱਗਾ ਕਿ ਉਹ ਮੁਖੀ ਇੰਜੀਨੀਅਰ ਦੇ ਨੰਬਰ ਇਕ ਚਾਹਤੇ ਪਲੇਟੀਅਰ ਸਨ। ਹਰ ਮੁਸ਼ਕਲ ਕੰਮ ਮੁਖੀ ਇੰਜੀਨੀਅਰ ਉਨ੍ਹਾਂ ਨੂੰ ਹੀ ਦੇਂਦਾ ਸੀ, ਤੇ ਕੰਮ ਹਮੇਸ਼ਾ ਅਨੁਮਾਨ ਤੇ ਮਿਆਦ ਦੇ ਅੰਦਰ ਨੇਪਰੇ ਚੜ੍ਹ ਜਾਂਦੇ ਸਨ।

ਤਿੰਨ ਸਿਖਿਆਦਾਇਕ ਸ਼ਖ਼ਸੀਅਤਾਂ-1 1925-26

ਬੜਾ ਚੰਗਾ ਬੰਗਲਾ ਉਨ੍ਹਾਂ ਮੈਨੂੰ ਲੱਭ ਦਿੱਤਾ।
ਤਯਬਜੀ ਸੇਠ ਦਾ ਸ਼ਹਿਰ ਦੇ ਬਾਹਰਵਾਰ, ਸਾਲ ਵਿਚ ਦੋ ਚਾਰ ਮਹੀਨੇ ਰਹਿਣ ਵਾਲਾ ਖ਼ੁਸ਼ੀ-ਘਰ ਸੀ। ਕਿਸੇ ਕਿਰਾਏ ਤੋਂ ਇਹ ਮਿਲ ਨਹੀਂ ਸੀ ਸਕਦਾ, ਪਰ ਪਲੇਟੀਅਰ ਸਰਦਾਰ ਸਾਹਿਬ ਸਟੇਸ਼ਨ ਦਾ ਹੀ ਨਹੀਂ ਉਸ ਸ਼ਹਿਰ ਦਾ ਵੀ ਬੇ-ਤਾਜ ਦੋਸਤ ਸੀ, ਜਿਦ੍ਹੀ ਗੱਲ ਕੋਈ ਮੋੜ ਨਹੀਂ ਸੀ ਸਕਦਾ। ਕਿਉਂਕਿ ਕਿਸੇ ਦੇ ਮੂੰਹੋਂ ਗੱਲ ਨਿਕਲੀ ਨਹੀਂ, ਕਿ ਪੂਰਿਆਂ ਕਰਨ ਦੀ ਮਸ਼ੀਨ ਸਰਦਾਰ ਸਾਹਿਬ ਵੱਲੋਂ ਚਾਲੂ ਹੋਈ ਨਹੀਂ। ਹਰ ਕਿਸੇ ਦੇ ਕੰਮ ਆਉਣ ਦਾ ਖ਼ਬਤ ਉਨ੍ਹਾਂ ਨੂੰ ਸੀ।
ਪਰ ਜਦੋਂ ਇਹ ਵਿਚ ਰੁਝੇ ਨਹੀਂ ਸਨ ਹੁੰਦੇ, ਇਹ ਨਾਖੁਸ਼ ਦਿੱਸਦੇ ਸਨ। ਇਨ੍ਹਾਂ ਘਰ ਵਿੱਚ ਇਕੱਠਿਆਂ ਕਦੇ ਰੋਟੀ ਨਹੀਂ ਸੀ ਖਾਧੀ। ਘਰ ਦਿਆਂ ਨਾਲ ਸਖਤ ਬੋਲਣ ਦੀ ਆਦਤ ਇਨ੍ਹਾਂ ਦੀ ਪੱਕ ਗਈ ਸੀ। ਨਿੱਕਾ ਜਿਹਾ ਕੰਮ ਮਰਜ਼ੀ ਦੇ ਉਲਟ ਹੋਣ ਉਤੇ ਵੀ ਗੱਜ ਗੜ੍ਹਕ ਪੈਂਦੇ ਸਨ। ਪਤਨੀ ਦੇ ਮੂੰਹ ਉਤੇ ਕੋਈ ਰੌਣਕ ਨਹੀਂ ਸੀ। ਵੱਡੇ ਦੋਵੇਂ ਪੁੱਤਰ ਕਾਲਜਾਂ ਵਿਚ ਜਾ ਬੜਾ ਖਰਚ ਕਰ ਰਹੇ ਤੇ ਵਿਚ ਚੰਗੇ ਨਹੀਂ ਸਨ। ਭੈੜੀਆਂ ਆਦਤਾਂ ਦੀ ਕਨਸੋਅ ਵੀ ਆਉਂਦੀ ਸੀ।

ਕੁਝ ਸਮੇਂ ਬਾਅਦ ਮੈਨੂੰ ਜਾਪਿਆ ਕਿ ਮੇਰੇ ਨਾਲ ਉਨ੍ਹਾਂ ਦਾ ਰਿਸ਼ਤਾ ਹੋਰਨਾਂ ਨਾਲੋਂ ਕੁੱਝ ਵੱਖਰਾ ਹੈ। ਹੋਰਨਾਂ ਵਿਚ ਦਿਲਚਸਪੀ ਏਦੂੰ ਬਹੁਤ ਨਹੀਂ ਸੀ ਵਧਦੀ ਕਿ ਉਨ੍ਹਾਂ ਦਾ ਕੰਮ ਕਰ ਕੇ ਉਨ੍ਹਾਂ ਨੂੰ ਉਹ ਆਪਣਾ ਅਹਿਸਾਨਮੰਦ ਜਾਂ ਹੱਦ ਸ਼ੁਭ-ਚਿੰਤਕ ਬਣਾ ਲੈਣ। ਵਿਚੋਂ ਉਹ ਅਭਿੱਜ ਆਤਮਾ ਸਨ। ਕੰਮ ਉਨ੍ਹਾਂ ਦੀ ਲਗਨ ਸੀ, ਆਦਮੀ ਉਨ੍ਹਾਂ ਦੀ ਲਗਨ ਨਹੀਂ ਸਨ। ਪਰ ਮੇਰੇ ਘਰ ਕਦੇ ਉਹ ਬਿਨਾਂ ਕੰਮ ਦੇ ਵੀ ਆ ਜਾਂਦੇ। ਕਦੇ ਮੈਨੂੰ ਜਾਪਦਾ ਕਿ ਹਰ ਕਿਸੇ ਦੀਆਂ ਮੁਸ਼ਕਲਾਂ ਖੋਲ੍ਹਣ ਦਾ ਸ਼ੌਕ ਰੱਖਣ ਵਾਲੇ ਦੇ ਆਪਣੇ ਦਿਲ ਵਿੱਚ ਕੋਈ ਵੱਡੀ ਮੁਸ਼ਕਲ ਸੀ, ਜਿਦ੍ਹੇ ਬਾਰੇ ਗੱਲ ਕਰਨ ਲਈ ਉਹ ਕੋਈ ਮਹਿਰਮ ਢੂੰਡਦੇ ਸਨ।

ਮੇਰੇ ਨਾਲ ਰਵੱਈਏ ਤੋਂ ਮੈਂ ਪੜ੍ਹ ਲਿਆ ਕਿ ਉਨ੍ਹਾਂ ਨੂੰ ਮੈਂ ਵੀ ਅਨੋਖਾ ਹੀ ਦਿੱਸਿਆ ਸਾਂ। ਸ਼ਾਇਦ ਏਸ ਲਈ ਕਿ ਅਮ੍ਰੀਕਾ ਤੋਂ ਆਉਣ ਕਰਕੇ ਮੈਂ ਅਫ਼ਸਰ ਤੇ ਮਾਤਹਿਤ ਵਿਚ ਏਡੀ ਖਾਈ ਚੌੜੀ ਨਹੀਂ ਸਾਂ ਕਰ ਸਕਦਾ ਜੇਡੀ ਹਿੰਦੁਸਤਾਨ ਵਿਚ ਰਿਵਾਜ ਸੀ। ਅਫ਼ਸਰ ਜੇ ਖ਼ੁਦਾ ਨਾ ਸਮਝਿਆ ਜਾਏ ਤਾਂ ਖ਼ਿਆਲ ਸੀ, ਕੋਈ ਕੰਮ ਚਲਦਾ ਹੀ ਨਹੀਂ। ਜਾਂ ਏਸ ਲਈ ਕਿ ਇੱਕ ਹਫ਼ਤੇ ਵਿਚ ਹੀ ਉਨ੍ਹਾਂ ਦਾ ਟੱਬਰ ਮੈਨੂੰ ਆਪਣਾ ਜਾਪਣ ਲੱਗ ਪਿਆ ਸੀ।
ਉਨ੍ਹਾਂ ਦੀਆਂ ਪਿਆਰ-ਭੁੱਖੀਆਂ ਧੀਆਂ ਮੈਨੂੰ ਆਪਣਾ ਵੀਰ ਆਖਣ ਲੱਗ ਪਈਆਂ ਸਨ। ਜਿਹੜੀ ਪ੍ਰੀਤ ਉਹ ਆਪਣੇ ਘਰ ਨੂੰ ਦੇ ਨਹੀਂ ਸਨ ਸਕੇ, ਉਹਦੀ ਕੋਈ ਕਿਰਨ ਅਸਾਂ ਉਸ ਘਰ ਵਿਚ ਕਿਧਰੋਂ ਲਿਆ ਪਾਈ ਸੀ। ਜਾਂ ਸ਼ਾਇਦ ਏਸ ਕਰਕੇ ਕਿ ਮੈਂ ਉਸਾਰੀ ਦੇ ਐਡੇ ਵੱਡੇ ਨਵੇਂ ਕੰਮ ਉਤੇ ਲੱਗੇ ਪਹਿਲੇ ਇੰਜੀਨੀਅਰਾਂ ਵਿਚੋਂ ਸਾਂ। ਤਜਰਬੇਕਾਰ ਲੋਕ ਕਿਆਸ ਕਰ ਰਹੇ ਸਨ ਕਿ ਹੋਰ ਚੌਂਹ ਵਰ੍ਹਿਆਂ ਨੂੰ ਏਸ ਸਾਦੇ ਜਿਹੇ ਬੇ-ਸਾਮਾਨ ਇੰਜੀਨੀਅਰ ਨੇ ਰਾਣੀ-ਖਾਂ ਬਣ ਜਾਣਾ ਹੈ। ਕਰੋੜਾਂ ਦਾ ਕੰਮ ਹੋਣਾ ਹੈ, ਲੱਖਾਂ ਰੁਪਈਆਂ ਦੇ ਮਹੀਨੇ ਵਿਚ ਬਿਲ ਬਣਨਗੇ। ਬੜੇ ਵੱਡੇ ਵੱਡੇ ਸੇਠਾਂ ਠੇਕੇਦਾਰਾਂ ਦੇ ਆਉਣ ਦੀ ਅਵਾਈ ਸੀ। ਪਲੇਟੀਅਰ ਸਾਹਿਬ ਹੈਰਾਨ ਸਨ ਕਿ ਮੈਨੂੰ ਆਪਣੀ ਤਕਦੀਰ ਦਾ ਕੋਈ ਚਿੱਤ-ਚੇਤਾ ਹੀ ਨਹੀਂ ਸੀ। ਮੇਰੀਆਂ ਗਿਣਤੀਆਂ ਵਿਚ ਅਜੇ ਸੋਫ਼ਾ-ਸੈਟ ਤੇ ਸ਼ਿੰਗਾਰ ਮੇਜ਼ ਵੀ ਨਹੀਂ ਸਨ ਆਏ। ਜਾਂ ਸ਼ਾਇਦ ਉਨ੍ਹਾਂ ਨੂੰ ਖ਼ਿਆਲ ਹੋ ਗਿਆ ਸੀ ਕਿ ਮੈਂ ਪਹਿਲਾ ਆਦਮੀ ਸਾਂ ਜਿਸ ਨੇ ਉਨ੍ਹਾਂ ਦੇ ਕੰਮਾਂ ਤੇ ਸਾਜ਼ੋ-ਸਾਮਾਨ ਦੇ ਗੁਲਜ਼ਾਰ ਵਿਚੋਂ ਦਿਲ ਦੀਆਂ ਉਦਾਸੀਆਂ ਦਾ ਪੱਤਝੜ ਤਾੜ ਲਿਆ ਸੀ।

ਇੱਕ ਦਿਨ ਉਹ ਮੇਰੇ ਬੰਗਲੇ ਆਏ। ਉਨ੍ਹਾਂ ਨੂੰ ਆਪਣੇ ਪੁੱਤਰ ਸੰਬੰਧੀ ਕਾਲਜ ਦੇ ਪ੍ਰਿੰਸੀਪਲ ਵੱਲੋਂ ਉਦਾਸ ਕਰਨ ਵਾਲੀ ਚਿੱਠੀ ਆਈ ਸੀ। ਪਹਿਲਾਂ ਉਨ੍ਹਾਂ ਮੇਰੀ ਸਲਾਹ ਮੰਗੀ, ਫੇਰ ਉਹ ਚੁੱਪ ਕਰ ਗਏ। ਕਿੰਨਾ ਚਿਰ ਗੰਭੀਰ ਰਹਿਣ ਪਿੱਛੋਂ ਬੋਲੇ, "ਮੈਂ ਖ਼ੁਸ਼ ਹਾਂ ਕਿ ਸਰਦਾਰ ਸਾਹਿਬ ਤੁਸੀਂ ਇੰਜੀਨੀਅਰਾਂ ਵਰਗੇ ਇੰਜੀਨੀਅਰ ਨਹੀਂ ਹੋ। ਤੁਹਾਨੂੰ ਧਨ ਭਾਵੇਂ ਬਹੁਤਾ ਨਾ ਮਿਲੇ, ਪਰ ਖ਼ੁਸ਼ੀ ਤੁਹਾਨੂੰ ਬਹੁਤ ਸਾਰੀ ਮਿਲੇਗੀ।"

ਉਨ੍ਹਾਂ ਦੇ ਉਸ ਵੇਲੇ ਦੇ ਰੌਂ ਵਿਚ ਮੇਰੇ ਲਈ ਡੂੰਘੀ ਸ਼ੁਭ-ਇੱਛਾ ਤੇ ਆਪਣੇ ਲਈ ਡੂੰਘਾ ਤਰਸ ਸੀ।
"ਜੇ ਮੈਂ ਮੁੜ ਆਪਣਾ ਜੀਵਨ ਜੀਉਂ ਸਕਦਾ ਹੁੰਦਾ ਤਾਂ ਮੈਂ ਤੁਹਾਡੇ ਕੋਲੋਂ ਬੜਾ ਕੁਝ ਸਿਖਦਾ," ਉਹਨਾਂ ਆਪਣੀ ਗੱਲ ਵਧਾਈ।
"ਪਰ ਤੁਸੀਂ ਤਾਂ ਆਪ ਬੜੇ ਕਾਮਯਾਬ ਇੰਜੀਨੀਅਰ ਹੋ- ਮੁਖੀ ਇੰਜੀਨੀਅਰ ਵੀ ਤੁਹਾਡੇ ਮੁਥਾਜ ਜਾਪਦੇ ਹਨ- ਜਿਹੜਾ ਕੰਮ ਕਿਤੇ ਹੁੰਦਾ ਨਹੀਂ ਦਿੱਸਦਾ, ਉਥੇ ਤੁਹਾਨੂੰ ਭੇਜ ਦੇਂਦੇ ਨੇ," ਮੈਂ ਆਖਿਆ ।
"ਇੰਜੀਨੀਅਰ ਕਾਮਯਾਬ ਹਾਂ, ਆਦਮੀ ਕਾਮਯਾਬ ਨਹੀਂ," ਉਨ੍ਹਾਂ ਲੰਮਾ ਸਾਹ ਲੈ ਕੇ ਆਖਿਆ।
"ਕੰਮਾਂ ਦੇ ਪ੍ਰਯੋਜਨ ਮੈਂ ਕਈ ਤੋੜ ਚਾੜ੍ਹੇ, ਘਰ ਵਿਚ ਇੱਕ ਨਿੱਕੀ ਜਿਹੀ ਖ਼ੁਸ਼ੀ ਵੀ ਤੋੜ ਨਹੀਂ ਚਾੜ੍ਹ ਸਕਿਆ। ਜੇ ਤੁਸੀਂ ਏਸ ਵੇਲੇ ਸੁਣਨ ਦਾ ਰੌਂ ਪੈਦਾ ਕਰ ਸਕਦੇ ਹੋ, ਤਾਂ ਟੁੱਟਣ ਦੀ ਹੱਦ ਤਕ ਭਰਿਆ ਹੋਇਆ ਆਪਣਾ ਦਿਲ ਤੁਹਾਡੇ ਨਾਲ ਗੱਲ ਕਰ ਕੇ ਕੁੱਝ ਹੌਲਾ ਕਰਨਾ ਚਾਹੁੰਦਾ ਹਾਂ।"

ਜਿਸ ਅਣਖੀ ਆਦਮੀ ਦੀ ਧੌਣ ਨੇ ਮੁਖੀ ਇੰਜੀਨੀਅਰ ਸਾਹਮਣੇ ਕਦੀ ਖ਼ਮ ਨਹੀਂ ਸੀ ਖਾਧਾ, ਉਹ ਅੱਜ ਕਿਸੇ ਨੂੰ ਆਪਣਾ ਗ਼ਮਖ਼ਾਰ ਬਣਾਣਾ ਤਾਂਘਦਾ ਸੀ। ਆਪਣੇ ਦਿਲ ਦੇ ਸਾਰੇ ਅਦਬ ਨਾਲ ਮੈਂ ਉਨ੍ਹਾਂ ਦੇ ਨੇੜੇ ਹੋ ਬੈਠਾ। ਮੈਂ ਵੇਖਿਆ ਉਨ੍ਹਾਂ ਦੀਆਂ ਅੱਖਾਂ

ਗੁਰਬਖ਼ਸ਼ ਸਿੰਘ

ਵਿੱਚ ਕੋਈ ਡੂੰਘੀ ਹਸਰਤ ਸੀ।
"ਬੜਾ ਕਾਮਯਾਬ ਇੰਜੀਨੀਅਰ ਪਰ ਬਿਲਕੁਲ ਨਾਕਾਮ ਆਦਮੀ- ਮੈਂ ਸਰਦਾਰ ਸਾਹਿਬ ਏਸ ਨਤੀਜੇ ਉਤੇ ਪਹੁੰਚਾ ਹਾਂ ਕਿ ਧਨ ਦਿੱਤਿਆਂ ਧਨ ਮਿਲਦਾ ਹੈ, ਕੰਮ ਦਿੱਤਿਆਂ ਅਹਿਸਾਨ ਮਿਲਦਾ ਹੈ- ਪਰ ਖ਼ੁਸ਼ੀ ਲੈਣ ਲਈ ਖ਼ੁਸ਼ੀ ਹੀ ਦੇਣੀ ਪੈਂਦੀ ਹੈ-ਖ਼ੁਸ਼ੀ ਮੈਂ ਕਿਸੇ ਨੂੰ ਦਿੱਤੀ ਨਹੀਂ ਖ਼ੁਸ਼ੀ ਕਿਧਰੋਂ ਮੈਨੂੰ ਮਿਲੀ ਨਹੀਂ- ਤੇ ਹੁਣ ਜਦੋਂ ਧਨ-ਕਮਾਈ ਵਿਚ ਕੋਈ ਚਾਅ ਰਿਹਾ ਨਹੀਂ, ਦੂਜਿਆਂ ਨੂੰ ਅਹਿਸਾਨਮੰਦ ਰੱਖਣ ਦੀ ਖੇਡ ਵੀ ਫਿੱਕੀ ਹੋ ਗਈ ਹੈ- ਦਿਲ ਕਿਸੇ ਪਾਸਿਓਂ ਆਉਂਦੀ ਖ਼ੁਸ਼ੀ ਨੂੰ ਝਾਕਣ ਲੱਗ ਪਿਐ- ਪਰ ਉਹ ਪਾਸਾ ਕੋਈ ਮੈਂ ਬਣਾਇਆ ਨਹੀਂ- ਮੈਂ ਹੋਰਨੀ ਪਾਸੀਂ ਹੀ ਖਪ ਖਪ ਟੁੱਟਦਾ ਰਿਹਾਂ।"
"ਤੁਸੀਂ ਤਾਂ ਮਾਤਹਿਤ ਹੁੰਦਿਆਂ ਵੀ ਅਫ਼ਸਰਾਂ ਦੇ ਅਫ਼ਸਰ ਸਮਝੇ ਜਾਂਦੇ ਹੋ- ਤੁਹਾਨੂੰ ਏਡਾ ਉਦਾਸ ਵੇਖ ਕੇ ਅੱਜ ਮੈਨੂੰ ਬੜੀ ਹੈਰਾਨੀ ਹੋਈ ਹੈ।" ਮੇਰੇ ਲਹਿਜੇ ਵਿਚ ਉਨ੍ਹਾਂ ਲਈ ਤਰਸ ਦੇ ਨਾਲ ਪ੍ਰਸ਼ੰਸਾ ਵੀ ਸੀ।
"ਅਫ਼ਸਰਾਂ ਦਾ ਅਫ਼ਸਰ ਸਮਝੇ ਜਾਣ ਨੇ ਦਿਲ ਦੀ ਭੁੱਖ ਨਹੀਂ ਮਿਟਾਈ। ਮੈਂ ਕਾਮਯਾਬੀ ਉਤੋਂ ਸਭ ਕੁਝ ਵਾਰ ਦਿੱਤਾ; ਪਤਨੀ, ਸੰਤਾਨ ਤੇ ਘਰ, ਸਭ ਤੋਲ ਸੁੱਟੇ। ਕੰਮਾਂ ਦੇ ਅਨੁਮਾਨ ਲੱਗਦੇ ਨੇ -ਕਿਸੇ ਪ੍ਰਸਿੱਧ ਦਿਆਨਤਦਾਰ ਨੂੰ ਕੰਮ ਸੌਂਪਿਆ ਜਾਂਦਾ ਹੈ -ਡੇਢ ਲੱਖ ਦਾ ਕੰਮ ਦੋ ਲੱਖਾਂ ਵਿਚ, ਤੇ ਦਸਾਂ ਮਹੀਨਿਆਂ ਦਾ ਕੰਮ ਸਵਾ ਸਾਲ ਵਿਚ ਮੁੱਕਦਾ ਹੈ। ਓਡਾ ਹੀ ਕੰਮ ਮੁਖੀ ਇੰਜੀਨੀਅਰ ਮੈਨੂੰ ਦੇਂਦਾ ਹੈ - ਡੇਢ ਦਾ ਸਵਾ ਲੱਖ ਵਿੱਚ ਤੇ ਦਸਾਂ ਦਾ ਛੇਆਂ ਮਹੀਨਿਆਂ ਵਿਚ ਮੁਕਾ ਦੇਂਦਾ ਹਾਂ- ਤੇ ਵਿਚੋਂ ਦਸ ਹਜ਼ਾਰ ਆਪਣੇ ਲਈ ਕੱਢ ਲੈਂਦਾ ਹਾਂ। ਇਹ ਮੁਖੀ ਮਾਖੀ ਐਵੇਂ ਹੀ ਤਾਂ ਮੇਰਾ ਲਿਹਾਜ਼ ਨਹੀਂ ਕਰਦੇ- ਸਭ ਕੁੱਝ ਜਾਣਦੇ ਨੇ- ਸਿਰਫ਼ ਮੇਰੀ ਬਦ-ਦਿਆਨਤੀ ਨੂੰ ਵੀ ਸਸਤਾ ਸੌਦਾ ਮੰਨਣ ਲਈ ਮਜਬੂਰ ਨੇ।"
"ਪਰ ਇਹ ਕਰਾਮਾਤ ਤੁਸੀਂ ਕਰ ਕੀਕਰ ਲੈਂਦੇ ਹੋ? ਜੇ ਦਿਆਨਤਦਾਰੀ ਨਾਲ ਵੀ ਡੇਢ ਲੱਖ ਦੇ ਕੰਮ ਸਵਾ ਲੱਖ ਵਿੱਚ ਮੁੱਕ ਸਕਦੇ ਹਨ, ਤਾਂ ਮੈਨੂੰ ਵੀ ਕੁਝ ਸਿਖਾ ਦਿਓ!" ਮੈਂ ਬੜੀ ਕਦਰ ਕਰਦਿਆਂ ਆਖਿਆ।
"ਦਿਆਨਤਦਾਰ ਅਫ਼ਸਰਾਂ ਨੂੰ ਦਿਆਨਤਦਾਰੀ ਦਾ ਅਭਿਮਾਨ ਚੰਬੜ ਜਾਂਦਾ ਹੈ। ਉਹ ਕੰਮ ਵਿਚ ਜਾਨ ਪਾਣ ਦੀ ਥਾਂ ਹਰੀਸ਼ ਚੰਦਰ ਵਾਂਗ ਸਤਿਵਾਦੀ ਹੋਣ ਵਿਚ ਫੁਲੇ ਨਹੀਂ ਸਮਾਂਦੇ। ਤੇ ਮੈਨੂੰ ਕੰਮ ਦਾ ਇੱਕ ਜਨੂੰਨ ਹੈ। ਜਦੋਂ ਵੱਡਾ ਕੰਮ ਮੇਰੇ ਸਾਹਮਣੇ ਆਵੇ ਮੈਂ ਨਸ਼ਿਆ ਜਾਂਦਾ ਹਾਂ- ਕੰਮ ਦੇ ਸਿਵਾ ਹੋਰ ਸਭ ਕੁੱਝ ਭੁੱਲ ਜਾਂਦਾ ਹਾਂ। ਦਿਨ ਰਾਤ ਮੈਂ ਕੰਮ ਉਤੇ ਰਹਿੰਦਾ ਹਾਂ -ਘਰ ਮੈਨੂੰ ਚੇਤੇ ਨਹੀਂ ਆਉਂਦਾ। ਕਾਮਿਆਂ ਨਾਲ ਮੈਂ ਸਖ਼ਤ ਬੋਲਦਾ ਹਾਂ, ਉਹਨਾਂ ਨੂੰ ਗਾਲ੍ਹਾਂ ਵੀ ਕੱਢ ਲੈਂਦਾ ਹਾਂ, ਕਦੇ ਕਿਸੇ ਨੂੰ ਕੁੱਟ ਵੀ ਲੈਂਦਾ ਹਾਂ- ਪਰ ਮੈਂ ਉਹਨਾਂ ਦੇ ਟੱਬਰਾਂ ਦਾ ਖ਼ਿਆਲ ਰੱਖਦਾ ਹਾਂ; ਮਜ਼ੂਰੀ ਨਾਲੋਂ ਬਹੁਤ ਪੈਸੇ ਦੁਆਂਦਾ ਹਾਂ - ਗੱਲ ਕੀ ਕਾਮਿਆਂ ਦੇ ਪਸੀਨੇ ਦਾ ਅਖ਼ੀਰਲਾ ਟੇਪਾ ਚੁਆ ਲੈਣ ਦੀ ਜਾਚ ਮੈਨੂੰ ਆ ਗਈ ਹੈ। ਆਪਣੀ ਬਦ-ਦਿਆਨਤ ਕਮਾਈ ਵਿਚੋਂ ਉਹਨਾਂ ਨੂੰ ਖੁੱਲ੍ਹਾ ਹਿੱਸਾ ਦੇਂਦਾ ਹਾਂ- ਨਤੀਜਾ ਇਹ ਨਿਕਲਦਾ ਹੈ ਕਿ ਮੇਰੇ ਕੰਮ ਉਤੇ ਮੱਖੀਆਂ ਦੇ ਘਣ-ਛੱਤੇ ਵਾਂਗ ਘੁੰਮਕਾਰ ਰਹਿੰਦੀ ਹੈ-ਪਰ ਮੇਰੀ ਬੋਲੀ ਖ਼ਰਾਬ ਹੋ ਗਈ ਹੈ- ਇਹ ਬੋਲੀ ਮੇਰੇ ਘਰ ਵਿਚ ਸਭ ਦਿਲਾਂ ਦੇ ਦਰ ਮੇਰੇ ਲਈ ਬੰਦ ਕਰਾ ਦੇਂਦੀ ਹੈ। ਮੇਰਾ ਸੁਭਾ ਛਿੱਥਾ ਹੋ ਗਿਆ ਹੈ- ਮੈਂ ਹੁਕਮ ਕਰਨਾ ਹੀ ਸਿੱਖਿਆ ਹੈ- ਹੁਕਮ ਨਾਲ ਕੰਮ ਤਾਂ ਹੋ ਜਾਂਦੇ ਨੇ ਪਰ ਦਿਲ ਦਾ ਕੋਈ ਦਰ ਖੁੱਲ੍ਹਦਾ ਨਹੀਂ। ਕਿਸੇ ਦੀ ਆਖੀ ਮੰਨਣ ਦਾ ਸਵਰਗ ਮੈਂ ਕਦੇ ਵੇਖਿਆ ਨਹੀਂ। ਮੈਂ ਸਰਦਾਰ ਸਾਹਬ- ਪੁੱਜ ਕੇ ਨਾਕਾਮਯਾਬ ਆਦਮੀ ਹਾਂ -ਜਿਸ ਨੇ ਜ਼ਿੰਦਗੀ ਕੋਲੋਂ ਜ਼ੋਰੀਂ ਕਈ ਕੰਮ ਲੈ ਲਏ, ਪਰ ਜੇ ਮਰਜ਼ੀ ਦੀ ਮੁਸਕਣੀ ਚਾਹੀ ਤਾਂ ਜ਼ਿੰਦਗੀ ਨੇ ਕਦੇ ਮੇਰੇ ਆਖੇ ਬੁੱਲ੍ਹ ਨਹੀਂ ਖੋਲ੍ਹੇ।"
"ਪਰ ਜੇ ਤੁਸਾਂ ਇਹਦਾ ਭੇਤ ਲੱਭ ਲਿਆ ਹੈ ਤਾਂ ਆਪਣਾ ਵਤੀਰਾ ਬਦਲ ਕੇ ਇਹਨੂੰ ਹੁਣ ਵੀ ਹਸਾ ਲਵੋ- ਤੇ ਜੇ ਮੈਂ ਕਿਸੇ ਕੰਮ ਆ ਸਕਦਾ ਹੋਵਾਂ ਤਾਂ ਮੈਨੂੰ ਹੁਕਮ ਕਰੋ। ਮੇਰੇ ਦਿਲ ਵਿਚ ਤੁਹਾਡੀਆਂ ਮਿਹਰਬਾਨੀਆਂ ਦੀ ਬੜੀ ਕਦਰ ਹੈ।"
"ਤੱਦੇ ਤਾਂ ਮੈਂ ਤੁਹਾਡੇ ਅੱਗੇ ਦਿਲ ਖੋਲ੍ਹ ਸਕਿਆ ਹਾਂ। ਮੈਂ ਤਾਂ ਰੱਬ ਕੋਲੋਂ ਵੀ ਦਿਲ ਲੁਕਾਈ ਰੱਖਦਾ ਹਾਂ, ਕਦੇ ਉਹਦੇ ਅਗੇ ਵੀ ਹਾਰ ਨਹੀਂ ਮੰਨੀ- ਪਤਾ ਨਹੀਂ ਅੱਜ ਤੁਹਾਨੂੰ ਕੀਕਰ ਕਹਿ ਸਕਿਆ ਹਾਂ ਕਿ ਮੈਂ ਹਾਰਿਆ ਹੋਇਆ ਬੰਦਾ ਹਾਂ, ਜਿਸ ਨੇ ਪੰਜਾਹ ਵਰ੍ਹਿਆਂ ਵਿਚ ਇੱਕ ਵੀ ਦਿਲ ਨਹੀਂ ਜਿੱਤਿਆ -ਧਨ ਜਿੱਤਿਆ, ਕਾਮਯਾਬੀ ਜਿੱਤੀ, ਖ਼ਿਤਾਬ ਜਿੱਤੇ -ਪਰ ਦਿਲ ਵਿਚ ਹਾਰ ਦੀ ਹਾਰ ਸਮਾਈ ਰਹੀ। ਤੇ ਨਾ ਹੁਣ ਮੈਂ ਬਦਲ ਹੀ ਸਕਦਾ ਹਾਂ-ਨਾ ਮੇਰੀ ਬੋਲੀ ਹੁਣ ਨਰਮ ਹੋ ਸਕਦੀ ਹੈ; ਨਾ ਮੇਰੇ ਲਹਿਜੇ ਵਿਚੋਂ ਹੁਕਮ ਕੱਢਿਆ ਜਾ ਸਕਦਾ ਹੈ। ਮੈਂ ਬਾਜ਼ੀ ਖੇਡ ਚੁੱਕਾ ਹਾਂ -ਮੈਂ ਬਾਜ਼ੀ ਹਾਰ ਚੁੱਕਾ ਹਾਂ।"

ਓਸ ਸ਼ਾਮ ਮੁਖੀ ਇੰਜੀਨੀਅਰ ਦੀ ਸੈਲੂਨ ਸਟੇਸ਼ਨ ਉਤੇ ਕੱਟ ਕੇ ਲਾਈ ਗਈ। ਪਲੇਟੀਅਰ ਸਾਹਿਬ ਵੱਲੋਂ ਕਈ ਚੀਜ਼ਾਂ ਸੈਲੂਨ ਵਿਚ ਪਹੁੰਚੀਆਂ। ਖਾਣੇ ਤੋਂ ਪਹਿਲਾਂ ਜਦੋਂ ਮੈਂ ਮੁਖੀ ਇੰਜੀਨੀਅਰ ਨੂੰ ਸਲਾਮ ਕਰਨ ਵਾਸਤੇ ਗਿਆ ਤਾਂ ਉਹ ਬੜੇ ਮਿਹਰਬਾਨ ਰੌਂ ਵਿਚ ਪਲੇਟੀਅਰ ਸਾਹਿਬ ਨਾਲ ਪਲੇਟਫ਼ਾਰਮ ਉਤੇ ਫਿਰ ਰਹੇ ਸਨ। ਸਟੇਸ਼ਨ ਦੇ ਸਾਰੇ ਕਰਿੰਦਿਆਂ ਨੂੰ ਸਰਦਾਰ ਸਾਹਿਬ ਉਤੇ ਰਸ਼ਕ ਆ ਰਿਹਾ ਸੀ।

ਕੁਝ ਗੱਲਾਂ ਹੋਣ ਦੇ ਬਾਅਦ ਮੁਖੀ ਇੰਜੀਨੀਅਰ ਨੇ ਬੇ-ਮਿਸਾਲ ਪ੍ਰਸ਼ੰਸਾ ਦੇ ਲਹਿਜੇ ਵਿਚ ਮੈਨੂੰ ਆਖਿਆ, **"ਗੁਰਬਖ਼ਸ਼ ਹੀਅਰ ਇਜ਼ ਦੀ ਜੈੱਮ ਆਫ਼ ਏ ਪੀਡਬਲਯੂਆਈ।"**
(ਪਲੇਟੀਅਰਾਂ ਦਾ ਹੀਰਾ ਏ ਸਾਡੇ ਕੋਲ)।
(ਅੱਖਰ ਮੋਟੇ ਅਸੀਂ ਕੀਤੇ -ਸੰ)

ਪਾਠ ਪੁਸਤਕ ਦੇ ਪੰਨਿਆਂ ਤੋਂ ਪਰੇ ਅਧਿਆਪਕ ਦੀ ਭੂਮਿਕਾ

ਵਿਜੈ ਗਰਗ

CAFÉ SPECIAL



ਅਜਿਹੀ ਦੁਨੀਆਂ ਵਿੱਚ ਜੋ ਲਗਾਤਾਰ ਬਦਲ ਅਤੇ ਵਧ ਰਹੀ ਹੈ, ਇੱਕ ਸਦੀਵੀ ਪੇਸ਼ਾ ਬਚਿਆ ਹੈ ਜੋ ਅਟੁੱਟ ਸਮਰਪਣ ਅਤੇ ਨਿਰਸਵਾਰਥ ਨਾਲ ਭਵਿੱਖ ਨੂੰ ਸ਼ਕਲ ਦਿੰਦਾ ਹੈ: ਪੜ੍ਹਾਉਣਾ। ਅਧਿਆਪਕ ਸਮਾਜ ਦੇ ਆਰਕੀਟੈਕਟ ਹਨ, ਚੁੱਪ-ਚੁਪੀਤੇ ਹੀਰੋ ਜੋ ਕਿਸੇ ਰਾਸ਼ਟਰ ਦੀ ਤਰੱਕੀ ਦੀ ਨੀਂਹ ਰੱਖਦੇ ਹਨ। **ਅਧਿਆਪਕ ਦਿਵਸ** ਭਾਰਤ ਨੂੰ ਇਨ੍ਹਾਂ ਸ਼ਾਨਦਾਰ ਵਿਅਕਤੀਆਂ ਦਾ ਸਨਮਾਨ ਕਰਨ ਅਤੇ ਉਨ੍ਹਾਂ ਲਈ ਜਸ਼ਨ ਮਨਾਉਣ ਦਾ ਇੱਕ ਮੌਕਾ ਦਿੰਦਾ ਹੈ, ਜੋ ਸਿੱਖਿਆ ਦੇ ਉੱਤਮ ਕਾਰਜ ਲਈ ਆਪਣਾ ਜੀਵਨ ਵਾਰਦੇ ਹਨ।

ਭਾਰਤ ਵਿੱਚ, ਇਹ ਖਾਸ ਦਿਨ, 5 ਸਤੰਬਰ ਨੂੰ, **ਡਾ. ਸਰਵਪੱਲੀ ਰਾਧਾਕ੍ਰਿਸ਼ਨਨ**, ਇੱਕ ਪ੍ਰਸਿੱਧ ਦਾਰਸ਼ਨਿਕ, ਵਿਦਵਾਨ ਅਤੇ ਭਾਰਤ ਦੇ ਦੂਜੇ ਰਾਸ਼ਟਰਪਤੀ, ਦੇ ਜਨਮ ਦਿਨ ਵਾਲੇ ਦਿਨ ਮਣਾਇਆ ਜਾਂਦਾ ਹੈ।

ਡਾ. ਰਾਧਾਕ੍ਰਿਸ਼ਨਨ ਦਿਲੋਂ ਇੱਕ ਅਧਿਆਪਕ ਸਨ, ਅਤੇ ਜਦੋਂ ਉਨ੍ਹਾਂ ਦੇ ਵਿਦਿਆਰਥੀ ਉਨ੍ਹਾਂ ਦਾ ਜਨਮ ਦਿਨ ਮਨਾਉਣ ਲਈ ਉਨ੍ਹਾਂ ਕੋਲ ਆਏ, ਤਾਂ ਉਨ੍ਹਾਂ ਨੇ ਨਿਮਰਤਾ ਨਾਲ ਬੇਨਤੀ ਕੀਤੀ ਕਿ ਇਸ ਦਿਨ ਨੂੰ ਸਾਰੇ ਅਧਿਆਪਕਾਂ ਦਾ ਸਨਮਾਨ ਕਰਨ ਲਈ ਸਮਰਪਤ ਕੀਤਾ ਜਾਵੇ- ਸਮਾਜ ਵਿੱਚ ਅਧਿਆਪਕਾਂ ਦੇ ਅਨਮੋਲ ਯੋਗਦਾਨ ਨੂੰ ਮਾਨਤਾ ਦਿੱਤੀ ਜਾਵੇ।

1962 ਤੋਂ, ਇਹ ਦਿਨ ਇੱਕ ਰਾਸ਼ਟਰੀ ਰੀਤ ਬਣ ਗਿਆ ਹੈ, ਵਿਦਿਆਰਥੀਆਂ ਅਤੇ ਸਮਾਜ ਲਈ ਵੱਡੇ ਪੱਧਰ 'ਤੇ ਆਪਣੀ ਸ਼ੁਕਰਗੁਜ਼ਾਰੀ ਪ੍ਰਗਟ ਕਰਨ ਦਾ ਮੌਕਾ।

ਅਧਿਆਪਕ ਦੀ ਭੂਮਿਕਾ ਕਲਾਸਰੂਮ ਦੀਆਂ ਚਾਰ ਦੀਵਾਰਾਂ ਅਤੇ ਪਾਠ-ਪੁਸਤਕਾਂ ਦੇ ਪੰਨਿਆਂ ਤੋਂ ਬਹੁਤ ਅੱਗੇ ਤੱਕ ਫੈਲੀ ਹੋਈ ਹੈ। ਅਧਿਆਪਕ ਇੱਕ ਸਲਾਹਕਾਰ, ਮਾਰਗਦਰਸ਼ਕ, ਵਿਸ਼ਵਾਸਪਾਤਰ ਅਤੇ ਪ੍ਰੇਰਨਾ ਦਾ ਸਰੋਤ ਹੁੰਦਾ ਹੈ। ਉਹ ਨਾ ਸਿਰਫ਼ ਗਿਆਨ ਪ੍ਰਦਾਨ ਕਰਦੇ ਹਨ, ਸਗੋਂ ਕਦਰਾਂ-ਕੀਮਤਾਂ ਬਣਾਉਂਦੇ ਹਨ, ਉਤਸੁਕਤਾ ਨੂੰ ਵਧਾਉਂਦੇ ਹਨ ਅਤੇ ਚਰਿੱਤਰ ਨਿਰਮਾਣ ਵੀ ਕਰਦੇ ਹਨ। ਉਹ ਸਾਨੂੰ ਸੁਪਨੇ ਦੇਖਣਾ, ਸਵਾਲ ਕਰਨਾ ਅਤੇ ਮਹਾਨਤਾ ਲਈ ਯਤਨ ਕਰਨਾ ਸਿਖਾਉਂਦੇ ਹਨ; ਧੀਰਜ ਨਾਲ ਨੌਜਵਾਨ ਮਨਾਂ ਦਾ ਪਾਲਣ-ਪੋਸ਼ਣ ਕਰਦੇ ਹਨ- ਉਨ੍ਹਾਂ ਨੂੰ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਉਨ੍ਹਾਂ ਦੀ ਅਸਲ ਸਮਰੱਥਾ ਨੂੰ ਖੋਜਣ ਵਿੱਚ ਮਦਦ ਕਰਦੇ ਹਨ।

ਅਧਿਆਪਕ ਦਾ ਅਸਰ ਸੱਚਮੁੱਚ ਅਥਾਹ ਹੁੰਦਾ ਹੈ। ਅਮਰੀਕੀ ਇਤਿਹਾਸਕਾਰ ਹੈਨਰੀ ਐਡਮਜ਼ ਨੇ ਇੱਕ ਵਾਰ ਕਿਹਾ ਸੀ, "ਅਧਿਆਪਕ ਸਦੀਵੀ ਪ੍ਰਭਾਵਤ ਕਰਦਾ ਹੈ; ਉਹ ਕਦੇ ਨਹੀਂ ਦੱਸ ਸਕਦਾ ਕਿ ਉਸਦਾ ਪ੍ਰਭਾਵ ਕਿੱਥੇ ਰੁਕਦਾ ਹੈ।" ਹਰ ਡਾਕਟਰ, ਇੰਜੀਨੀਅਰ, ਕਲਾਕਾਰ ਜਾਂ ਨੇਤਾ ਕਿਸੇ ਅਜਿਹੇ ਅਧਿਆਪਕ ਦੇ ਮੋਢਿਆਂ 'ਤੇ ਖੜ੍ਹਾ ਹੁੰਦਾ ਹੈ ਜਿਸਨੇ ਗਿਆਨ ਦੀ ਚੰਗਿਆੜੀ ਜਗਾਈ ਸੀ ਅਤੇ ਸਫ਼ਲ ਹੋਣ ਲਈ ਮਾਰਗਦਰਸ਼ਨ ਪ੍ਰਦਾਨ ਕੀਤਾ ਸੀ।

ਅਧਿਆਪਕ ਦਾ ਕੰਮ ਸਿਰਫ਼ ਇੱਕ ਨੌਕਰੀ ਨਹੀਂ, ਇੱਕ ਡੂੰਘੀ ਅਤੇ ਸਥਾਈ ਵਿਰਾਸਤ ਹੈ।

ਅਧਿਆਪਕ ਦਿਵਸ 'ਤੇ, ਦੇਸ਼ ਭਰ ਦੇ ਸਕੂਲ ਅਤੇ ਕਾਲਜ ਵਿਸ਼ੇਸ਼ ਪ੍ਰੋਗਰਾਮਾਂ ਅਤੇ ਜਸ਼ਨਾਂ ਨਾਲ ਜੀਵੰਤ ਹੋ ਜਾਂਦੇ ਹਨ। ਵਿਦਿਆਰਥੀ ਸਭਿਆਚਾਰਕ ਪ੍ਰਦਰਸ਼ਨਾਂ ਦਾ ਆਯੋਜਨ ਕਰਦੇ ਹਨ, ਦਿਲੋਂ ਭਾਸ਼ਣ ਪੇਸ਼ ਕਰਦੇ ਹਨ, ਅਤੇ ਆਪਣੀ ਪ੍ਰਸ਼ੰਸਾ ਦੇ ਚਿੰਨ੍ਹ ਵਜੋਂ ਤੋਹਫ਼ੇ ਪੇਸ਼ ਕਰਦੇ ਹਨ। ਇਹ ਇਸ਼ਾਰੇ, ਵੱਡੇ ਜਾਂ ਛੋਟੇ, ਉਨ੍ਹਾਂ ਸਿੱਖਿਅਕਾਂ ਦਿਆਂ ਅਣਥੱਕ ਯਤਨਾਂ ਅਤੇ ਕੁਰਬਾਨੀਆਂ ਨੂੰ ਸਵੀਕਾਰਨ ਦਾ ਇੱਕ ਤਰੀਕਾ ਹਨ, ਜੋ ਅਕਸਰ ਆਪਣੇ ਵਿਦਿਆਰਥੀਆਂ ਦੀ ਸਫ਼ਲਤਾ ਨੂੰ ਯਕੀਨੀ ਬਣਾਉਣ ਲਈ ਆਪਣੇ ਫ਼ਰਜ਼ ਤੋਂ ਅੱਗੇ ਵਧ ਜਾਂਦੇ ਹਨ।

ਡਿਜੀਟਲ ਸਿੱਖਿਆ ਅਤੇ ਤਕਨੀਕੀ ਤਰੱਕੀ ਦੇ ਯੁੱਗ ਵਿੱਚ, ਅਧਿਆਪਕ ਦਾ ਮਨੁੱਖੀ ਰਿਸ਼ਤਾ ਅਟੱਲ ਰਹਿੰਦਾ ਹੈ। ਜਦੋਂ ਕਿ ਤਕਨਾਲੋਜੀ ਜਾਣਕਾਰੀ ਪ੍ਰਦਾਨ ਕਰ ਸਕਦੀ ਹੈ, ਇਹ ਅਧਿਆਪਕ ਦੁਆਰਾ ਪ੍ਰਦਾਨ ਕੀਤਾ ਨਿੱਘ, ਉਤਸ਼ਾਹ ਅਤੇ ਸਮਝ ਪ੍ਰਦਾਨ ਨਹੀਂ ਕਰ ਸਕਦੀ; ਉਸ ਜਨੂੰਨ ਦਾ ਬਦਲ ਨਹੀਂ ਬਣ ਸਕਦੀ ਜਿਸ ਨਾਲ ਇੱਕ ਅਧਿਆਪਕ ਸਿੱਖਣ ਲਈ ਪਿਆਰ ਜਾਂ ਹਮਦਰਦੀ ਨੂੰ ਪ੍ਰੇਰਤ ਕਰਦਾ ਹੈ -ਜਿਸ ਨਾਲ ਕਿ ਉਹ ਵਿਦਿਆਰਥੀ ਨੂੰ ਮੁਸ਼ਕਲ ਸਮੇਂ ਵਿੱਚ ਮਾਰਗਦਰਸ਼ਨ ਕਰਦਾ/ਕਰਦੀ ਹੈ। ਅਸੀਂ ਅਧਿਆਪਕ ਦਿਵਸ ਤਾਂ ਮਨਾਉਂਦੇ ਹੀ ਹਾਂ, ਆਓ ਨਾ ਸਿਰਫ਼ ਆਪਣੇ ਅਧਿਆਪਕਾਂ ਦਾ ਧੰਨਵਾਦ ਕਰੀਏ, ਸਗੋਂ ਸਿੱਖਿਆ ਦੇ ਮਹੱਤਵ ਅਤੇ ਅਧਿਆਪਨ ਦੇ ਉੱਤਮ ਪੇਸ਼ੇ 'ਤੇ ਵੀ ਵਿਚਾਰ ਕਰੀਏ।

ਆਓ ਅਸੀਂ ਡਾ. ਰਾਧਾਕ੍ਰਿਸ਼ਨਨ ਦੇ ਵਿਸ਼ਵਾਸ ਨੂੰ ਯਾਦ ਰੱਖੀਏ ਕਿ ਅਧਿਆਪਕਾਂ ਨੂੰ "ਦੇਸ਼ ਦੇ ਸਭ ਤੋਂ ਵਧੀਆ ਦਿਮਾਗ" ਹੋਣਾ ਚਾਹੀਦੇ ਹਨ। ਆਪਣੇ ਅਧਿਆਪਕਾਂ ਦਾ ਸਨਮਾਨ ਕਰ ਕੇ, ਅਸੀਂ ਸਿਰਫ਼ ਇੱਕ ਰੀਤ ਨਹੀਂ ਪਾਲ ਰਹੇ; ਅਸੀਂ ਪੜ੍ਹੇ-ਲਿਖੇ, ਹੁਨਰਮੰਦ ਅਤੇ ਗਿਆਨਵਾਨ ਸਮਾਜ ਦੀ ਨੀਂਹ ਨੂੰ ਸਵੀਕਾਰ ਕਰ ਰਹੇ ਹਾਂ।

(ਰਿਟਾ. ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਵੀਸ, ਉੱਘੇ ਸਿੱਖਿਆ ਸ਼ਾਸਤਰੀ; ਗਲੀ ਕੌਰ ਚੰਦ ਐਮਐਚਆਰ ਮਲੋਟ ਪੰਜਾਬ - 152107)

ਪਾਕਿਸਤਾਨੀ ਜਨਰਲ ਮੁਨੀਰ ਦੇ ਵਾਹਿਯਾਤ ਬਿਆਨ

ਬਲਰਾਜ ਸਿੰਘ ਸਿੱਧੂ ਏਆਈਜੀ (ਰਿਟਾ)

(ਪਾਕਿਸਤਾਨ ਇੱਕ ਮੋਹਰਾ ਹੈ, ਅਮਰੀਕਾ ਦਾ- ਆਪਣੀਆਂ ਸੰਧੀਆਂ ਅਤੇ ਲੋੜਾਂ ਕਰਕੇ। ਜਦੋਂ ਜਦੋਂ ਅਮਰੀਕਾ ਨੂੰ ਲੋੜ ਪੈਂਦੀ ਹੈ ਅਤੇ ਉਂਝ ਵੀ ਕਈ ਵਾਰ- ਉਹ ਪਾਕਿਸਤਾਨੀ ਹਾਕਮਾਂ ਦੇ ਮੂੰਹੋਂ ਕੁਝ ਕਢਵਾਉਂਦਾ ਹੈ। ਉਸ ਨੂੰ ਹਮੇਸ਼ਾ ਭਾਰਤ ਦੇ ਬਰਾਬਰ ਰੱਖਣ ਦੀ ਰਾਜਨੀਤੀ ਕਰਦਾ ਹੈ। ਬਦਲੇ ਵਿਚ ਪਾਕਿਸਤਾਨ ਨੂੰ ਵੀ ਮਦਦ ਮਿਲ ਜਾਂਦੀ ਹੈ। ਇਹ ਰਿਸ਼ਤਾ ਪਾਕਿਸਤਾਨ ਦੇ ਬਣਦਿਆਂ ਹੀ ਜਿਨਾਹ ਨੇ ਕਾਇਮ ਕੀਤਾ ਸੀ- ਸੰ.)

..**ਪਾਕਿਸਤਾਨੀ** ਫ਼ੌਜ ਦੇ ਜਨਰਲ ਮੁਨੀਰ ਨੇ ਪਹਿਲਗਾਮ ਅੱਤਵਾਦੀ ਹਮਲੇ ਤੋਂ ਪਹਿਲਾਂ ਇਸਲਾਮਾਬਾਦ ਵਿੱਚ ਬੋਲਦਿਆਂ ਹਿੰਦੂ ਧਰਮ ਬਾਰੇ ਕੁਝ ਗਲਤ ਗੱਲਾਂ ਕਹੀਆਂ ਸਨ।

ਹੁਣ ਕੁਝ ਦਿਨ ਪਹਿਲਾਂ ਆਪਣੇ ਅਮਰੀਕਾ ਦੌਰੇ ਸਮੇਂ ਬਿਆਨ ਦਿੱਤਾ ਹੈ ਕਿ ਜੇ ਭਵਿੱਖ ਵਿੱਚ ਹੋਏ ਕਿਸੇ ਯੁੱਧ ਵਿੱਚ ਪਾਕਿਸਤਾਨ ਹਾਰ ਗਿਆ ਤਾਂ ਉਹ ਆਪਣੇ ਨਾਲ ਅੱਧੀ ਦੁਨੀਆਂ ਨੂੰ ਲੈ ਬੈਠੇਗਾ। ਮਤਲਬ ਉਹ ਆਪਣੇ ਸਾਰੇ ਐਟਮੀ ਹਥਿਆਰ ਚਲਾਅ ਦੇਵੇਗਾ। ਉਸਦੀ ਗੱਲ ਦਾ ਮੰਤਵ ਭਾਵੇਂ ਭਾਰਤ ਨੂੰ ਧਮਕੀ ਦੇਣਾ ਹੈ ਪਰ ਅੱਧੇ ਸੰਸਾਰ ਵਿੱਚ ਤਾਂ ਚੀਨ, ਰੂਸ ਅਤੇ ਅਮਰੀਕਾ ਵੀ ਲਪੇਟਿਆ ਜਾਂਦਾ ਹੈ!

ਉਂਝ ਸਭ ਨੂੰ ਪਤਾ ਹੈ ਕਿ ਪਾਕਿਸਤਾਨ ਕੋਲ ਏਨੀ ਦੂਰ ਮਾਰ ਕਰਨ ਵਾਲੀਆਂ ਇੰਟਰਕਾਂਟੀਨੈਂਟਲ ਮਿਜ਼ਾਈਲਾਂ ਨਹੀਂ ਹਨ। ਉਸਦੇ ਇਸ ਬਿਆਨ ਨੇ ਸਗੋਂ ਭਾਰਤ ਨੂੰ ਅਲਰਟ ਕਰ ਦਿੱਤਾ ਹੈ ਕਿ ਭਵਿੱਖ ਵਿੱਚ ਹੋਣ ਵਾਲੇ ਯੁੱਧ ਸਮੇਂ ਸਭ ਤੋਂ ਪਹਿਲਾਂ ਪਾਕਿਸਤਾਨ ਦੇ ਜੰਗੀ ਹਵਾਈ ਅੱਡੇ ਅਤੇ ਮਿਜ਼ਾਈਲ ਬੈਟਰੀਆਂ ਤਬਾਹ ਕੀਤੀਆਂ ਜਾਣ।

ਮੁਨੀਰ ਦੇ ਇਸ ਬੜਬੋਲੇਪਣ ਦੀ ਵਜ੍ਹਾ ਪਾਕਿਸਤਾਨ ਦੇ ਮਿਲਟਰੀ ਇਤਿਹਾਸ ਵਿੱਚ ਲੱਭਦੀ ਹੈ।

ਮੁਨੀਰ ਤੋਂ ਪਹਿਲਾਂ ਦੇ ਮਿਲਟਰੀ ਡਿਕਟੇਟਰਾਂ ਦੇ ਚਰਿੱਤਰ ਨੂੰ ਘੋਖਿਆ ਜਾਵੇ ਤਾਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਨਾ ਤਾਂ ਉਨ੍ਹਾਂ ਨੂੰ ਯੁੱਧ ਨੀਤੀ, ਕੂਟਨੀਤੀ ਅਤੇ ਰਾਜਨੀਤੀ ਦੀ ਸਮਝ ਸੀ ਅਤੇ ਨਾ ਹੀ ਆਪਣੇ ਦੇਸ਼ ਨਾਲ ਕੋਈ ਪਿਆਰ ਹੀ ਸੀ।

ਪਾਕਿਸਤਾਨ ਵਿੱਚ ਹੁਣ ਤੱਕ ਚਾਰ ਫ਼ੌਜੀ ਤਾਨਾਸ਼ਾਹ ਹੋਏ ਹਨ ਅਤੇ ਚਾਰਾਂ ਹੀ ਪਾਕਿਸਤਾਨ ਨੂੰ ਬਰਬਾਦ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ।

ਪਹਿਲਾ, **ਜਨਰਲ ਅਯੂਬ ਖਾਨ** , ਜਿਸ 1958 ਤੋਂ 1969 ਤੱਕ ਰਾਜ ਕੀਤਾ। ਉਸ 5 ਅਗਸਤ 1965 ਵਾਲੇ ਦਿਨ ਬਿਨਾਂ ਕਿਸੇ ਭੜਕਾਹਟ ਦੇ ਭਾਰਤ 'ਤੇ ਹਮਲਾ ਕਰ ਦਿੱਤਾ, ਜਿਸ ਦੌਰਾਨ, ਸਿਰਫ਼ 48 ਦਿਨਾਂ ਵਿੱਚ (ਯੁੱਧ ਸਮਾਪਤੀ 23 ਸਤੰਬਰ 1965), ਪਾਕਿਸਤਾਨੀ ਫ਼ੌਜ ਤਬਾਹ ਹੋ ਗਈ ਸੀ। ਓਦੋਂ ਦੇ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦਰ ਸ਼ਾਸਤਰੀ ਦੀ ਸੁਯੋਗ ਅਗਵਾਈ ਹੇਠ ਭਾਰਤ ਦੀਆਂ ਫ਼ੌਜਾਂ ਲਹੌਰ ਦੇ ਦਰਵਾਜ਼ੇ ਤੱਕ ਪਹੁੰਚ ਗਈਆਂ ਸਨ।

ਦੂਸਰਾ ਫ਼ੌਜੀ ਤਾਨਾਸ਼ਾਹ, **ਜਨਰਲ ਯਾਹੀਆ ਖਾਨ**, ਜਿਸ 1969 ਤੋਂ ਦਸੰਬਰ 1971 ਤੱਕ ਰਾਜ ਕੀਤਾ। ਉਸ ਦੇ ਰਾਜ ਕਾਲ ਦੌਰਾਨ ਹੀ ਭਾਰਤ ਨਾਲ 1971 ਦੀ ਜੰਗ ਹੋਈ ਜਿਸਦੇ ਨਤੀਜੇ ਵਜੋਂ ਪਾਕਿਸਤਾਨ ਦੋ ਟੁਕੜਿਆਂ ਵਿੱਚ ਵੰਡਿਆ ਗਿਆ।

ਤੀਸਰਾ ਤਾਨਾਸ਼ਾਹ **ਜਨਰਲ ਜ਼ਿਆ ਉਲ ਹੱਕ**, ਜਿਸ ਨੇ 16 ਸਤੰਬਰ 1978 ਤੋਂ, ਹਵਾਈ ਹਾਦਸੇ ਵਿੱਚ ਮਰਨ, 17 ਅਗਸਤ 1988 ਤੱਕ ਰਾਜ ਕੀਤਾ। ਇਸ ਨੇ ਪਾਕਿਸਤਾਨ ਨੂੰ ਜੇਹਾਦੀ ਪੈਦਾ ਕਰਨ ਵਾਲੀ ਫ਼ੈਕਟਰੀ ਬਣਾਅ ਦਿੱਤਾ। ਭਾਰਤੀ ਪੰਜਾਬ ਅਤੇ ਕਸ਼ਮੀਰ ਵਿੱਚ ਅੱਤਵਾਦ ਪੈਦਾ ਕਰਨ ਦਾ ਜ਼ਿੰਮੇਵਾਰ।

ਚੌਥਾ ਤਾਨਾਸ਼ਾਹ **ਜਨਰਲ ਪ੍ਰਵੇਜ਼ ਮੁਸ਼ੱਰਫ਼**, ਜਿਸ 20 ਜੂਨ 2001 ਤੋਂ 18 ਅਗਸਤ 2008 ਤੱਕ ਰਾਜ ਕੀਤਾ। ਉਹ ਤਾਨਾਸ਼ਾਹ ਬਣਨ ਤੋਂ ਪਹਿਲਾਂ ਹੀ- 3 ਮਈ 1999 ਤੋਂ ਜੁਲਾਈ 1999 ਤੱਕ ਚੱਲੀ ਕਾਰਗਿਲ ਜੰਗ ਵਿੱਚ - ਭਾਰਤ ਹੱਥੋਂ ਕਰਾਰੀ ਹਾਰ ਅਤੇ ਜ਼ਲਾਲਤ ਝੱਲ ਚੁੱਕਾ ਸੀ। ਉਸੇ ਦੀਆਂ ਗਲਤ ਆਰਥਕ ਨੀਤੀਆਂ ਨੇ ਪਾਕਿਸਤਾਨ ਨੂੰ ਸਦਾ ਲਈ ਇੱਕ ਮੰਗਤਾ ਅਤੇ ਦੁਨੀਆਂ ਭਰ ਦੇ ਅੱਤਵਾਦੀਆਂ ਨੂੰ ਟਰੇਨਿੰਗ ਦੇਣ ਵਾਲਾ ਦੇਸ਼ ਬਣਾਅ ਦਿੱਤਾ।

ਹੁਣ, **ਆਸਿਮ ਮੁਨੀਰ** ਦੀ ਬੋਲ ਬਾਣੀ ਤੋਂ ਇਹ ਲੱਗ ਰਿਹਾ ਹੈ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ -ਸ਼ਹਿਬਾਜ਼ ਸ਼ਰੀਫ਼- ਦੀ ਸੱਤਾ ਦੇ ਵੀ ਗਿਣਤੀ ਦੇ ਹੀ ਦਿਨ ਬਚੇ ਹਨ।

ਪਰ ਜਿਹੜੀ ਗੱਲ ਮੁਨੀਰ ਨੂੰ ਪਿਛਲੇ ਫ਼ੌਜੀ ਤਾਨਾਸ਼ਾਹਾਂ ਨਾਲੋਂ ਵੱਖ ਕਰਦੀ ਹੈ, ਉਹ ਹੈ ਇਸ ਵੱਲੋਂ ਭਾਰਤ ਖਿਲਾਫ਼ ਕੀਤੀ ਜਾ ਰਹੀ ਬੇਹੱਦ ਭੜਕਾਊ ਅਤੇ ਅਹਿਮਕਾਨਾ ਬਿਆਨਬਾਜ਼ੀ, ਜੋ ਅਪਰੇਸ਼ਨ ਸਿੰਧੂਰ ਵਿੱਚ ਮਾਰ ਖਾਣ ਤੋਂ ਬਾਅਦ ਤਾਂ ਹੋਰ ਤਿੱਖੀ ਹੋ ਗਈ ਹੈ।

ਮੁਨੀਰ ਸੋਚਦਾ ਹੈ ਕਿ ਕਿਸਮਤ ਉਸ 'ਤੇ ਬਾਕੀ ਤਾਨਾਸ਼ਾਹਾਂ ਨਾਲੋਂ ਜ਼ਿਆਦਾ ਮਿਹਰਬਾਨ ਰਹੇਗੀ- ਜਿਸ ਕਾਰਨ ਉਹ ਪਵਿੱਤਰ ਕੁਰਾਨ ਦੀਆਂ ਆਇਤਾਂ ਦੀ ਗਲਤ ਵਿਆਖਿਆ ਕਰ ਕੇ ਅਖੌਤੀ 'ਕਾਫ਼ਰਾਂ ਖਿਲਾਫ਼ ਸੈਨਿਕ ਕਾਰਵਾਈ' ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।

ਪਾਕਿਸਤਾਨੀ ਫ਼ੌਜ ਵਿੱਚ ਘੁਸਰ ਮੁਸਰ ਚੱਲ ਰਹੀ ਹੈ ਕਿ ਅਪਰੇਸ਼ਨ ਸਿੰਧੂਰ ਦੌਰਾਨ ਮਿਲੀ ਕਰਾਰੀ ਹਾਰ ਕਰਕੇ ਮੁਨੀਰ ਡਿਪਰੈੱਸ਼ਨ ਵਿੱਚ ਚਲਾ

ਗਿਆ ਹੈ, ਤਾਂ ਹੀ ਇਹੋ ਜਿਹੇ ਊਲ ਜਲੂਲ ਬਿਆਨ ਦਾਗ ਰਿਹਾ ਹੈ।
ਉਸਦੀਆਂ ਧਮਕੀਆਂ ਅਤੇ ਬਿਆਨਾਂ ਦੇ ਹੇਠ ਲਿਖੇ ਮੁੱਖ ਕਾਰਨ ਸਮਝੇ ਜਾ ਰਹੇ ਹਨ–

1. ਅਪਰੇਸ਼ਨ ਸਿੰਧੂਰ ਕਰਕੇ, ਪਾਕਿਸਤਾਨ ਵੱਲੋਂ ਭਾਰਤ ਖਿਲਾਫ਼ ਕੀਤੀ ਜਾ ਰਹੀ ਪ੍ਰਮਾਣੂ ਬਲੈਕਮੇਲਿੰਗ ਖਤਮ ਹੋ ਗਈ ਹੈ। ਉਹ 'ਅੱਧੀ ਦੁਨੀਆਂ ਨੂੰ ਆਪਣੇ ਨਾਲ ਲਿਜਾਣ' ਵਰਗੇ ਬਿਆਨ ਦੇ ਕੇ ਉਸ ਬਲੈਕਮੇਲਿੰਗ ਨੂੰ ਦੁਬਾਰਾ ਕਾਇਮ ਕਰਨਾ ਚਾਹੁੰਦਾ ਹੈ।
ਉਂਝ, ਇਹ ਬਲੈਕਮੇਲਿੰਗ, ਉੜੀ ਅੱਤਵਾਦੀ ਹਮਲੇ ਤੋਂ ਬਾਅਦ ਦੀ ਸਰਜੀਕਲ ਸਟ੍ਰਾਈਕ ਅਤੇ ਬਾਲਾਕੋਟ ਵਿਚ ਸਟ੍ਰਾਈਕ ਕਾਰਨ ਪਹਿਲਾਂ ਹੀ ਪਤਲੀ ਪੈ ਚੁੱਕੀ ਸੀ।
ਮੁਨੀਰ ਸੋਚਦਾ ਹੈ ਕਿ ਜੇ ਪ੍ਰਮਾਣੂ ਬਲੈਕਮੇਲਿੰਗ ਹੀ ਖਤਮ ਹੋ ਗਈ ਤਾਂ ਫਿਰ ਉਹ ਭਾਰਤ ਨੂੰ ਕਸ਼ਮੀਰ ਦੇ ਮਸਲੇ 'ਤੇ ਧਮਕਾਅ ਨਹੀਂ ਸਕੇਗਾ।

ਪ੍ਰਮਾਣੂ ਹਥਿਆਰਾਂ ਦੀ ਵਰਤੋਂ ਬਾਰੇ ਭਾਰਤ ਦਾ ਸਿਧਾਂਤ ਹੈ ਕਿ ਉਹ ਪਹਿਲਾਂ ਨਹੀਂ ਕਰੇਗਾ- ਦੁਸ਼ਮਣ 'ਤੇ ਪ੍ਰਮਾਣੂ ਹਮਲਾ।
ਪਰ ਪਾਕਿਸਤਾਨ ਨੇ ਆਪਣੇ ਉੱਤੇ ਅਜਿਹੀ ਕੋਈ ਬੰਦਿਸ਼ ਨਹੀਂ ਲਾਈ। ਪਾਕਿਸਤਾਨ ਦੇ ਪ੍ਰਮਾਣੂ ਹਮਲਾ ਕਰਨ ਦੇ ਸਿਧਾਂਤ ਬਾਰੇ 2002 ਦੇ "ਅਪਰੇਸ਼ਨ ਪ੍ਰਾਕਰਮ" (13 ਦਸੰਬਰ 2001 ਨੂੰ ਪਾਰਲੀਮੈਂਟ 'ਤੇ ਹਮਲੇ ਬਾਅਦ ਭਾਰਤ ਵੱਲੋਂ ਕੀਤਾ, ਦਸੰਬਰ 2001 ਤੋਂ ਅਕਤੂਬਰ 2002 ਤੱਕ ਚੱਲਿਆ) ਵੇਲੇ, ਭਾਰਤ ਨੇ ਪਾਕਿਸਤਾਨ ਨੂੰ ਆਪਣੀ ਤਾਕਤ ਵਿਖਾਉਣ ਲਈ, ਆਮ ਲਾਮਬੰਦੀ ਦੇ ਹੁਕਮ ਜਾਰੀ ਕਰ ਦਿੱਤੇ ਸਨ। ਜੇ ਕੁਝ ਦੇਸ਼ ਵਿਚੋਲਗੀ ਨਾ ਕਰਦੇ ਤਾਂ ਜੰਗ ਅਟੱਲ ਸੀ। ਉਦੋਂ ਪਾਕਿਸਤਾਨ ਦੇ ਡਾਇਰੈਕਟਰ-ਜਨਰਲ ਸਟਰੈਟੇਜਿਕ ਪਲੈਨਜ਼, ਲੈਫਟੀਨੈਂਟ ਜਨਰਲ ਖ਼ਾਲਿਦ ਕਿਦਵਾਈ, ਨੇ ਕਿਹਾ ਸੀ ਕਿ ਜੇ ਭਾਰਤ ਨਾਲ ਜੰਗ ਹੁੰਦੀ ਹੈ ਤਾਂ ਪਾਕਿਸਤਾਨ ਰਵਾਇਤੀ ਹਥਿਆਰਾਂ ਤੋਂ ਇਲਾਵਾ ਐਟਮ ਬੰਬ ਦੀ ਵਰਤੋਂ ਕਰਨ ਤੋਂ ਵੀ ਸੰਕੋਚ ਨਹੀਂ ਕਰੇਗਾ।
ਹੁਣ ਮੁਨੀਰ ਦੇ ਬਿਆਨਾਂ ਤੋਂ ਸਿੱਧ ਹੁੰਦਾ ਹੈ ਕਿ ਉਹ ਭਾਰਤ ਦੇ "ਪਹਿਲਾਂ ਕੋਈ ਪ੍ਰਮਾਣੂ ਹਮਲਾ ਨਾ ਕਰਨ" ਵਾਲੇ ਸਿਧਾਂਤ ਨੂੰ ਨਹੀਂ ਮੰਨਦਾ।

2. ਮੁਨੀਰ ਦੇ ਇਸ ਬਿਆਨ ਦੀ ਦੂਸਰੀ ਵਜ੍ਹਾ ਹੈ ਦੁਨੀਆ ਨੂੰ ਇਹ ਦੱਸਣਾ ਕਿ ਪਾਕਿਸਤਾਨ ਇੱਕ ਐਟਮੀ ਤਾਕਤ ਹੈ ਅਤੇ ਜਦੋਂ ਚਾਹੇ ਇਸ ਦੀ ਵਰਤੋਂ ਵੀ ਕਰ ਸਕਦਾ ਹੈ; ਨਤੀਜੇ ਚਾਹੇ ਕੁਝ ਵੀ ਹੋਣ। ਇਸ ਧਮਕੀ ਵਿੱਚ ਉਸਦੀ ਇੱਕ ਚਾਲ ਵੀ ਛੁਪੀ ਹੋਈ ਹੈ- ਕਿ ਇਸ ਧਮਕੀ ਨਾਲ ਇੰਟਰਨੈਸ਼ਨਲ ਮੀਡੀਏ ਨੂੰ ਮਸਾਲਾ ਮਿਲ ਜਾਵੇ ਅਤੇ ਭਾਰਤ ਲਈ ਵੱਡੀ ਚਿੰਤਾ ਦਾ ਵਿਸ਼ਾ ਬਣੇ ਪਾਕਿਸਤਾਨੀ ਕਰਾਸ-ਬਾਰਡਰ ਅੱਤਵਾਦ ਤੋਂ ਇਸ ਮੀਡੀਏ ਦਾ ਧਿਆਨ ਵੀ ਹਟ ਜਾਵੇਗਾ।
ਮੁਨੀਰ ਦੀ ਇੱਕ ਚਿੰਤਾ ਇਹ ਵੀ ਹੈ : ਭਾਰਤ ਨੇ ਪਾਕਿਸਤਾਨ ਦੀਆਂ ਪ੍ਰਮਾਣੂ ਧਮਕੀਆਂ ਬਾਰੇ ਚਿੰਤਾ ਕਰਨੀ ਬੰਦ ਕਰ ਦਿੱਤੀ ਹੈ। ਪਿਛਲੇ ਸਮੇਂ ਵਿੱਚ ਵੀ ਪਾਕਿਸਤਾਨ ਅਜਿਹੀਆਂ ਧਮਕੀਆਂ ਦਿੰਦਾ ਰਿਹਾ ਹੈ।
ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਨੇ ਆਪਣੀ ਸਵੈ-ਜੀਵਨੀ ਵਿੱਚ ਲਿਖਿਆ ਵੀ ਹੈ ਕਿ -1990 ਦੀਆਂ ਗਰਮੀਆਂ ਵਿੱਚ ਪਾਕਿਸਤਾਨ ਨੇ (ਕਿਸੇ ਮਸਲੇ 'ਤੇ) ਪ੍ਰਧਾਨ ਮੰਤਰੀ ਵੀ.ਪੀ. ਸਿੰਘ ਨੂੰ ਪ੍ਰਮਾਣੂ ਹਮਲੇ ਦੀ ਧਮਕੀ ਦਿੱਤੀ ਸੀ।

ਮੁਨੀਰ ਨੂੰ ਭਾਰਤ ਦੀ ਆਰਥਕ ਤਰੱਕੀ ਦਾ ਬਹੁਤ ਸਾੜਾ ਹੈ। ਉਸਦਾ ਇਹ ਸੋਚਣਾ ਹੈ ਕਿ- ਜੇ ਪਾਕਿਸਤਾਨ ਅਤੇ ਭਾਰਤ ਇੱਕ ਦੂਸਰੇ 'ਤੇ ਪ੍ਰਮਾਣੂ ਹਮਲਾ ਕਰ ਦੇਣ, ਤਾਂ ਭਾਰਤ ਦਾ ਨੁਕਸਾਨ ਜ਼ਿਆਦਾ ਹੋਵੇਗਾ, ਕਿਉਂਕਿ ਉਥੇ ਲੱਖਾਂ ਕਰੋੜਾਂ ਦੀ ਗਿਣਤੀ ਵਿੱਚ ਹੈਵੀ ਇੰਡਸਟਰੀ ਸਥਾਪਤ ਹੋ ਚੁੱਕੀ ਹੈ ਅਤੇ ਅਰਬਾਂ ਖਰਬਾਂ ਡਾਲਰ ਦਾ ਇੰਪੋਰਟ ਐਕਸਪੋਰਟ ਹੋ ਰਿਹਾ ਹੈ। ਇਸਦੇ ਉਲਟ, ਪਾਕਿਸਤਾਨ ਇੱਕ ਫੱਕੜ ਦੇਸ਼ ਹੈ। ਇਸੇ ਲਈ ਤਾਂ ਉਸ ਨੇ ਅਨਿਲ ਅੰਬਾਨੀ ਦੀ ਫ਼ੋਟੋ ਲਾ ਕੇ ਇੱਕ ਟਵੀਟ ਕੀਤਾ ਸੀ- ਕਿਸੇ ਇਸਲਾਮੀ ਧਰਮ ਗ੍ਰੰਥ ਦੀ ਇੱਕ ਤੁਕ ਲਿਖ ਕੇ- ਕਿ ਅੱਲ੍ਹਾ ਨੇ ਪੰਛੀਆਂ ਨੂੰ ਦੁਸ਼ਮਣ-ਫ਼ੌਜ ਦੇ ਜੰਗੀ ਹਾਥੀਆਂ ਉੱਤੇ ਪੱਥਰ ਸੁੱਟਣ ਲਈ ਭੇਜਿਆ, ਜਿਸ ਕਰਕੇ ਹਾਥੀ ਕੁਚਲੇ ਗਏ ਤੇ ਫੀਤਾ ਫੀਤਾ ਹੋ ਗਏ ਸਨ!

ਅਪਰੇਸ਼ਨ ਸਿੰਧੂਰ ਤੋਂ ਬਾਅਦ ਪ੍ਰਸਿੱਧ ਮੈਗਜ਼ੀਨ "ਦੀ ਇਕੌਨੋਮਿਸਟ" ਨੂੰ ਇੱਕ ਇੰਟਰਵਿਊ ਦਿੰਦਿਆਂ ਮੁਨੀਰ ਨੇ ਕਿਹਾ ਹੈ ਕਿ ਅਗਲੀ ਵਾਰ, ਪਾਕਿਸਤਾਨ, ਭਾਰਤ ਦੇ ਪੂਰਬੀ ਅਤੇ ਦੱਖਣੀ ਹਿੱਸੇ 'ਤੇ ਹਮਲੇ ਕਰੇਗਾ। ਕਾਰਨ ਪੁੱਛਣ 'ਤੇ ਉਸ ਨੇ ਦੱਸਿਆ ਕਿ ਭਾਰਤ ਦੀ ਜ਼ਿਆਦਾਤਰ ਡਿਫੈਂਸ ਅਤੇ ਹੋਰ ਹੈਵੀ ਇੰਡਸਟਰੀ ਪਾਕਿਸਤਾਨੀ ਬਾਰਡਰ ਤੋਂ ਦੂਰ ਪੂਰਬ ਅਤੇ ਦੱਖਣ ਵਿੱਚ ਕਾਇਮ ਹੈ, ਇਹ ਤਬਾਹ ਹੋਣ ਨਾਲ ਭਾਰਤ ਦਾ ਲੱਕ ਟੁੱਟ ਜਾਵੇਗਾ।
ਇਸ ਸਿਰਫਿਰੇ ਵਿਅਕਤੀ ਨੂੰ ਇਹ ਨਹੀਂ ਪਤਾ ਕਿ ਪਾਕਿਸਤਾਨੀ ਜਹਾਜ਼, ਡਰੋਨ ਅਤੇ ਮਿਜ਼ਾਈਲਾਂ -ਭਾਰਤੀ ਰੱਖਿਆ ਪ੍ਰਣਾਲੀਆਂ ਅਤੇ ਹਵਾਈ ਸੈਨਾ ਤੋਂ ਬਚ ਕੇ- ਏਨੀ ਦੂਰ ਪਹੁੰਚਣੇ ਕਿਵੇਂ ਹਨ।
ਉਸਦਾ ਇੱਕ ਹੋਰ ਮੂਰਖਤਾ ਭਰਿਆ ਬਿਆਨ ਹੈ ਕਿ 'ਜੇ ਭਾਰਤ ਸਿੰਧੂ ਨਦੀ 'ਤੇ ਡੈਮ ਬਣਾਏਗਾ ਤਾਂ ਉਹ ਉਸਨੂੰ ਮਿਜ਼ਾਈਲਾਂ ਨਾਲ ਤਬਾਹ ਕਰ ਦੇਵੇਗਾ।' ਪਰ ਡੈਮ ਕੋਈ ਮੋਘੇ ਦਾ ਨੱਕਾ ਨਹੀਂ ਹੁੰਦੇ, ਇਨ੍ਹਾਂ ਨੂੰ ਬਣਦਿਆਂ ਸਾਲਾਂ ਸਾਲ ਲੱਗ ਜਾਂਦੇ ਹਨ- ਜਦੋਂ ਤੱਕ ਇਹ ਡੈਮ ਮੁਕੰਮਲ ਹੋਣਾ ਹੈ, ਉਦੋਂ ਤੱਕ ਤਾਂ ਮੁਨੀਰ ਨੇ ਰਿਟਾਇਰ ਹੋ ਕੇ ਅੱਲ੍ਹਾ ਨੂੰ ਵੀ ਪਿਆਰੇ ਹੋ ਚੁੱਕੇ ਹੋਣਾ ਹੈ।
ਉਸਦੇ ਬਿਆਨਾਂ ਦਾ ਇੱਕ ਡੂੰਘਾ ਰਾਜਨੀਤਕ ਕਾਰਨ ਵੀ ਹੈ। ਅਜਿਹੇ ਭੜਕਾਊ ਬਿਆਨ ਦੇ ਕੇ ਉਹ ਸ਼ਹਿਬਾਜ਼ ਸ਼ਰੀਫ਼ ਅਤੇ ਪਾਕਿਸਤਾਨੀ ਜਨਤਾ ਨੂੰ ਇਹ ਸਪਸ਼ਟ ਸੰਦੇਸ਼ ਦੇ ਰਿਹਾ ਹੈ ਕਿ ਦੇਸ਼ ਦਾ ਅਸਲੀ ਮਾਲਕ ਉਹ ਹੈ ਅਤੇ ਜਦੋਂ ਚਾਹੇਗਾ ਗੱਦੀ ਹਥਿਆ ਲਏਗਾ।

ਭਾਰਤ ਨਾਲ ਪਿਛਲੀਆਂ ਜੰਗਾਂ ਵੀ ਅਜਿਹੇ ਮੂਰਖ ਪਾਕਿਸਤਾਨੀ ਤਾਨਾਸ਼ਾਹ ਜਰਨੈਲਾਂ ਨੇ ਹੀ ਸ਼ੁਰੂ ਕੀਤੀਆਂ ਸਨ। ਭਾਰਤ ਨੂੰ ਅਜਿਹੇ ਸਨਕੀ ਅਤੇ ਡੀਂਗਾਂ ਮਾਰਨ ਵਾਲੇ ਵਿਅਕਤੀ ਤੋਂ ਹਮੇਸ਼ਾਂ ਖਬਰਦਾਰ ਰਹਿਣਾ ਚਾਹੀਦਾ ਹੈ।

ਪੰਡੋਰੀ ਸਿੱਧਵਾਂ 95011 00062

ਡਾ. ਰਾਜਿੰਦਰ ਭਾਰੁਡ (IAS) ਦੇ ਮੂੰਹੋਂ

ਮੇਰਾ ਨਾਂ ਡਾ. ਰਾਜਿੰਦਰ ਭਾਰੁਡ ਹੈ। ਮੇਰਾ ਜਨਮ ਮਹਾਰਾਸ਼ਟਰ ਵਿੱਚ ਸਾਕਰੀ ਤਹਿਸੀਲ ਦੇ ਸਮੋਡੇ ਪਿੰਡ ਵਿੱਚ ਹੋਇਆ।

ਮੈਂ ਭੀਲ ਕਬੀਲੇ ਦਾ ਹਾਂ। ਮੇਰੇ ਪੈਦਾ ਹੋਣ ਤੋਂ ਪਹਿਲਾਂ ਹੀ ਮੇਰੇ ਪਿਤਾ ਜੀ ਦਾ ਦੇਹਾਂਤ ਹੋ ਗਿਆ ਸੀ ਅਤੇ ਘਰ ਵਿੱਚ ਕੋਈ ਮਰਦ ਨਹੀਂ ਸੀ। ਅਸੀਂ ਬਹੁਤ ਗਰੀਬੀ ਵਿੱਚ ਜੀਵਨ ਬਤੀਤ ਕਰ ਰਹੇ ਸੀ। ਏਨੀ ਤੰਗਦਸਤੀ ਸੀ ਕਿ ਤਸਵੀਰ ਖਿਚਾਉਣ ਲਈ ਵੀ ਪੈਸੇ ਨਹੀਂ ਸਨ ਅਤੇ ਅੱਜ ਤੱਕ ਮੈਨੂੰ ਇਹ ਵੀ ਨਹੀਂ ਪਤਾ ਕਿ ਮੇਰੇ ਪਿਤਾ ਜੀ ਕਿਹੋ ਜਿਹੇ ਦਿਸਦੇ ਸਨ। ਨਾ ਜ਼ਮੀਨ ਸੀ, ਨਾ ਜਾਇਦਾਦ। ਅਸੀਂ ਗੰਨੇ ਦੇ ਪੱਤਿਆਂ ਦੀ ਝੋਂਪੜੀ ਵਿੱਚ ਰਹਿੰਦੇ ਸੀ।

ਪਰ ਮਾਂ (ਮਾਈ) ਬਹੁਤ ਹਿੰਮਤੀ ਸੀ। ਉਹ ਕਦੇ ਵੀ ਸਾਡੀ ਹਾਲਤ ਨੂੰ ਰੋਣ ਨਹੀਂ ਬੈਠੀ। ਉਸਦੇ ਦੋ ਪੁੱਤਰ ਸਨ, ਜਿਨ੍ਹਾਂ ਦੀ ਉਸਨੇ ਦੇਖਭਾਲ ਕਰਨੀ ਸੀ, ਇਸ ਵਾਸਤੇ ਉਸਨੇ ਕਮਾਈ ਦਾ ਕੋਈ ਨਾ ਕੋਈ ਸੌਖਾ ਰਾਹ ਲੱਭਣਾ ਸੀ। ਉਹ ਫੁੱਲਾਂ ਤੋਂ ਸ਼ਰਾਬ ਬਨਾਉਣ ਅਤੇ ਵੇਚਣ ਲੱਗ ਪਈ।

ਆਦਮੀ ਸਾਡੀ ਝੋਂਪੜੀ ਵਿੱਚ ਆਉਂਦੇ ਅਤੇ ਸ਼ਰਾਬ ਪੀਂਦੇ।

ਬਾਅਦ ਵਿੱਚ ਮਾਂ ਨੇ ਮੈਨੂੰ ਦੱਸਿਆ ਕਿ ਜਦੋਂ ਮੈਂ ਬੱਚਾ ਸੀ ਅਤੇ ਰੋਣ ਲੱਗ ਪੈਂਦਾ ਤਾਂ ਕਈ ਵਾਰ ਉਹ ਮੈਨੂੰ ਉਸੇ ਸ਼ਰਾਬ ਦੀਆਂ ਦੋ-ਤਿੰਨ ਬੂੰਦਾਂ ਦੇ ਦਿੰਦੀ ਤਾਂ ਜੋ ਮੈਂ ਸੌਂ ਜਾਵਾਂ, ਕਿਉਂਕਿ ਉਹ ਕਾਰੋਬਾਰ ਦਾ ਸਮਾਂ ਹੁੰਦਾ ਸੀ ਅਤੇ ਉਹ ਗਾਹਕਾਂ ਨੂੰ ਤੰਗ ਨਹੀਂ ਕਰਨਾ ਚਾਹੁੰਦੀ ਸੀ।

ਜਿਵੇਂ ਜਿਵੇਂ ਮੈਂ ਵੱਡਾ ਹੋਇਆ, ਮੈਂ ਗਾਹਕਾਂ ਲਈ ਮੂੰਗਫਲੀ ਜਾਂ ਭੁਜੀਆ ਵਗੈਰਾ ਲਿਆਉਂਦਾ ਹੁੰਦਾ ਸੀ।

ਮਾਂ ਇਸ ਵੱਲੋਂ ਬਹੁਤ ਪੱਕੀ ਸੀ ਅਤੇ ਉਸਨੇ ਇਹ ਯਕੀਨੀ ਬਣਾਇਆ ਕਿ ਅਸੀਂ ਦੋਵੇਂ ਭਰਾ ਸਕੂਲ ਜਾਈਏ। ਮੈਂ ਜ਼ਿਲ੍ਹਾ ਪਰਿਸ਼ਦ ਸਕੂਲ ਵਿੱਚ ਜਾਂਦਾ ਸੀ।

ਡਾ. ਰਾਜਿੰਦਰ ਭਾਰੁਡ

ਹਾਲਾਂਕਿ ਮੇਰੇ ਕੋਲ ਨਾ ਕਿਤਾਬਾਂ ਸਨ ਨਾ ਕਲਮਾਂ (ਖਰੀਦਣ ਲਈ ਪੈਸੇ ਹੀ ਨਹੀਂ ਸੀ), ਪਰ ਮੈਨੂੰ ਪੜ੍ਹਨਾ ਚੰਗਾ ਲੱਗਦਾ ਸੀ। ਅਸੀਂ ਆਪਣੀ ਭੀਲ ਕੌਮ / ਪਿੰਡ ਦੇ ਪਹਿਲੇ ਬੱਚੇ ਸੀ ਜੋ ਸਕੂਲ ਗਏ। ਕਿਸੇ ਨੂੰ ਸਿੱਖਿਆ ਦੀ ਕੋਈ ਪਰਵਾਹ ਨਹੀਂ ਸੀ।

ਇੱਕ ਵਾਰ, ਇਮਤਿਹਾਨਾਂ ਦੇ ਦੌਰਾਨ ਮੈਂ ਪੜ੍ਹ ਰਿਹਾ ਸੀ ਅਤੇ ਇੱਕ ਗਾਹਕ ਨੇ ਮੈਨੂੰ ਮੂੰਗਫਲੀ ਲਿਆਉਣ ਲਈ ਕਿਹਾ। ਮੈਂ ਸਾਫ਼ ਇਨਕਾਰ ਕਰ ਦਿੱਤਾ। ਉਸਨੇ ਹੱਸ ਕੇ ਕਿਹਾ – "ਲੈ, ਪੜ੍ਹ ਕੇ ਬੜਾ ਤੂੰ ਡਾਕਟਰ, ਇੰਜੀਨੀਅਰ ਬਣ ਜਾਣੈਂ!" ਮੈਨੂੰ ਇਹ ਗੱਲ ਬਹੁਤ ਚੁਭੀ। ਪਰ ਮਾਂ ਨੇ ਉਸਨੂੰ ਤੁਰੰਤ ਕਿਹਾ ਕਿ ਮੈਂ ਜ਼ਰੂਰ ਬਣਾਂਗਾ। ਮਾਂ ਦੇ ਭਰੋਸੇ ਨੇ ਮੈਨੂੰ ਹੌਂਸਲਾ ਦਿੱਤਾ ਅਤੇ ਮੈਂ ਸੋਚਿਆ ਕਿ ਮੈਂ ਪੜ੍ਹਾਈ ਵਿੱਚ ਆਪਣੀ ਪੂਰੀ ਤਾਕਤ ਲਾ ਦਿਆਂ।

ਬਾਅਦ ਵਿੱਚ ਮੈਨੂੰ CBSE ਸਕੂਲ ਵਿੱਚ ਦਾਖਲਾ ਮਿਲਿਆ, ਅੱਕਲਕੂਆ ਤਹਿਸੀਲ ਵਿੱਚ, ਸਾਡੇ ਪਿੰਡ ਤੋਂ 150 ਕਿਲੋਮੀਟਰ ਦੂਰ। ਮੈਨੂੰ ਉੱਥੇ ਹੀ ਰਹਿਣਾ ਪਿਆ। ਮਾਂ ਮੈਨੂੰ ਛੱਡਣ ਗਈ ਅਤੇ ਜਦੋਂ ਉਹ ਮੁੜੀ ਤਾਂ ਅਸੀਂ ਦੋਵੇਂ ਬਹੁਤ ਰੋਏ। ਆਪਣੇ ਬਲਬੂਤੇ ਰਹਿਣਾ ਔਖਾ ਸੀ ਪਰ ਮੈਨੂੰ ਸਮਝ ਆ ਗਿਆ ਕਿ ਮੈਨੂੰ ਇਹ ਮੌਕਾ ਵਿਅਰਥ ਨਹੀਂ ਜਾਣ ਦੇਣਾ ਚਾਹੀਦਾ। ਇਸ ਗੱਲ ਨੇ ਮੈਨੂੰ ਹੋਰ ਵੀ ਮਿਹਨਤੀ ਬਣਾਅ ਦਿੱਤਾ। ਮੈਂ ਹੋਰ ਮਨ ਲਾ ਕੇ ਪੜ੍ਹਿਆ ਅਤੇ 12ਵੀਂ ਵਿੱਚ 97% ਅੰਕ ਹਾਸਲ ਕੀਤੇ।

ਮੈਨੂੰ ਮੁੰਬਈ ਦੇ ਜੀਐੱਸ ਮੈਡੀਕਲ ਕਾਲਜ ਵਿੱਚ ਮੈਰਿਟ 'ਤੇ ਦਾਖਲਾ ਮਿਲਿਆ ਅਤੇ ਕਈ ਸਕਾਲਰਸ਼ਿਪ ਵੀ ਮਿਲੇ। ਇਸ ਨਾਲ ਮੇਰੀ ਪੜ੍ਹਾਈ

ਮੇਰੀ ਤਾਕਤ – ਮੇਰੀ ਮਾਂ। ਅਤੇ ਪਿੰਡ ਵਾਲੇ, ਜੋ ਸਾਡੇ ਵਰਗੇ ਹੀ ਗਰੀਬ ਸਨ– ਉਹ ਵੀ ਭੁੱਖੇ ਸੌਂਦੇ ਸਨ, ਉਹ ਵੀ ਉਹੀ ਖੇਡਾਂ ਖੇਡਦੇ ਸਨ– ਇਸ ਲਈ ਮੈਨੂੰ ਗਰੀਬੀ ਦਾ ਅਹਿਸਾਸ ਨਹੀਂ ਸੀ।

ਜਦੋਂ ਮੈਂ ਮੁੰਬਈ ਪੜ੍ਹਨ ਗਿਆ ਤਾਂ ਫ਼ਰਕ ਸਪੱਸ਼ਟ ਹੋ ਗਿਆ। ਪਰ ਮੈਨੂੰ ਕਦੇ ਵੀ ਅਮੀਰਾਂ ਨਾਲ ਈਰਖਾ ਨਹੀਂ ਹੋਈ, ਨਾ ਹੀ ਕਦੇ ਆਪਣੀ ਕਿਸਮਤ ਨੂੰ ਕੋਸਿਆ। ਮੈਨੂੰ ਸਿਰਫ਼ ਇਹ ਅਹਿਸਾਸ ਹੋਇਆ ਕਿ ਜੇ ਮੈਂ ਆਪਣੀ ਹਾਲਤ ਬਦਲਣੀ ਹੈ ਤਾਂ ਮੈਨੂੰ ਖੁਦ ਹੀ ਮਿਹਨਤ ਕਰਨੀ ਪਏਗੀ। ਅਤੇ ਮੈਂ ਪੜ੍ਹਿਆ, ਕਸਰਤ ਕੀਤੀ, ਫਿਰ ਪੜ੍ਹਿਆ। ਹਾਂ, ਮੈਨੂੰ ਉਹ ਸਭ ਕੁਝ ਨਹੀਂ ਮਿਲਿਆ ਜੋ ਆਮ ਬੱਚਿਆਂ ਜਾਂ ਨੌਜਵਾਨਾਂ ਨੂੰ ਮਿਲਦਾ ਹੈ, ਪਰ ਮੈਂ ਉਹ ਵੇਖਦਾ ਹਾਂ ਜੋ ਅੱਜ ਮੇਰੇ ਕੋਲ ਹੈ।

ਅਤੇ ਹੋਸਟਲ ਦੇ ਖਰਚੇ ਪੂਰੇ ਹੋ ਗਏ। ਮਾਂ ਕਦੇ-ਕਦੇ ਮੇਰੇ ਰੋਜ਼ਾਨਾ ਖਰਚੇ ਲਈ ਕੁਝ ਪੈਸੇ ਭੇਜ ਦਿੰਦੀ ਸੀ। ਉਸ ਆਪਣਾ ਸ਼ਰਾਬ ਦਾ ਕਾਰੋਬਾਰ ਜਾਰੀ ਰੱਖਿਆ ਕਿਉਂਕਿ ਉਹੀ ਸਾਡੀ ਇੱਕੋ ਇੱਕ ਆਮਦਨ ਸੀ।
ਜਦੋਂ ਪੜ੍ਹਾਈ ਚੱਲ ਰਹੀ ਸੀ, ਮੈਂ ਫ਼ੈਸਲਾ ਕੀਤਾ ਕਿ ਮੈਂ UPSC ਦੀ ਪ੍ਰੀਖਿਆ ਵੀ ਦੇਵਾਂ। ਸੋ MBBS ਦੇ ਆਖਰੀ ਸਾਲ ਵਿੱਚ, ਇੰਟਰਨਸ਼ਿਪ ਕਰਦਿਆਂ, ਮੈਂ ਦੋਨਾਂ ਇਮਤਿਹਾਨਾਂ ਦੀ ਤਿਆਰੀ ਕਰ ਰਿਹਾ ਸੀ। ਜਿੱਥੇ ਤੱਕ ਮਾਂ ਦਾ ਸਵਾਲ ਸੀ, ਉਸਨੂੰ ਇਹੀ ਪਤਾ ਸੀ ਕਿ ਮੈਂ ਡਾਕਟਰ ਬਣਨ ਲਈ ਪੜ੍ਹ ਰਿਹਾ ਹਾਂ। ਉਸਨੂੰ UPSC ਬਾਰੇ ਕੁਝ ਪਤਾ ਨਹੀਂ ਸੀ, ਨਾ ਇਹ ਕਿ ਉਹ ਪ੍ਰੀਖਿਆ ਕਿਉਂ ਦਿੱਤੀ ਜਾਂਦੀ ਹੈ, ਨਾ ਇਹ ਕਿ ਉਸ ਨਾਲ ਕੀ ਮਿਲੇਗਾ। ਮੇਰੀ ਇੱਛਾ ਕਲੈਕਟਰ ਬਣਨ ਦੀ ਸੀ ਪਰ ਮਾਂ ਨੂੰ ਤਾਂ ਇਲਾਕੇ ਦੇ ਤਹਿਸੀਲਦਾਰ ਬਾਰੇ ਵੀ ਕੋਈ ਜਾਣਕਾਰੀ ਨਹੀਂ ਸੀ।

ਅਖੀਰ, ਜਦੋਂ ਸਾਲ ਮੁੱਕਾ, ਮੇਰੇ ਇੱਕ ਹੱਥ ਵਿੱਚ MBBS ਦੀ ਡਿਗਰੀ ਸੀ ਅਤੇ ਦੂਜੇ ਹੱਥ ਵਿੱਚ UPSC ਪਾਸ ਕਰਨ ਦਾ ਨਤੀਜਾ। ਜਦੋਂ ਮੈਂ ਵਾਪਸ ਪਿੰਡ ਆਇਆ ਤਾਂ ਕਈ ਅਹਿਮ ਲੋਕ ਮੈਨੂੰ ਮਿਲਣ ਆਏ – ਰਾਜਨੀਤਕ ਨੇਤਾ, ਜ਼ਿਲ੍ਹਾ ਕਲੈਕਟਰ, ਸਥਾਨਕ ਅਧਿਕਾਰੀ – ਸਭ ਮੈਨੂੰ ਵਧਾਈ ਦੇਣ ਆਏ। ਮਾਂ ਹੈਰਾਨ ਸੀ, ਉਸਨੂੰ ਕੁਝ ਸਮਝ ਨਹੀਂ ਆ ਰਿਹਾ ਸੀ! ਮੈਂ ਉਸਨੂੰ ਕਿਹਾ ਕਿ ਮੈਂ ਡਾਕਟਰ ਬਣ ਗਿਆ ਹਾਂ। ਉਹ ਬਹੁਤ ਖੁਸ਼ ਹੋਈ।
ਮੈਂ ਉਸਨੂੰ ਇਹ ਵੀ ਕਿਹਾ ਕਿ ਮੈਂ ਮੈਡੀਕਲ ਦੀ ਪ੍ਰੈਕਟਿਸ ਨਹੀਂ ਕਰਾਂਗਾ ਕਿਉਂਕਿ ਹੁਣ ਮੈਂ ਕਲੈਕਟਰ ਬਣ ਗਿਆ ਹਾਂ। ਉਸਨੂੰ ਇਹ ਨਹੀਂ ਪਤਾ ਸੀ ਕਿ ਇਹ ਕੀ ਹੁੰਦਾ ਹੈ ਪਰ ਉਹ ਸਮਝ ਗਈ ਕਿ ਇਹ ਕੋਈ ਵੱਡੀ ਗੱਲ ਹੈ। ਅਸਲ ਵਿੱਚ ਸਾਡੇ ਭੀਲ ਪਿੰਡ ਵਿਚ ਕਿਸੇ ਨੂੰ ਵੀ ਨਹੀਂ ਪਤਾ ਸੀ ਕਿ ਇਸਦਾ ਕੀ ਅਰਥ ਹੈ। ਪਰ ਸਭ ਖੁਸ਼ ਸਨ ਕਿ "ਸਾਡਾ ਰਾਜੂ" ਵੱਡਾ ਆਦਮੀ ਬਣ ਗਿਆ। ਕੁਝ ਤਾਂ ਮੈਨੂੰ "ਕੰਡਕਟਰ" ਬਣਨ ਦੀ ਵੀ ਵਧਾਈ ਦੇ ਰਹੇ ਸਨ!

ਅੱਜ ਮੈਂ ਨੰਦੁਰਬਾਰ ਜ਼ਿਲ੍ਹੇ ਵਿੱਚ ਜ਼ਿਲ੍ਹਾ ਕਲੈਕਟਰ ਵਜੋਂ ਤੈਨਾਤ ਹਾਂ ਅਤੇ ਮਾਂ ਮੇਰੇ ਨਾਲ ਹੈ। ਇਹ ਕਾਫ਼ੀ ਪੱਛੜਿਆ ਹੋਇਆ ਇਲਾਕਾ ਹੈ ਜਿੱਥੇ ਅਕਸਰ ਆਦਿਵਾਸੀ ਅਤੇ ਭੀਲ ਜਨਜਾਤੀ ਹੀ ਵਸਦੀ ਹੈ। ਇੱਥੇ ਤਰੱਕੀ ਵਾਸਤੇ ਬਹੁਤ ਕੁਝ ਕਰਨਾ ਬਾਕੀ ਹੈ ਅਤੇ ਮੈਂ ਇਸ ਲਈ ਬਹੁਤ ਉਤਾਵਲਾ ਹਾਂ।

ਅਕਸਰ ਮੈਨੂੰ ਪੁੱਛਿਆ ਜਾਂਦਾ ਹੈ ਕਿ ਏਨੀਆਂ ਰੁਕਾਵਟਾਂ ਦੇ ਬਾਵਜੂਦ ਮੈਂ ਇੱਥੇ ਤੱਕ ਕਿਵੇਂ ਪਹੁੰਚਿਆ। ਬਚਪਨ ਤੋਂ ਹੀ ਸੰਘਰਸ਼ ਸੀ। ਦਿਨ ਵਿੱਚ ਦੋ ਵਾਰ ਖਾਣਾ ਮਿਲ ਜਾਣਾ ਵੀ ਵੱਡੀ ਗੱਲ ਸੀ। ਸਾਡੇ ਖਿਡੌਣੇ ਅੰਬ ਦੀਆਂ ਗਿਟਕਾਂ ਜਾਂ ਲੱਕੜ ਦੇ ਡੰਡੇ ਹੁੰਦੇ ਸਨ। ਦਰਿਆ ਵਿੱਚ ਤਰਨਾ ਅਤੇ ਪਹਾੜ ਚੜ੍ਹਨਾ ਹੀ ਸਾਡਾ ਬਚਪਨ ਸੀ। ਇਸ ਨਾਲ ਮੈਂ ਸਰੀਰਕ ਅਤੇ ਮਾਨਸਕ ਤੌਰ 'ਤੇ ਮਜ਼ਬੂਤ ਬਣ ਗਿਆ।
ਮੇਰੇ ਨਾਲ ਕੌਣ ਸੀ? ਮੇਰੀ ਤਾਕਤ – ਮੇਰੀ ਮਾਂ। ਅਤੇ ਪਿੰਡ ਵਾਲੇ, ਜੋ ਸਾਡੇ ਵਰਗੇ ਹੀ ਗਰੀਬ ਸਨ- ਉਹ ਵੀ ਭੁੱਖੇ ਸੌਂਦੇ ਸਨ, ਉਹ ਵੀ ਉਹੀ ਖੇਡਾਂ ਖੇਡਦੇ ਸਨ- ਇਸ ਲਈ ਮੈਨੂੰ ਗਰੀਬੀ ਦਾ ਅਹਿਸਾਸ ਨਹੀਂ ਸੀ। ਜਦੋਂ ਮੈਂ ਮੁੰਬਈ ਪੜ੍ਹਨ ਗਿਆ ਸੀ ਤਾਂ ਫ਼ਰਕ ਸਪੱਸ਼ਟ ਹੋ ਗਿਆ। ਪਰ ਮੈਨੂੰ ਕਦੇ ਵੀ ਅਮੀਰਾਂ ਨਾਲ ਈਰਖਾ ਨਾਂ ਹੋਈ, ਨਾ ਹੀ ਕਦੇ ਆਪਣੀ ਕਿਸਮਤ ਨੂੰ ਕੋਸਿਆ। ਮੈਨੂੰ ਸਿਰਫ਼ ਇਹ ਅਹਿਸਾਸ ਹੋਇਆ ਕਿ ਜੇ ਮੈਂ ਆਪਣੀ ਹਾਲਤ ਬਦਲਣੀ ਹੈ ਤਾਂ ਮੈਨੂੰ ਖੁਦ ਹੀ ਮਿਹਨਤ ਕਰਨੀ ਪਏਗੀ। ਅਤੇ ਮੈਂ ਪੜ੍ਹਿਆ, ਕਸਰਤ ਕੀਤੀ, ਫਿਰ ਪੜ੍ਹਿਆ। ਹਾਂ, ਮੈਨੂੰ ਉਹ ਸਭ ਕੁਝ ਨਹੀਂ ਮਿਲਿਆ ਜੋ ਆਮ ਬੱਚਿਆਂ ਜਾਂ ਨੌਜਵਾਨਾਂ ਨੂੰ ਮਿਲਦਾ ਹੈ, ਪਰ ਮੈਂ ਉਹ ਵੇਖਦਾ ਹਾਂ ਜੋ ਅੱਜ ਮੇਰੇ ਕੋਲ ਹੈ- ਇੱਕ ਭੀਲ ਜਨਜਾਤੀ ਦਾ ਲੜਕਾ, ਰਾਜਿੰਦਰ ਭਾਰੁਡ, 31 ਸਾਲ ਦੀ ਉਮਰ ਵਿੱਚ IAS ਅਧਿਕਾਰੀ, ਆਪਣੀ ਕੌਮ, ਆਪਣੇ ਪਿੰਡ ਅਤੇ ਆਪਣੇ ਇਲਾਕੇ ਵਿੱਚੋਂ ਪਹਿਲਾ। ਅੱਜ ਮੇਰੇ ਕੋਲ ਉਹ ਸਭ ਕੁਝ ਹੈ ਜਿਸਦਾ ਮੈਂ ਸਿਰਫ਼ ਸੁਪਨਾ ਦੇਖ ਸਕਦਾ ਸੀ।
ਸਭ ਤੋਂ ਵੱਡੀ ਗੱਲ ਇਹ ਹੈ ਕਿ ਮੇਰੇ ਇਸ ਸਫ਼ਰ ਨੂੰ ਦੇਖ, ਮੇਰੇ ਲੋਕਾਂ ਵਿੱਚ ਇਹ ਜਾਗਰੂਕਤਾ ਆਈ ਹੈ ਕਿ ਉਹ ਵੀ ਕੁਝ ਹਾਸਲ ਕਰ ਸਕਦੇ ਹਨ। ਇਹ ਆਪਣੇ ਆਪ ਵਿੱਚ ਮੇਰੇ ਲਈ ਸਭ ਤੋਂ ਵੱਡਾ ਇਨਾਮ ਹੈ।

ਡਾ. ਪਰਮਜੀਤ ਚੁੰਬਰ

ਹਰੀ ਪੱਤਝੜ

ਉਫ਼!।।
ਰੁੱਖੀਆਂ ਰੁੱਤਾਂ
ਜ਼ਖ਼ਮੀ ਕਰਦੀਆਂ
ਰੁੱਖਾਂ ਦੀਆਂ ਆਂਦਰਾਂ ਨੂੰ

ਚੂਸ ਲੈਂਦੀਆਂ ਜ਼ਿੰਦਗੀ ਦੀ ਨਮੀ
ਮੁੱਕਦੇ ਰੰਗ -ਨਵੀਂ ਕਥਾ ਪੂਰਦੇ
ਤੇ ਖਾ ਜਾਂਦੀ ਸਾਵੇ ਪੱਤਿਆਂ ਨੂੰ
ਪੀਲੀ-ਜ਼ਰਦ

ਰੁੱਖ ਦੀਆਂ ਵਜੂਦੀ ਤੰਦਾਂ
ਤੜਫਦੀਆਂ, ਕੀਰਨੇ ਪਾਉਂਦੀਆਂ
ਕਿ ਮੋੜ ਲਿਆਵੇ ਕੋਈ
ਝੜ ਗਿਆਂ ਨੂੰ

ਆਖਿਰ ਅਰਜ਼ੋਈਆਂ ਨੂੰ
ਕੁਦਰਤ,
ਬਖਸ਼ਦੀ –
ਕਰੂੰਬਲਾਂ ਦੇ ਪੁੰਗਰਨ ਦਾ ਵਰ

ਰੁੱਤਾਂ ਦੀ ਪਰਕਰਮਾ ਉਡੀਕਦਾ
ਖੁਦ ਨੂੰ ਸਮਰਪਤ ਕਰਦਾ
ਜ਼ਖ਼ਮੀ ਦਰਵੇਸ਼
ਔੜ ਭੋਗਦਾ
ਵਰ 'ਚ ਸਮਾ ਜਾਂਦਾ
ਬਹਾਰ ਦੀ ਸੋਹਣੀ ਰੁੱਤੇ ।...

ਪਰ ਮੈਂ ਆਪਣੇ ਅੰਦਰ ਟੁੱਟੇ
ਹਰੇ ਕਚੂਰ ਪੱਤਿਆਂ ਦਾ
ਕੀ ਕਰਾਂ...

ਅੰਜਨਾ ਮੈਨਨ

ਸੋਫ਼ੀ ਦਾ ਸੰਸਾਰ

ਯੌਸਤੀਨ ਗਾਰਦਰ
ਅਨੁਵਾਦ: ਪੂਨਮ ਸਿੰਘ

ਬਗੀਚਾ ਪਾਰਟੀ

....ਚਿੱਟਾ ਕਾਂ....

ਵਿੱਤੀ-ਮਾਲੀ ਸਲਾਹਕਾਰ ਅਜੇ ਵੀ ਖਲੋਤਾ ਸੀ, ਮੇਜ਼ 'ਤੇ ਉਂਗਲੀਆਂ ਨਾਲ ਅਵਾਜ਼ ਕੱਢਦਾ।

''ਇਹ ਰੋਸ-ਕਰੂ, ਉਨ੍ਹਾਂ ਸਾਰੀਆਂ ਚੰਗੀਆਂ ਤਕੜੀਆਂ ਕਦਰਾਂ ਕੀਮਤਾਂ ਨੂੰ ਤੋੜਨ ਦੀ ਕੋਸ਼ਿਸ਼ ਕਰ ਰਿਹਾ ਹੈ ਜਿਹੜੀਆਂ ਸਕੂਲ ਅਤੇ ਗਿਰਜੇ ਅਤੇ ਅਸੀਂ ਆਪ ਨੌਜਵਾਨ ਪੀੜ੍ਹੀ ਨੂੰ ਦੇਣ ਦੀ ਕੋਸ਼ਿਸ਼ ਕਰ ਰਹੇ ਹਾਂ। ਇਹੀ ਹਨ ਜਿਨ੍ਹਾਂ ਨੂੰ ਭਵਿੱਖ ਉਡੀਕਦਾ ਪਿਆ ਹੈ ਅਤੇ ਜਿਨ੍ਹਾਂ ਨੂੰ ਇੱਕ ਦਿਨ ਉਹ ਸਭ ਕੁਝ ਵਿਰਸੇ ਵਿਚ ਮਿਲਣਾ ਹੈ ਜੋ ਅਸੀਂ ਜੋੜਿਆ ਹੈ। ਜੇ ਇਹ ਆਦਮੀ ਫ਼ੌਰਨ ਕੱਢ ਨਾ ਦਿੱਤਾ ਗਿਆ ਇਸ ਇਕੱਤਰਤਾ ਵਿਚੋਂ ਤਾਂ ਮੈਂ ਆਪਣੇ ਵਕੀਲ ਨੂੰ ਸੱਦਣ ਦਾ ਇਰਾਦਾ ਰੱਖਦਾ ਹਾਂ। ਉਸਨੂੰ ਪਤਾ ਹੋਏਗਾ ਕਿ ਇਸ ਹਾਲਤ ਨਾਲ ਕਿਵੇਂ ਸਿੱਝਣਾ ਹੈ।''

''ਇਸਦਾ ਕੋਈ ਖ਼ਾਸ ਫ਼ਰਕ ਨਹੀਂ ਪੈਣਾ ਕਿ ਤੁਸੀਂ ਇਸ ਹਾਲਤ ਨਾਲ ਸਿੱਝਦੇ ਹੋ ਕਿ ਨਹੀਂ ਸਿੱਝਦੇ, ਕਿਉਂਕਿ ਤੁਸੀਂ ਇੱਕ ਪਰਛਾਵੇਂ ਤੋਂ ਵੱਧ ਕੁਝ ਨਹੀਂ ਹੋ। ਖ਼ੈਰ, ਸੋਫ਼ੀ ਅਤੇ ਮੈਂ ਇਸ ਪਾਰਟੀ ਵਿਚੋਂ ਨਿਕਲਣ ਹੀ ਵਾਲੇ ਹਾਂ, ਕਿਉਂਕਿ ਸਾਡੇ ਲਈ ਫ਼ਲਸਫ਼ੇ ਦਾ ਕੋਰਸ ਨਿਰਾ ਥਿਊਰੀ ਵਾਲਾ ਹੀ ਨਹੀਂ ਰਿਹਾ। ਇਸਦਾ ਇੱਕ ਪ੍ਰੈਕਟੀਕਲ ਪਾਸਾ ਵੀ ਰਿਹਾ ਹੈ। ਜਦੋਂ ਸਮਾਂ ਸਹੀ ਲੱਗਾ ਅਸੀਂ ਆਪਣਾ ਗ਼ਾਇਬ ਹੋਣ ਵਾਲਾ ਕਰਤਬ ਕਰਾਂਗੇ। ਇਸੇ ਤਰ੍ਹਾਂ ਅਸੀਂ ਮੇਜਰ ਦੀ ਸੁਚੇਤੀ ਵਿੱਚੋਂ ਅੱਖ ਬਚਾਅ ਕੇ ਖਿਸਕ ਜਾਣਾ ਹੈ।''

ਹੈਲਨ ਏਮੰਡਸਨ ਨੇ ਆਪਣੀ ਧੀ ਦੀ ਬਾਂਹ ਫੜ ਲਈ। ''ਤੂੰ ਮੈਨੂੰ ਛੱਡ ਕੇ ਤਾਂ ਨਹੀਂ ਜਾ ਰਹੀ, ਸੋਫ਼ੀ?''

ਸੋਫ਼ੀ ਨੇ ਆਪਣੀ ਮਾਂ ਨੂੰ ਜੱਫੀ ਪਾ ਲਈ। ਉਸ ਅਲਬਰਟੋ ਵੱਲ ਤੱਕਿਆ।

''ਮਮ ਕਿੰਨੀ ਉਦਾਸ ਹੈ..''

''ਨਹੀਂ ਇਹ ਵੀ ਬੱਸ ਨਿਰੀ ਹਾਸੋਹੀਣੀ ਗੱਲ ਹੈ। ਭੁੱਲ ਨਾ ਕਿ ਤੂੰ ਕੀ ਸਿੱਖਿਆ ਹੈ। ਇਸੇ ਕਿਸਮ ਦੀ ਬਕਵਾਸ ਤੋਂ ਤਾਂ ਅਸੀਂ ਆਪਣੇ ਆਪ ਨੂੰ ਆਜ਼ਾਦ ਕਰਨਾ ਹੈ। ਤੇਰੀ ਮਾਂ ਇੱਕ ਪਿਆਰੀ ਅਤੇ ਦਿਆਲੂ ਤ੍ਰੀਮਤ ਹੈ, ਲਿਟਲ ਰੈੱਡ ਰਾਈਡਿੰਗਹੁੱਡ ਵਾਂਗ ਹੀ ਜਿਹੜੀ ਉਸ ਦਿਨ ਮੇਰੇ ਦਰਵਾਜ਼ੇ 'ਤੇ ਆਈ ਸੀ ਅਤੇ ਜਿਸ ਕੋਲ ਆਪਣੀ ਦਾਦੀ ਲਈ ਖਾਣ ਪੀਣ ਦੀਆਂ ਵਸਤਾਂ ਨਾਲ ਭਰੀ ਟੋਕਰੀ ਸੀ। ਤੇਰੀ ਮਾਂ ਓਸ ਹਵਾਈ ਜਹਾਜ਼ ਤੋਂ ਵੱਧ ਉਦਾਸ ਨਹੀਂ ਹੈ ਜਿਹੜਾ ਹੁਣੇ ਇੱਥੋਂ ਉੱਪਰੋਂ ਉੱਡ ਕੇ ਗਿਆ ਹੈ ਤੇ ਜਿਸਨੂੰ ਆਪਣੇ ਉਨ੍ਹਾਂ ਵਧਾਈ ਦੇਣੇ ਕਰਤਬਾਂ ਖ਼ਾਤਰ ਪਟਰੋਲ ਦੀ ਲੋੜ ਸੀ।''

ਅਲਬਰਟੋ ਨੌਕਸ ਦੀ ਇੱਕ AI ਦੀ ਬਣਾਈ ਫੋਟੋ

''ਮੇਰਾ ਖ਼ਿਆਲ ਹੈ ਮੈਂ ਸਮਝ ਗਈ ਹਾਂ,'' ਸੋਫ਼ੀ ਨੇ ਕਿਹਾ, ਅਤੇ ਮੁੜ ਆਪਣੀ ਮਾਂ ਵੱਲ ਮੁੜੀ। ''ਸੋ ਮੈਨੂੰ ਉਹੀ ਕਰਨਾ ਪਏਗਾ ਜੋ ਇਹ ਕਹਿੰਦੇ ਹਨ, ਮਮ। ਇੱਕ ਦਿਨ ਮੈਨੂੰ ਤੁਹਾਨੂੰ ਛੱਡਣਾ ਪੈਣਾ ਸੀ।''

''ਮੈਨੂੰ ਤੇਰੀ ਬਹੁਤ ਯਾਦ ਆਏਗੀ,'' ਉਸਦੀ ਮਾਂ ਨੇ ਕਿਹਾ, ''ਪਰ ਜੇ ਕੋਈ ਸਵਰਗ ਹੈ, ਉੱਤੇ, ਫਿਰ ਤਾਂ ਤੂੰ ਉੱਡ ਜਾ। ਮੈਂ ਵਾਅਦਾ ਕਰਦੀ ਹਾਂ ਕਿ ਮੈਂ ਗੋਵਿੰਦਾ ਦਾ ਚੰਗਾ ਖ਼ਿਆਲ ਰੱਖਾਂਗੀ। ਇਹ ਰੋਜ਼ ਦਾ ਇੱਕ ਹਰਾ ਪੱਤਾ ਖਾਂਦਾ ਹੈ ਕਿ ਦੋ?''

ਅਲਬਰਟੋ ਨੇ ਉਨ੍ਹਾਂ ਦੇ ਮੋਢੇ 'ਤੇ ਹੱਥ ਰੱਖਿਆ।

''ਨਾ ਤੁਹਾਨੂੰ ਨਾ ਇੱਥੇ ਕਿਸੇ ਹੋਰ ਨੂੰ ਸਾਡੀ ਯਾਦ ਆਉਣੀ ਹੈ, ਜਿਸਦੀ ਵਜ੍ਹਾ ਸਿਰਫ਼ ਏਨੀ ਹੈ ਕਿ ਤੁਸੀਂ ਹੈ ਹੀ ਨਹੀਂ ਹੋ। ਤੁਸੀਂ ਪਰਛਾਵਿਆਂ ਤੋਂ ਵੱਧ ਕੁਛ ਨਹੀਂ ਹੋ।''

''ਏਨੀ ਹੇਠੀ ਮੈਂ ਕਦੇ ਨਹੀਂ ਕਿਤੇ ਸੁਣੀ,'' ਸ਼੍ਰੀਮਤੀ ਇੰਗੇਬ੍ਰਿਗਸਟਨ ਫਟ ਪਏ। ਉਨ੍ਹਾਂ ਦੇ ਘਰਵਾਲੇ ਨੇ ਹਾਂ ਵਿਚ ਆਪਣਾ ਸਿਰ ਹਿਲਾਇਆ।

''ਹੋਰ ਕੁਝ ਨਹੀਂ ਤਾਂ, ਅਸੀਂ ਇਸ ਨੂੰ ਬਦਨਾਮੀ ਕਰਨ ਦੇ ਦੋਸ਼ ਵਿਚ ਤਾਂ ਫਸਾਅ ਹੀ ਸਕਦੇ ਹਾਂ। ਜ਼ਰੂਰ ਇਹ ਕਮਿਊਨਿਸਟ ਹੋਣਾ ਹੈ। ਇਹ ਸਾਡੇ ਕੋਲੋਂ ਉਹ ਸਭ ਕੁਝ ਖੋਹ ਲੈਣਾ ਚਾਹੁੰਦਾ ਹੈ ਜੋ ਜੋ ਸਾਨੂੰ ਪਿਆਰਾ ਹੈ। ਇਹ ਆਦਮੀ ਬਦਮਾਸ਼ ਹੈ।''

ਫੇਰ, ਦੋਏ, ਅਲਬਰਟੋ ਅਤੇ ਵਿੱਤੀ-ਮਾਲੀ ਸਲਾਹਕਾਰ, ਬੈਠ ਗਏ। ਸਲਾਹਕਾਰ ਦਾ ਚਿਹਰਾ ਗੁੱਸੇ ਨਾਲ ਲਾਲ ਬਿੰਬ ਸੀ। ਓਦੋਂ ਹੀ ਜੋਆਨਾ ਅਤੇ ਜੇਰੇਮੀ ਵੀ ਆ ਗਏ ਅਤੇ ਮੇਜ਼ ਦੁਆਲੇ ਬੈਠ ਗਏ। ਉਨ੍ਹਾਂ ਦੇ ਕੱਪੜੇ ਮਿੱਟੀ ਨਾਲ ਭਰੇ ਅਤੇ ਵੱਟੋ ਵੱਟ ਸਨ। ਜੋਆਨਾ ਦੇ ਸੁਨਹਿਰੇ ਵਾਲ ਗਾਰੇ ਅਤੇ ਮਿੱਟੀ ਨਾਲ ਲਿੰਬੇ ਹੋਏ ਸਨ।

''ਮਮ, ਮੇਰੇ ਬੱਚਾ ਹੋਣ ਵਾਲਾ ਹੈ,'' ਉਸ ਐਲਾਨਿਆ।

''ਠੀਕ ਹੈ, ਪਰ ਤੈਨੂੰ ਘਰ ਪਹੁੰਚਣ ਤੱਕ ਤਾਂ ਰੁਕਣਾ ਹੀ ਪਏਗਾ।''

ਆਪਣੇ ਘਰਵਾਲੇ ਤੋਂ ਉਨ੍ਹਾਂ ਨੂੰ ਫ਼ੌਰਨ ਹੌਸਲਾ ਮਿਲਿਆ। ''ਇਸਨੂੰ ਰੁਕਣਾ ਹੀ ਪੈਣਾ ਹੈ,'' ਉਨ੍ਹਾਂ ਕਿਹਾ। ''ਅਤੇ ਜੇ ਨਾਮਕਰਨ ਕਰਨਾ-ਕਰਾਉਣਾ ਹੈ ਅੱਜ ਰਾਤੀਂ, ਤਾਂ ਇਸ ਨੂੰ ਆਪੇ ਇੰਤਜ਼ਾਮ ਕਰਨਾ ਪਏਗਾ।''

ਅਲਬਰਟੋ ਨੇ ਗੰਭੀਰ ਹਾਵ ਭਾਵ ਵਾਲੇ ਚਿਹਰੇ ਨਾਲ ਸੋਫ਼ੀ ਵੱਲ ਤੱਕਿਆ।

''ਇਹੀ ਸਮਾਂ ਹੈ।''

''ਤੂੰ ਜਾਣ ਤੋਂ ਪਹਿਲਾਂ ਘੱਟੋਘੱਟ ਸਾਨੂੰ ਥੋੜ੍ਹੀ ਜਿਹੀ ਕੌਫ਼ੀ ਨਹੀਂ ਲਿਆ ਕੇ ਪਿਆ ਸਕਦੀ?'' ਉਸਦੀ ਮਾਂ ਨੇ ਪੁੱਛਿਆ।

''ਕਿਉਂ ਨਹੀਂ, ਮੌਮ। ਹੁਣੇ ਲਿਆਈ।'' ਸੋਫ਼ੀ ਨੇ ਮੇਜ਼ ਤੋਂ ਥਰਮੋਸ ਚੁੱਕੀ। ਉਸ ਨੂੰ ਹੋਰ ਕੌਫ਼ੀ ਬਨਾਉਣੀ ਪੈਣੀ ਸੀ।

ਸੋਫ਼ੀ ਦਾ ਸੰਸਾਰ

ਜਦੋਂ ਉਹ ਕੌਫ਼ੀ ਦੇ ਸਹੀ ਬਣ ਜਾਣ ਨੂੰ ਉਡੀਕਹੀ ਰਹੀ ਸੀ, ਉਸ ਪੰਛੀਆਂ ਅਤੇ ਗੋਲਡਫ਼ਿਸ਼ ਨੂੰ ਉਨ੍ਹਾਂ ਦਾ ਖਾਜਾ ਖੁਆਇਆ। ਗੋਵਿੰਦਾ ਲਈ ਹਰਾ ਪੱਤਾ ਰੱਖਣ ਬਾਥਰੂਮ ਵਿਚ ਵੀ ਗਈ। ਬਿੱਲੀ ਉਸ ਨੂੰ ਕਿਤੇ ਨਹੀਂ ਸੀ ਦਿਸ ਰਹੀ, ਪਰ ਉਸ ਬਿੱਲੀਆਂ ਦੇ ਖਾਜੇ ਦਾ ਇੱਕ ਵੱਡਾ ਸਾਰਾ ਕੈਨ ਖੋਲ੍ਹਿਆ, ਇਹ ਇੱਕ ਭਾਂਡੇ ਵਿਚ ਪਾ, ਪੌੜੀ ਉੱਤੇ ਧਰ ਦਿੱਤਾ। ਉਸ ਨੂੰ ਆਪਣੀਆਂ ਅੱਖਾਂ ਵਿਚ ਅੱਥਰੂ ਆਉਂਦੇ ਮਹਿਸੂਸ ਹੋਏ।

ਜਦੋਂ ਕੌਫ਼ੀ ਦੇ ਨਾਲ ਉਹ ਵਾਪਸ ਆਈ, ਬਗੀਚਾ ਕਿਸੇ ਅੱਲ੍ਹੜ ਦੇ ਫ਼ਲਸਫ਼ਾਨਾ ਜਸ਼ਨ ਨਾਲੋਂ ਬੱਚਿਆਂ ਦੀ ਪਾਰਟੀ ਵੱਧ ਲੱਗ ਰਿਹਾ ਸੀ। ਸੋਡੇ ਦੀਆਂ ਕਈ ਬੋਤਲਾਂ ਮੇਜ਼ 'ਤੇ ਡਿੱਗੀਆਂ ਪਈਆਂ ਸਨ, ਮੇਜ਼ਪੋਸ਼ ਉੱਤੇ ਸਾਰੇ ਬੰਨੇ ਚਾਕਲੇਟ ਕੇਕ ਲੱਗਾ ਹੋਇਆ ਸੀ ਅਤੇ ਲੱਾਅਨ ਵਿਚ ਕਿਸ਼ਮਿਸ਼ ਵਾਲੇ ਬੰਦਾਂ ਦਾ ਭਾਂਡਾ ਮੂਧਾ ਪਿਆ ਸੀ। ਸੋਫ਼ੀ ਦੇ ਪੁੱਜਦਿਆਂ ਹੀ, ਕਿਸੇ ਮੁੰਡੇ ਨੇ ਤਹਿਦਾਰ ਕੇਕ ਉੱਤੇ ਰੱਖ ਕੇ ਪਟਾਕਾ ਚਲਾ ਦਿੱਤਾ, ਜਿਹੜਾ ਫਟ ਕੇ ਮੇਜ਼ ਦੇ ਹਰ ਪਾਸੇ ਅਤੇ ਮਹਿਮਾਨਾਂ ਉੱਤੇ ਵੀ ਆ ਡਿੱਗਾ। ਸਭ ਤੋਂ ਮਾੜਾ ਹਾਲ ਤਾਂ ਸ੍ਰੀਮਤੀ ਇੰਗੇਬ੍ਰਿਗਸਟਨ ਦੇ ਲਾਲ ਪੈਂਟ-ਸੂਟ ਦਾ ਹੋਇਆ। ਅਜੀਬ ਗੱਲ ਇਹ ਸੀ ਕਿ ਉਨ੍ਹਾਂ ਅਤੇ ਹੋਰ ਸਭਨਾਂ ਵੀ ਇਸ ਚੀਜ਼ ਨੂੰ ਹੱਦੋਂ ਵੱਧ ਸਹਿਜ ਨਾਲ ਲਿਆ। ਜੋਆਨਾ ਨੇ ਚਾਕਲੇਟ ਕੇਕ ਦਾ ਇੱਕ ਵੱਡਾ ਸਾਰਾ ਟੁਕੜਾ ਚੁੱਕਿਆ, ਜੇਰੇਮੀ ਦੇ ਮੂੰਹ 'ਤੇ ਇਹ ਚੰਗੀ ਤਰ੍ਹਾਂ ਮਲ਼ ਦਿੱਤਾ, ਅਤੇ ਫੇਰ ਇਸਨੂੰ ਚੱਟ ਚੱਟ ਮੁੜ ਲਾਹੁਣ ਲੱਗੀ।

ਸੋਫ਼ੀ ਦੀ ਮਾਂ ਅਤੇ ਅਲਬਰਟੋ, ਹੋਰਾਂ ਨਾਲੋਂ ਥੋੜ੍ਹਾ ਪਰੇ, ਗਲਾਈਡਰ ਵਿਚ ਬੈਠੇ ਸਨ। ਉਨ੍ਹਾਂ ਸੋਫ਼ੀ ਵੱਲ ਆਪਣੇ ਹੱਥ ਹਿਲਾਏ।

''ਸੋ ਅਖੀਰ ਤੁਸੀਂ ਇੱਕ ਦੂਜੇ ਨਾਲ ਢਿੱਡ ਦੀ ਗੱਲ ਕਰ ਹੀ ਲਈ,'' ਸੋਫ਼ੀ ਨੇ ਕਿਹਾ।

''ਤੇ ਤੂੰ ਬਿਲਕੁਲ ਸਹੀ ਸੀ,'' ਉਸਦੀ ਮਾਂ ਨੇ ਕਿਹਾ, ਜੋ ਹੁਣ ਪੂਰੀ ਨਿਹਾਲ ਸੀ। ''ਅਲਬਰਟੋ ਬੜਾ ਹੀ ਪਰਉਪਕਾਰੀ ਸੱਜਣ ਹੈ। ਮੈਂ ਤੈਨੂੰ ਉਸਦੀਆਂ ਤਕੜੀਆਂ ਬਾਹਾਂ ਦੇ ਹਵਾਲੇ ਮਹਿਫ਼ੂਜ਼ ਕਰਦੀ ਹਾਂ।''

ਸੋਫ਼ੀ ਉਨ੍ਹਾਂ ਦੋਹਾਂ ਵਿਚਕਾਰ ਬੈਠ ਗਈ।

ਮੁੰਡਿਆਂ ਵਿਚੋਂ ਦੋ ਛੱਤ 'ਤੇ ਚੜ੍ਹਨ ਵਿਚ ਕਾਮਯਾਬ ਹੋ ਗਏ ਸਨ। ਕੁੜੀਆਂ ਵਿਚੋਂ ਇੱਕ ਵਾਲਾਂ ਵਾਲੀ ਸੂਈ ਨਾਲ ਸਾਰੇ ਭੁਕਾਨਿਆਂ ਵਿਚ ਮੋਰੀਆਂ ਕਰਦੀ ਫਿਰਦੀ ਸੀ। ਫੇਰ ਇੱਕ ਬਿਨ-ਬੁਲਾਇਆ ਮਹਿਮਾਨ ਮੋਟਰਸਾਈਕਲ 'ਤੇ ਆ ਬਹੁੜਿਆ, ਕੈਰੀਅਰ ਉੱਤੇ ਬੀਅਰ ਦਾ ਕਰੇਟ ਅਤੇ ਹਲਕੀ ਦੇਸੀ ਸ਼ਰਾਬ ਦੀਆਂ ਬੋਤਲਾਂ ਬੰਨ੍ਹੀ। ਕੁਝ ਮਦਦਗਾਰੀ ਆਤਮਾਵਾਂ ਉਸਨੂੰ ਜੀਅ ਆਇਆਂ ਆਖਦੀਆਂ ਅੰਦਰ ਲੈ ਆਈਆਂ।

ਇਸ 'ਤੇ, ਵਿੱਤੀ-ਮਾਲੀ ਸਲਾਹਕਾਰ ਮੇਜ਼ ਤੋਂ ਉੱਠ ਪਏ। ਉਨ੍ਹਾਂ ਤਾੜੀ ਮਾਰੀ ਅਤੇ ਕਿਹਾ: ''ਇੱਕ ਖੇਡ ਖੇਡੋਗੇ?''

ਉਨ੍ਹਾਂ ਇੱਕ ਬੀਅਰ ਦੀ ਬੋਤਲ ਚੁੱਕੀ, ਇਹ ਸਾਰੀ ਪੀ ਲਈ, ਅਤੇ ਖਾਲੀ ਬੋਤਲ ਲੱਾਅਨ ਦੇ ਐਨ ਵਿਚਕਾਰ ਰੱਖ ਦਿੱਤੀ। ਫੇਰ ਮੇਜ਼ ਵੱਲ ਗਏ ਅਤੇ ਜਨਮਦਿਨ ਵਾਲੇ ਕੇਕ ਦੇ ਅਖੀਰੀ ਪੰਜ ਗੋਲਧਾਰੇ ਚੁੱਕ ਲਿਆਂਦੇ। ਉਨ੍ਹਾਂ ਮਹਿਮਾਨਾਂ ਨੂੰ ਵਿਖਾਇਆ ਕਿ ਕਿਵੇਂ ਗੋਲਧਾਰਿਆਂ ਨੂੰ ਇਓਂ ਸੁੱਟਣਾ ਹੈ ਕਿ ਉਸ ਬੋਤਲ ਦੀ ਧੌਣ ਵਿਚ ਪੈ ਜਾਣ।''

''ਮੌਤ ਸਿਰ 'ਤੇ ਆ ਗਈ ਹੈ,'' ਅਲਬਰਟੋ ਨੇ ਕਿਹਾ। ''ਇਸ ਤੋਂ ਪਹਿਲਾਂ ਕਿ ਮੇਜਰ ਸਭ ਕੁਝ ਮੁਕਾਅ ਦੇਵੇ ਅਤੇ ਹਿਲਡੇ ਰਿੰਗ ਬਾਈਂਡਰ ਬੰਦ ਕਰ ਦੇਵੇ, ਸਾਨੂੰ ਨਿੱਕਲ ਜਾਣਾ ਚਾਹੀਦਾ ਹੈ।''

''ਮੌਮ, ਤੁਹਾਨੂੰ ਇਕੱਲਿਆਂ ਹੀ ਸਾਰਾ ਖਿਲਾਰਾ ਸਾਫ਼ ਕਰਨਾ ਪੈਣਾ ਹੈ।''

''ਕੋਈ ਨਹੀਂ, ਬੱਚੀਏ। ਇਹ ਕਿਹੜੀ ਜ਼ਿੰਦਗੀ ਸੀ ਤੇਰੇ ਲਈ। ਜੇ ਅਲਬਰਟੋ ਤੈਨੂੰ ਕੋਈ ਬਿਹਤਰ ਜ਼ਿੰਦਗੀ ਦੇ ਸਕਦਾ ਹੈ, ਮੇਰੇ ਨਾਲੋਂ ਖ਼ੁਸ਼ ਕੋਈ ਨਹੀਂ ਹੋਵੇਗਾ। ਤੂੰ ਮੈਨੂੰ ਦੱਸਿਆ ਸੀ ਨਾ ਕਿ ਉਸ ਕੋਲ ਇੱਕ ਚਿੱਟਾ ਘੋੜਾ ਹੈ?''

ਸੋਫ਼ੀ ਨੇ ਸਾਰੇ ਬਗੀਚੇ 'ਤੇ ਨਜ਼ਰ ਮਾਰੀ। ਇਹ ਪਛਾਣਿਆ ਨਹੀਂ ਸੀ ਜਾ ਰਿਹਾ। ਬੋਤਲਾਂ, ਚਿਕਨ ਦੀਆਂ ਹੱਡੀਆਂ, ਬੰਦ, ਅਤੇ ਭੁਕਾਨੇ ਘਾਅ ਵਿਚ ਮਿੱਧੇ ਪਏ ਸਨ।

''ਕਦੇ ਇਹ ਮੇਰਾ ਨਿੱਕਾ ਜਿਹਾ ਅਦਨ ਦਾ ਬਾਗ਼ ਹੁੰਦਾ ਸੀ,'' ਉਸ ਕਿਹਾ।

''ਅਤੇ ਹੁਣ ਤੈਨੂੰ ਇੱਥੋਂ ਕੱਢਿਆ ਜਾ ਰਿਹਾ ਹੈ,'' ਅਲਬਰਟੋ ਨੇ ਕਿਹਾ।

ਇੱਕ ਮੁੰਡਾ ਚਿੱਟੀ ਮਰਸੀਡੀਜ਼ ਵਿਚ ਚੜ੍ਹਿਆ ਬੈਠਾ ਸੀ। ਉਸ ਇੰਜਨ ਨੂੰ ਚਾਬੀ ਲਾਈ ਅਤੇ ਗੱਡੀ ਬਗੀਚੇ ਦੇ ਗੇਟ ਨੂੰ ਭੰਨਦੀ, ਬਜਰੀ ਵਾਲੇ ਰਾਹੋਂ, ਬਗੀਚੇ ਵਿਚ ਆ ਗਈ।

ਸੋਫ਼ੀ ਨੂੰ ਆਪਣੀ ਬਾਂਹ 'ਤੇ ਸਖਤ ਪਕੜ ਮਹਿਸੂਸ ਹੋਈ ਅਤੇਂ ਉਹ ਆਪਣੇ ਓਸੇ ਅੱਡੇ ਵਿਚ ਧ੍ਰੀਕੀ ਜਾ ਰਹੀ ਸੀ। ਫਿਰ ਉਸਨੂੰ ਅਲਬਰਟੋ ਦੀ ਅਵਾਜ਼ ਆਈ:

''ਹੁਣੇ!''

ਐਨ ਓਸੇ ਵੇਲੇ ਚਿੱਟੀ ਮਰਸੀਡੀਜ਼ ਇੱਕ ਸੇਬ ਦੇ ਰੁੱਖ ਵਿਚ ਜਾ ਵੱਜੀ। ਅਣਪੱਕੇ ਫਲ ਉਸਦੇ ਹੁੱਡ 'ਤੇ ਡਿੱਗ ਰਹੇ ਸਨ।

''ਇਹ ਤਾਂ ਹੱਦ ਹੀ ਹੋ ਗਈ ਹੈ!'' ਵਿੱਤੀ-ਮਾਲੀ ਸਲਾਹਕਾਰ ਚੀਕ ਕੇ ਬੋਲੇ। ''ਚੰਗੀ ਭਰਪਾਈ ਕਰਨੀ ਪਏਗੀ ਮੇਰੀ ਕਾਰ ਦੀ!''

ਉਨ੍ਹਾਂ ਦੀ ਘਰਵਾਲੀ ਨੇ ਉਨ੍ਹਾਂ ਨਾਲ ਪੂਰੀ ਹਾਮੀ ਭਰੀ।

''ਇਹ ਸਭ ਉਸ ਨਰਕੀ ਬਦਮਾਸ਼ ਦਾ ਕੀਤਾ ਕਰਾਇਆ ਹੈ! ਹੈ ਕਿੱਥੇ ਉਹ?''

''ਉਹ ਤਾਂ ਹਵਾ ਹੋ ਗਏ ਹਨ,'' ਹੈਲੇਨ ਏਮੰਡਸਨ ਨੇ ਕਿਹਾ, ਕੁਝ ਮਾਣ ਹੀ ਸੀ ਉਨ੍ਹਾਂ ਦੀ ਅਵਾਜ਼ ਵਿਚ।

ਉਨ੍ਹਾਂ ਆਪਣੇ ਆਪ ਨੂੰ ਪੂਰਾ ਸਿੱਧਾ ਕੀਤਾ, ਲੰਮੇ ਮੇਜ਼ ਵੱਲ ਤੁਰ ਕੇ ਗਏ ਅਤੇ ਫ਼ਲਸਫ਼ਾਨਾ ਪਾਰਟੀ ਦਾ ਪਾਇਆ ਖਿਲਾਰਾ ਸਾਂਭਣ ਲੱਗ ਪਏ।

''ਹੋਰ ਕੌਫ਼ੀ ਲੈਣੀ ਹੈ ਕਿਸੇ, ਬਈ?''

As Partition reshaped borders and triggered unprecedented migration, it erased the patronage that sustained classical music in Pakistan - Malini Nair

Hindustani music's decline in Pakistan began the day the nation was born

There was a time when Takia Meerasian, a Sufi shrine in Lahore's walled city, was the "hatchery" for Hindustani musicians, says the late Pakistani critic M Saeed Malik in his book The Musical Heritage of Pakistan. For here, in front of an unforgiving audience, was where you proved your mettle. Bade Ghulam Ali Khan, Amir Khan, Narayan Rao Vyas and just about every legend performed here and in other baithaks and takias of Lahore.

But many purges later – political, social and cultural – that legacy departed, leaving not just Takia Meerasian, but much of Lahore and Pakistan. Classical music, as we know it in India, as khayal, dhrupad and thumri, are now on the margins of the country's culturescape. Where you find some fine and delightful representation of it is in its popular music – in its ghazals, qawwalis and raga-rock.

Why the syncretic and shared classical music tradition exited Pakistan has been the subject of multiple inquiries, including the acclaimed 2007 documentary by filmmaker and author Yousuf Saeed, Khayal Darpan. Continuing this line of investigation is the work of Kabir Altaf, a young Pakistani American scholar. His book, A New Explanation for the Decline of Hindustani Music in Pakistan, based on his dissertation for a Master's degree, was published recently by Lahore's Aks Publications.

Altaf, a trained vocalist, argues that the commonly cited reason for the decline of classical music in Pakistan – that it was a casualty of the newly formed nation's search for a distinct cultural and religious identity – does not fully explain the shift.

"These reasons are valid but they offer only a partial explanation," he said. "For instance, why did classical forms like khayal, thumri and dhrupad face erasure, while the heavily classical ghazal and qawwali survive and thrive?" If the Islamic argument is valid, all these light forms should also have been impacted, as was the case in Afghanistan, he argues in his research.

Altaf believes that one crucial factor is often underemphasised in the analysis – the flight of the moneyed Hindu and Sikh elite during Partition. These were the business, landed and merchant families who had formed the core patronage base for classical music in Pakistan.

"Historically, classical music has been seen as high art," said Altaf. "You need to be acculturated to it. You often heard lay audiences complain that 'we fell asleep in the bada khayal but woke up for the sargam'. Or that an alap by Roshanara Begum was not 'catchy' enough. So when the elite of, say, Lahore left, an entire constituency for this music started dying."

This happened, he says in his research paper, not just in metros like Lahore and Karachi, but also in smaller trading and manufacturing towns like Shikarpur in Sindh, which famously hosted vocalist Mallikarjun Mansur twice.

Some of the most legendary names in Hindustani music, spanning across gharanas, moved to Pakistan after the Partition of India – including vocalists Amanat and Bade Fateh Ali Khan of the Patiala

gharana, Roshanara Begum of Kirana gharana, Hafeez Khan of the Talwandi dhrupad gharana, Nazakat and Salamat Ali Khan of the Sham Chaurasi gharana, masterly sarangiya Bundu Khan and vocalist Ghulam Hassan Shaggan of the Gwalior style. Farida Khanum, now known primarily as a ghazal singer, also came from the Patiala lineage.



Fateh Ali Khan and Amanat Ali Khan

Fateh Ali Khan and Amanat Ali Khan sing raga Khamaj.

But this post-Independence swell declined after the first 10-15 years, say old timers. The downturn could be seen across the field – in the number of renowned artistes emerging from the country, in the number of academies dedicated to teaching classical music and the students learning it, and in the air time it received. As part of this broader decline, Altaf also points to the "decimation" of Pakistan's once-thriving instrument-making industry.

Biggest casualties

Though he grew up in the United States, Altaf has clear memories of stories about his grandmother's cousin being taught by an ustad of the Agra gharana. The family was steeped in music. Later generations learned from Aqeel Ahmed Khan of the same tradition. Today, in their American home, every family member sings or plays an instrument.

But the very history that shaped Altaf's musical inheritance was also marked by rupture. Partition violently splintered the region, and among its many casualties were the syncretic cultural traditions that straddled both sides of the border. Gharanas and artistes whose lives and work had moved with ease through undivided Punjab were suddenly forced to choose sides.

In his essay Fled Is That Music, author and archivist Yousuf Saeed reflects on the deep roots of classical music in undivided Punjab, with Lahore as its cultural epicentre. The Mughal emperors had championed the high arts here from the 16th century onward, followed by the Sikh rulers from 1764, particularly under Maharaja Ranjit Singh's reign. Gharanas such as Patiala, Talwandi, Kapurthala, and Sham Chaurasi thrived in the region. The very first school of the Gandharva Mahavidyalaya chain was set up in Lahore under the guidance of Vishnu Digambar Paluskar – long before it spread across the rest of undivided India – helping cultivate an appreciative audience in the city.

"At Partition, about seven million Muslims from Indian provinces such as Uttar Pradesh, Bihar and Maharashtra, brought to Pakistan their local dialects, cultures and, of course, classical music practices – including those from established gharanas of north

Roshanara Begum

India," writes Saeed.

It was a time of painful churn. Some who migrated managed to make strong careers for themselves. Others like Bundu Khan found it hard to cope with the pain of displacement, while the great Bade Ghulam Ali Khan moved to Pakistan but returned to India, reportedly upset over poor remuneration.

For the classical musicians who did remain in Pakistan, the early years after Partition were not immediately harsh – the Islamisation crackdown under the Zia regime was still decades away, as were the wars that sharpened the cultural divide between India and Pakistan. Yet, even in those early years, there were visible signs of unease – questions were already being raised about whether music was inappropriate as per the tenets of Islam.

"The contested status of music in Muslim societies has led to a conflicted state of mind among some musicians," says Altaf in his dissertation. "While deeply devoted to their art, they sometimes feel that they are participating in an activity contrary to the teachings of their faith."

He recounts a story about music director Jhande Khan in an Urdu literary magazine. Khan taught sitar to his daughter but at times, overcome

by "religious fervour", he would unstring his instrument and renounce music – only to fall into depression and return to it, though never for long.

In Khayal Darpan, Lahore-based critic Sarwat Ali points out that classical music was among the biggest casualties of Pakistan's earliest identity building exercises centred on *the question – what makes us different from India? This question hit khayal and thumri the most because dhrupad, with its overarching Hindu themes, had already been pushed to the margins.*

Women musicians had it worse: they were forced to reinvent themselves as overtly pious and genteel just to be allowed to practice their art freely, as documented in scholar Fawzia Afzal-Khan's book Siren Song: Understanding Pakistan Through its Women Singers.

The situation turned surreal



Ustad Bundu Khan

soon. "In this process of the Islamization of culture, song compositions and raga names with references to Hindu deities were abandoned," writes Saeed. *"Nevertheless, some artistes continued to sing those ragas, but with altered names – Shiv Kalyan, for instance, became Shab Kalyan."*

Tarana, qawwali and ghazal remained largely untouched because they did not have overt Hindu associations, though qawwali and tarana both have deeply melded roots. Still, gharana musicians clung on to their arts in this phase.

Bundu Khan performs raga Bhairavi on the sarangi.

Altaf points to 1971 as the year when everything changed. The war acutely sharpened the anti-India sentiment and the fate of classical music took a sharp downward dive. Writes Altaf: "As a consequence, many musicians began actively encouraging their children to gravitate to acceptable genres like ghazal or pop music. Well-known classical musicians from East Punjab who settled in Sindh and Multan turned to folk genres such as the kafi and sought to meld diverse styles. A few prominent artists with a legacy reputation, like Ustads Salamat and Nazakat Ali Khan, were able to negotiate the stressful times and the absence of state support through occasional concert tours in the West."

The Zia regime drove the final nail into the coffin, curbing classical broadcasts, cracking down on the arts and stirring public hostility against them.

Crippled art

Altaf argues that these factors, critical as they were, could not have entirely crippled the art. He maintains that there was just not enough pushback against the rising tide of xenophobia. Pakistan's crackdown on music as an expression of Islamic hardline, he says, was never all-encompassing as Taliban's, which decimated all music in Afghanistan every time it won the country's reins.

A less explored facet of the bloody Partition exodus, he reasons, is that although a similar number of people crossed the border from each side, the economic profile of those leaving Pakistan was "assymetric". Those who moved to India were the well-heeled and elite Hindus and Sikhs, he says, citing data from Ilyas Chattha's 2011 book Partition and Locality: Violence, Migration and Development in Gujranwala and Sialkot. For instance, in pre-Partition Gujranwala, Hindus and Sikhs, though in smaller numbers, paid 90% of taxes and, in Sialkot, they ran most businesses, while Muslims mostly made up the working class.

Nazakat Ali Khan and Salamat Ali Khan sing raga Lalit.

This inequality of income and wealth was evident in much of Pakistan, affecting not only metropolitan centres like Lahore but also the

landholdings of smaller rural areas. When the Partition struck, and the violence began, along with the exodus of the affluent classes went the patronage for classical music.

"The cultural impact of the population transfer was exacerbated by the replacement of the elite of one religion by groups of a different religion that were predominantly from low-and middle-income backgrounds," writes Altaf.

The cities in Pakistan that did receive elite refugees from India – such as Lahore and Karachi – were the ones where classical music fought longer to remain relevant.

"Classical music withered away because there was really no one to put up their hand for it and because it was not nourished from below," Altaf writes.

Still, classical music did inform popular music in Pakistan in a big way. It shaped the distinctive style of ghazal singing popularised by Mehdi Hasan as well as the powerful performances of legendary qawwals like Nusrat Fateh Ali Khan. And while the taans and gamaks of fusion musicians – many of them scions of the ustads – are light on the ears, they did not let the whole legacy die.

Malini Nair
is a culture writer, senior editor based in New Delhi.
writermalini@gmail.com

Read & hear the music!
@https://scroll.in/topic/55248/music

Scroll.in

My DNA results came in.
Just as I suspected,
my great great grandfather
was a monarch butterfly.

Much of who I am is still
wriggling under a stone.

I am part larva, but
part hummingbird too.

There is dinosaur tar
in my bone marrow.

My golden hair
sprang out of a
meadow in Palestine.

Genghis Khan is my fourth cousin, but
I didn't get his dimples.

My loins are loaded with
banyan seeds from Sri Lanka, but I descended from Ravanna,
not Ram.

My uncle is a mastodon.
There are traces of white people in my saliva.

3.7 billion years ago
I swirled in hydrogen dust,
dreaming of a planet overgrown
with lingams and yonis.
More recently,
say 60,000 B.C.
I walked on hairy paws
across a land bridge
joining Sweden
to Botswana.

I am the bastard
of the sun and moon.
I can no longer hide
my heritage of
raindrops and
cougar scat*.

*mountain lion's fecus

My mud was moulded with
your grandmother's tears.
I was the brother
who marched you to the sea and sold you.

I was the merchant from Savannah
and the cargo of blackness.
I was the chain.

Admit it, you have wings,
vast and crystal,
like mine, like mine.
You have sweat, dark and salty,
like mine, like mine.

You have secrets silently
singing in your blood,
like mine, like mine.

Don't pretend that earth
is not one family.
Don't pretend we never hung
from the same branch.

Don't pretend we do not ripen
on each other's breath.

Don't pretend we didn't
come here to forgive.

Poem "Ancestry"
by Fred LaMotte
Tao and Zen , FB

DISOM FOUNDATION - Leadership School

A Movement to Nurture Ethical Servant Leadership

2025-2026 Batch Fellows (Introducing 2)

This is an institution that works without an institutional building of it's own. Batches of 15-month are taken on the basis of their commitment to their social community goals. Fellows are selected from across India, and are taken in a group to 15 day stays in various Indian states, for them to get a ground introduction by the state's intellectuals and practitioners- and a thorough grooming. Third batch is in progress. We wish to introduce some fellows from the present batch. They visited the historical village Preet Nagar, Punjab, for an unusual 31 day stay. The Fellows learn, discuss and evaluate each other- leading to their all round growth and rounded progress for a life in service of the people. -ED.

Name: Kashinath Muddagol

Contact Number: 9731123746 Hometown: Kalaburgi, Karnataka
Education: BA in Economics, Political Science, and Rural Development

Kashinath has actively participated in social struggles related to farmers' rights, women's rights, and issues faced by minorities. As a journalist with News First Kannada, he has written extensively on social concerns and used theatre as a medium for awareness and change. Kashinath joined DISOM to cultivate value-based leadership, engage in inner development, and work towards the upliftment of his community and region. He is undergoing a significant shift in his perspective, overcoming prejudice, embracing 360-degree thinking, and becoming more mindful of his emotional, physical, and mental state. His dream is to improve the educational status of Kalaburgi which is currently among the worst performing districts in Karnataka.

GROUP MEETING IN PREETNAGAR (AMRITSAR)

Name: Bungdon Thumpuntha

State: Chandel, Manipur Contact: 8729895109 Qualification: MBA

Carrying the lived experience of being Naga- a people whose history is marked by pain, resistance, and an enduring fight for dignity, Bungdon came to Disom with questions about belonging and identity. Over the past 3 months, he discovered that peace is not a distant dream but a courageous, healing path that begins with oneself. Disom taught him that peace is more than the absence of conflict, it is a responsibility, a practice rooted in voice, dialogue, and community. His dream is to become a peacebuilder and an ethical politician, leading with truth, purpose, and compassion. Sowing seeds of peace and trust, walking with his people, listening to their pain, and rebuilding from within, until peace becomes not an aspiration, but a way of life.

OUR BEST WISHES TO- DISOMFOUNDATION.ORG

Rediscover the pure, natural & nourishing taste of food made with unprocessed ingredients.

At **Back to Source**, we believe that
*"Our Food must be our Medicine,
and our Medicine must be our Food."*

In a world where the true taste of natural, wholesome food has been forgotten, we are dedicated to bringing back the purity and richness of unprocessed, preservative-free ingredients. Our mission is to help people rediscover the authentic flavors and nourishment that comes from real, thoughtfully prepared food.

We honour ancient traditions by using slow cooking methods in brass and copper utensils, ensuring that every dish is made with care and consciousness. Our ingredients, such as cold-pressed oils, raw sugar (desi khand), pure bilona cow ghee, non-GMO wheat flour, and single-source cow milk, are chosen for their health benefits. Cold-pressed oils support gut health, raw sugar is rich in antioxidants, and pure cow ghee provides essential nutrients for the body.

At **Back to Source**, we are committed to sustainability, rejecting the use of single-use plastics in our operations. We believe that convenience has come at a cost, and it's time to return to mindful, conscious eating that not only nourishes our bodies but also respects the environment.

Join us in experiencing food the way it was meant to be — pure, natural, and nourishing.

BACK TO SOURCE

café well-being

chhota BANARAS

BACK TO SOURCE
SCO 10-11-12, First Floor, Sector 17A, Chandigarh, 160017. India

0172 466 8444
https://back2source.in/
back_2_source